ਕੋਟਕਪੂਰਾ 18 ਅਕਤੂਬਰ। ਜ਼ਿਲ੍ਹਾ ਪੁਲਸ ਮੁਖੀ ਡਾ. ਪ੍ਰਗਿਆ ਜੈਨ ਆਈ.ਪੀ.ਐੱਸ ਵੱਲੋਂ ਨਸ਼ਿਆਂ ਖ਼?ਲਾਫ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ 'ਤੇ ਥਾਣਾ ਸਿਟੀ ਪੁਲਸ ਕੋਟਕਪੂਰਾ ਨੇ ਤਿੰਨ ਵਿਅਕਤੀ ਨੂੰ ਹੈਰੋਇਨ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਿਟੀ ਪੁਲਸ ਕੋਟਕਪੂਰਾ ਦੇ ਏ.ਐੱਸ.ਆਈ ਸਤੀਸ਼ ਕੁਮਾਰ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸਥਾਨਕ ਮੋਗਾ ਰੋਡ 'ਤੇ ਸੀ.ਐੱਨ.ਐੱਸ ਇਨਕਲੇਬ ਕੋਲ ਮੌਜੂਦ ਸਨ ਤਾਂ ਗਰੀਨ ਢਾਬੇ ਵਾਲੀ ਸਾਈਡ ਤੋਂ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਲੋਅਰ ਦੀ ਜੇਬ ਵਿਚੋਂ ਇਕ ਮੋਮੀ ਲਿਫਾਫਾ ਕੱਢ ਕੇ ਹੇਠਾਂ ਸੁੱਟ ਦਿੱਤਾ ਅਤੇ ਤੇਜ਼ੀ ਨਾਲ ਉਥੋਂ ਜਾਣ ਲੱਗਾ। ਇਸ ਦੌਰਾਨ ਸਹਾਇਕ ਥਾਣੇਦਾਰ ਸਤੀਸ਼ ਕੁਮਾਰ ਨੇ ਸ਼ੱਕ ਦੇ ਅਧਾਰ 'ਤੇ ਉਕਤ ਵਿਅਕਤੀ ਨੂੰ ਕਾਬੂ ਕਰਕੇ ਉਸ ਵੱਲੋਂ ਹੇਠਾਂ ਸੁੱਟੇ ਮੋਮੀ ਲਿਫਾਫੇ ਨੂੰ ਸੁੰਘ ਕੇ ਚੈੱਕ ਕੀਤਾ ਤਾਂ ਲਿਫਾਫੇ ਵਿਚੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਸਬੰਧ ਵਿਚ ਥਾਣਾ ਸਿਟੀ ਪੁਲਸ ਕੋਟਕਪੂਰਾ ਵਿਖੇ ਉਕਤ ਵਿਅਕਤੀ ਗੁਰਪ੍ਰੀਤ ਸਿੰਘ ਵਾਸੀ ਕੋਟਕਪੂਰਾ ਖ਼?ਲਾਫ ਐੱਨ.ਡੀ.ਪੀ.ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਗਈ। ਇਸੇ ਤਰ੍ਹਾਂ ਦਰਜ ਇਕ ਹੋਰ ਮਾਮਲੇ ਵਿਚ ਥਾਣਾ ਸਿਟੀ ਪੁਲਸ ਕੋਟਕਪੂਰਾ ਦੇ ਏ.ਐੱਸ.ਆਈ ਸੁਖਦੇਵ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸਥਾਨਕ ਬਾਹਮਣ ਵਾਲਾ ਰੋਡ 'ਤੇ ਸੂਏ ਦੇ ਪੁੱਲ ਕੋਲ ਮੌਜੂਦ ਸਨ ਤਾਂ ਸੂਏ ਨਾਲ ਬਣੀ ਨਵੀਂ ਰੋਡ 'ਤੇ ਪਿੰਡ ਕੋਠੇ ਵੜਿੰਗ ਵੱਲੋਂ ਦੋ ਨੌਜਵਾਨ ਮੋਟਰਸਾਈਕਲ 'ਤੇ ਆਉਂਦੇ ਦਿਖਾਈ ਦਿੱਤੇ ਜੋ ਪੁਲਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਪਿੱਛੇ ਨੂੰ ਮੋੜਨ ਲੱਗੇ ਤਾਂ ਮੋਟਰਸਾਈਕਲ ਸਲਿਪ ਕਰ ਗਿਆ ਅਤੇ ਉਨ੍ਹਾਂ ਵਿਚਾਲੇ ਪਏ ਲਿਫਾਫੇ ਵਿਚੋਂ ਗੋਲੀਆਂ ਦੇ ਪੱਤੇ ਖਿਲਰ ਗਏ। ਇਸ ਦੌਰਾਨ ਪੁਲਸ ਪਾਰਟੀ ਨੇ ਉਕਤ ਵਿਅਕਤੀਆਂ ਨੂੰ ਕਾਬੂ ਕਰਕੇ ਜਾਂਚ ਕੀਤੀ ਤਾਂ ਉਨ੍ਹਾਂ ਕੋਲੋਂ 200 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਸਬੰਧ ਵਿਚ ਥਾਣਾ ਸਿਟੀ ਪੁਲਸ ਕੋਟਕਪੂਰਾ ਵਿਖੇ ਉਕਤ ਵਿਅਕਤੀਆਂ ਸੁਖਜਿੰਦਰ ਸਿੰਘ ਵਾਸੀ ਬਾਹਮਣ ਵਾਲਾ ਅਤੇ ਚਮਕੌਰ ਸਿੰਘ ਵਾਸੀ ਕੋਟਕਪੂਰਾ ਖ਼?ਲਾਫ ਐੱਨ.ਡੀ.ਪੀ.ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਗਈ।

## ਵਿਅਕਤੀ ਨੇ ਔਰਤ 'ਤੇ ਕਰ'ਤਾ ਜਾਨਲੇਵਾ ਹਮਲਾ

ਜਗਰਾਓਂ 18 ਅਕਤੂਬਰ। ਬੀਤੇ ਦਿਨੀਂ ਸਰਕਾਰੀ ਸਕੂਲ ਦੇ ਨਜ਼ਦੀਕ ਵਾਲੀ ਗਲੀ ਵਿਚ ਇਕ ਔਰਤ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖਮੀ ਕਰਨ ਵਾਲੇ ਵਿਅਕਤੀ ਖਿਲਾਫ ਥਾਣਾ ਸਿਟੀ ਜਗਰਾਓਂ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਚੌਕੀ ਬੱਸ ਸਟੈਂਡ ਜਗਰਾਓਂ ਦੇ ਇੰਚਾਰਜ ਏ.ਐੱਸ.ਆਈ. ਸ਼ਮਿੰਦਰਜੀਤ ਸਿੰਘ ਨੇ ਦੱਸਿਆ ਕਿ ਮਨੋਰਮਾ ਪਤਨੀ ਕੇਵਲ ਪਾਸਵਾਨ ਵਾਸੀ ਜਗਰਾਓਂ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਨੇ ਐੱਮ.ਐੱਲ.ਆਰ. ਵੀ ਕਟਵਾਈ ਸੀ, ਜਿਸ ਦੇ ਆਧਾਰ 'ਤੇ ਉਸ 'ਤੇ ਜਾਨਲੇਵਾ ਹਮਲਾ ਕਰਨ ਵਾਲੇ ਵਿਅਕਤੀ ਮੁਹੰਮਦ ਸ਼ਹਾਦਤ ਹੁਸੈਨ ਪੁੱਤਰ ਨੂਰਹੱਕ ਵਾਸੀ ਜਲਾਲਪੁਰ ਜ਼ਿਲ੍ਹਾ ਕਿਸ਼ਨਗੰਜ ਬਿਹਾਰ ਹਾਲ ਵਾਸੀ ਜਗਰਾਓਂ ਵਲੋਂ ਉਸ ਨੂੰ ਘਰ ਅੰਦਰ ਦਾਖਲ ਹੋ ਕੇ ਗੰਭੀਰ ਜ਼ਖਮੀ ਕਰ ਦਿੱਤਾ ਗਿਆ ਸੀ।

## ਨਾਜਾਇਜ਼ ਕਬਜ਼ਿਆਂ ਨੂੰ ਲੈ ਕੇ ਮੰਡੀ ਗੋਬਿੰਦਗੜ੍ਹ ਨਗਰ ਕੌਂਸਲ ਸਖਤ, ਚਲਾਇਆ ਪੀਲਾ ਪੰਜਾ

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ 18 ਅਕਤੂਬਰ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਉਦਯੋਗਿਕ ਸ਼ਹਿਰ ਮੰਡੀ ਗੋਬਿੰਦਗੜ੍ਹ ਨਗਰ ਕੌਂਸਲ ਨਾਜਾਇਜ਼ ਕਬਜ਼ਿਆਂ ਨੂੰ ਲੈ ਕੇ ਕਾਫੀ ਸਖਤ ਨਜ਼ਰ ਆ ਰਹੀ ਹੈ, ਜਿੱਥੇ ਪਿਛਲੇ ਦਿਨੀਂ 3 ਮਾਰਚ ਨੂੰ ਨਗਰ ਕੌਂਸਲ ਵਲੋਂ ਸਥਾਨਕ ਲਾਲ ਬੱਤੀ ਚੌਕ ਵਿੱਚ ਪਿਛਲੇ ਲੰਬੇ ਸਮੇਂ ਤੋਂ ਚਲੀ ਆ ਰਹੀ ਮੀਟ ਮੱਛੀ ਮਾਰਕੀਟ 'ਤੇ ਕਰਵਾਈ ਕਰਦੇ ਹੋਏ ਇਸ ਨੂੰ ਹਟਾਇਆ ਗਿਆ ਸੀ ਹੈ, ਉਥੇ ਹੀ ਨਗਰ ਕੌਂਸਲ ਦੇ ਮੁਲਾਜ਼ਮਾਂ ਵੱਲੋਂ ਸਥਾਨਕ ਅੰਬੇਮਾਜਰਾ ਵਿਖੇ ਲਗੇ ਨਾਜਾਇਜ਼ ਕਬਜ਼ਿਆਂ ਅਤੇ ਨਾਜਾਇਜ਼ ਤੌਰ 'ਤੇ ਚਲ ਰਹੀ ਮੀਟ ਮਾਰਕੀਟ ਤੇ ਪੀਲਾ ਪੰਜਾ ਚਲਾ ਕੇ ਹਟਾਇਆ ਗਿਆ। ਇਸ ਦੌਰਾਨ ਸਥਾਨਕ ਲੋਕਾਂ ਨੇ ਨਗਰ ਕੌਂਸਲ ਦੀ ਇਸ ਕਰਵਾਈ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਨਾਜਾਇਜ਼ ਕਬਜਿਆਂ ਕਾਰਣ ਰਾਹਗੀਰਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਉਹ ਸਮੱਸਿਆ ਹੁਣ ਵੱਧਦੀ ਹੀ ਜਾ ਰਹੀ ਸੀ, ਅੱਜ ਨਗਰ ਕੌਂਸਲ ਵਲੋਂ ਕਰਵਾਈ ਕਰਦੇ ਹੋਏ ਇਹਨਾਂ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਗਿਆ ਹੈ। ਉਥੇ ਹੀ ਨਗਰ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਦਾ ਕਿਹਾ ਕਿ ਇਨ੍ਹਾਂ ਲੋਕਾਂ ਨੇ ਨਾਜਾਇਜ਼ ਕਬਜ਼ਿਆਂ ਕੀਤੇ ਹੋਏ ਸਨ। ਸਭ ਤੋਂ ਵੱਡੀ ਗੱਲ ਕਿ ਇਹ ਸਾਰੇ ਗੰਦਗੀ ਵਿੱਚ ਮੀਟ ਕੱਟ ਕੇ ਵੇਚਦੇ ਸਨ, ਜਿਸ ਕਾਰਨ ਇਥੋਂ ਰਾਹਗੀਰਾਂ ਦਾ ਲੰਘਣਾ ਵੀ ਔਖਾ ਹੋਇਆ ਪਿਆ ਸੀ। ਇਸ ਸਬੰਧੀ ਨਗਰ ਕੌਂਸਲ ਨੂੰ ਕਈ ਸ਼ਿਕਾਇਤਾਂ ਮਿਲ ਰਹੀਆਂ ਸਨ ਜਿਸ ਤੋਂ ਬਾਅਦ ਅੱਜ ਇਹ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਨਾਜਾਇਜ ਕਬਜ਼ਾਧਾਰੀਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸ਼ਹਿਰ 'ਚ ਕਿਸੇ ਵੀ ਤਰ੍ਹਾਂ ਦੇ ਨਾਜਾਇਜ਼ ਕਬਜ਼ਿਆਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ।



## ਲਾਪਤਾ ਹੋਟਲ ਕਰਮਚਾਰੀ ਦੀ ਲਾਸ਼ ਨਹਿਰ 'ਚੋਂ ਬਰਾਮਦ

ਅਬੋਹਰ 18 ਅਕਤੂਬਰ। ਕੁੱਝ ਦਿਨ ਪਹਿਲਾਂ ਲਾਪਤਾ ਹੋਏ ਇਕ ਹੋਟਲ ਮੁਲਾਜ਼ਮ ਦੀ ਲਾਸ਼ ਸ਼ਨੀਵਾਰ ਦੁਪਹਿਰ ਪਿੰਡ ਤੂਤਾਂ ਪੰਜਾਬਾ ਨਹਿਰ ਵਿਚੋਂ ਬਰਾਮਦ ਹੋਈ। ਸੂਚਨਾ ਮਿਲਦੇ ਹੀ ਨਰ ਸੇਵਾ ਨਾਰਾਇਣ ਸੇਵਾ ਸਮਿਤੀ ਦੇ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਖੁਈਆਂ ਸਰਵਰ ਥਾਣੇ ਦੀ ਪੁਲਸ ਹਾਜ਼ਰੀ 'ਚ ਲਾਸ਼ ਨੂੰ ਬਾਹਰ ਕੱਢਿਆ, ਜਿਸ ਨੂੰ ਹਸਪਤਾਲ ਦੇ ਮੁਰਦਾਘਰ 'ਚ ਰੱਖਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਇਕ ਬੱਚੇ ਦਾ ਪਿਤਾ ਸੀ, ਜੋ ਲੱਗਭਗ 2 ਸਾਲ ਦਾ ਹੈ। ਜਾਣਕਾਰੀ ਅਨੁਸਾਰ ਪਿੰਡ ਪੰਜਕੋਸੀ ਦੇ ਵਸਨੀਕ ਪੂਰਨ ਰਾਮ ਦਾ ਪੁੱਤਰ 30 ਸਾਲਾ ਮੁਕੇਸ਼ ਅਬੋਹਰ ਦੇ ਇਕ ਹੋਟਲ 'ਚ ਕੰਮ ਕਰਦਾ ਸੀ ਅਤੇ ਆਪਣੀ ਪਤਨੀ ਅਤੇ ਬੱਚੇ ਨਾਲ ਸਥਾਨਕ ਸੁੰਦਰ ਨਗਰੀ ਗਲੀ ਨੰਬਰ 12 'ਚ ਰਹਿੰਦਾ ਸੀ। 3 ਮਾਰਚ ਨੂੰ ਅਣਜਾਣ ਕਾਰਨਾਂ ਕਰ ਕੇ ਮੁਕੇਸ਼ ਅਚਾਨਕ ਆਪਣਾ ਮੋਟਰਸਾਈਕਲ ਲੈ ਕੇ ਘਰੋਂ ਨਿਕਲ ਗਿਆ। ਜਦੋਂ ਉਹ ਦੇਰ ਸ਼ਾਮ ਤੱਕ ਘਰ ਨਹੀਂ ਪਰਤਿਆ ਤਾਂ ਉਸਦੇ ਪਰਿਵਾਰ ਵਾਲਿਆਂ ਨੇ ਉਸਦੀ ਭਾਲ ਸ਼ੁਰੂ ਕਰ ਦਿੱਤੀ। ਅਗਲੀ ਸਵੇਰ ਉਸਦਾ ਮੋਟਰਸਾਈਕਲ ਖੂਈਖੇੜਾ ਨਹਿਰ ਦੇ ਕੰਢੇ ਖੜ੍ਹਾ ਮਿਲਿਆ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਉਸ ਨੂੰ ਨਹਿਰ ਵਿਚੋਂ ਲੱਭ ਰਹੇ ਸਨ ਅਤੇ ਉਸਦੀ ਲਾਸ਼ ਨਹਿਰ ਵਿਚੋਂ ਬਰਾਮਦ ਹੋਈ। ਸੂਚਨਾ ਮਿਲਦੇ ਹੀ ਨਰ ਸੇਵਾ ਸੰਮਤੀ ਦੇ ਬਿੱਟੂ ਨਰੂਲਾ ਅਤੇ ਸੋਨੂੰ ਗਰੋਵਰ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਬਾਹਰ ਕੱਢਿਆ ਜਿੱਥੇ ਪਰਿਵਾਰਕ ਮੈਂਬਰਾਂ ਨੇ ਵੀ ਇਸਦੀ ਪਛਾਣ ਕੀਤੀ।

## ਕੁੜੀ ਦੀ ਬਹਾਦਰੀ ਨੂੰ ਤੁਸੀਂ ਵੀ ਕਰੋਗੇ ਸਲਾਮ, ਹਥਿਆਰਬੰਦ ਬਦਮਾਸ਼ਾਂ ਨੂੰ ਇੰਝ ਦੌੜਾਇਆ

ਫਰੀਦਾਬਾਦ 18 ਅਕਤੂਬਰ। ਕਹਿੰਦੇ ਨੇ ਹੌਂਸਲੇ ਬੁਲੰਦ ਹੋਣ ਤਾਂ ਕੋਈ ਵੀ ਮੁਸ਼ਕਲ ਹਾਲਾਤ ਹੋਣ, ਉਨ੍ਹਾਂ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਅਜਿਹਾ ਹੀ ਹੌਂਸਲਾ ਫਰੀਦਾਬਾਦ ਦੇ ©9" ਖੇਤਰ ਦੀ 8 ਸਾਲ ਦੀ ਬੱਚੀ ਕ੍ਰਿਤਿਕਾ ਨੇ ਕਰ ਵਿਖਾਇਆ ਹੈ, ਜਿਸ ਨੇ ਆਪਣੀ ਸੂਝ-ਬੂਝ ਨਾਲ ਹਥਿਆਰਬੰਦ ਬਦਮਾਸ਼ਾਂ ਨੂੰ ਦੌੜਨ 'ਤੇ ਮਜ਼ਬੂਰ ਕਰ ਦਿੱਤਾ। ਜਾਣਕਾਰੀ ਮੁਤਾਬਕ 8 ਸਾਲਾ ਕ੍ਰਿਤਿਕਾ ਵੀਰਵਾਰ ਸ਼ਾਮ ਨੂੰ ਸੋਹਾਣਾ ਰੋਡ 'ਤੇ ਸਥਿਤ ਰਵੀ ਭਾਟੀ ਹਾਰਡਵੇਅਰ ਦੀ ਦੁਕਾਨ ਦੇ ਕਾਊਂਟਰ 'ਤੇ ਬੈਠੀ ਸਕੂਲ ਦਾ ਕੰਮ ਕਰ ਰਹੀ ਸੀ। ਇਸ ਦੌਰਾਨ ਤਿੰਨ ਬਦਮਾਸ਼ ਬਾਈਕ 'ਤੇ ਸਵਾਰ ਹੋ ਕੇ ਦੁਕਾਨ 'ਤੇ ਪਹੁੰਚੇ। ਉਨ੍ਹਾਂ ਨੇ ਆਪਣਾ ਮੂੰਹ ਕੱਪੜੇ ਨਾਲ ਢੱਕਿਆ ਹੋਇਆ ਸੀ ਅਤੇ ਹੈਲਮੇਟ ਪਹਿਨਿਆ ਹੋਇਆ ਸੀ। ਇਕ ਬਦਮਾਸ਼ ਨੇ ਪਿਸਤੌਲ ਵਰਗਾ ਹਥਿਆਰ ਕੱਢ ਲਿਆ ਅਤੇ ਕੁੜੀ ਨੂੰ ਡਰਾ ਧਮਕਾ ਕੇ ਕਾਊਂਟਰ 'ਚ ਰੱਖੇ ਪੈਸੇ ਦੇਣ ਲਈ ਕਿਹਾ। ਇਸ ਮਾਹੌਲ 'ਚ ਵੀ ਕ੍ਰਿਤਿਕਾ ਨੇ ਹਿੰਮਤ ਨਹੀਂ ਹਾਰੀ ਅਤੇ ਬਿਨਾਂ ਕਿਸੇ ਡਰ ਦੇ ਆਪਣੀ ਕੁਰਸੀ ਨੇੜੇ ਲੱਗੀ ਘੰਟੀ ਵਜਾਈ। ਜਿਵੇਂ ਹੀ ਉੱਪਰ ਮੌਜੂਦ ਪਰਿਵਾਰਕ ਮੈਂਬਰਾਂ ਨੂੰ ਘੰਟੀ ਦੀ ਆਵਾਜ਼ ਸੁਣੀ ਤਾਂ ਉਹ ਤੁਰੰਤ ਦੁਕਾਨ 'ਤੇ ਪਹੁੰਚ ਗਏ। ਪਰਿਵਾਰਕ ਮੈਂਬਰਾਂ ਨੂੰ ਆਉਂਦੇ ਦੇਖ ਬਦਮਾਸ਼ ਤੁਰੰਤ ਬਾਈਕ 'ਤੇ ਸਵਾਰ ਹੋ ਕੇ ਫਰਾਰ ਹੋ ਗਏ। ਕੁੜੀ ਦੇ ਪਿਤਾ ਰਵੀ ਭਾਟੀ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਦੇ ਅੰਦਰ ਅਤੇ ਬਾਹਰ ਸੀ. ਸੀ. ਟੀ. ਵੀ. ਕੈਮਰੇ ਲੱਗੇ ਹੋਏ ਹਨ, ਜਿਨ੍ਹਾਂ ਵਿਚ ਸਾਰੀ ਘਟਨਾ ਕੈਦ ਹੋ ਗਈ ਹੈ। ਫੁਟੇਜ 'ਚ ਕੁੜੀ ਨੂੰ ਕਾਊਂਟਰ 'ਤੇ ਬੈਠਾ ਦੇਖਿਆ ਜਾ ਸਕਦਾ ਹੈ, ਜਦਕਿ ਬਦਮਾਸ਼ ਉਸ ਨੂੰ ਧਮਕੀਆਂ ਦਿੰਦੇ ਨਜ਼ਰ ਆ ਰਹੇ ਹਨ। ਇਨ੍ਹਾਂ 'ਚੋਂ ਇਕ ਬਦਮਾਸ਼ ਬਾਈਕ ਸਟਾਰਟ ਕਰਨ ਤੋਂ ਬਾਅਦ ਤਿਆਰ ਖੜ੍ਹਾ ਸੀ, ਜਦਕਿ ਬਾਕੀ ਦੋ ਕਾਊਂਟਰ ਕੋਲ ਖੜ੍ਹੇ ਸਨ। ਇਸ ਘਟਨਾ ਨੂੰ ਲੈ ਕੇ ਪਰਿਵਾਰ ਨੇ ਪੁਲਸ ਕੋਲ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ। ਹਾਲਾਂਕਿ ਇਲਾਕੇ 'ਚ ਇਸ ਘਟਨਾ ਦੀ ਕਾਫੀ ਚਰਚਾ ਹੈ ਅਤੇ ਲੋਕ ਕੁੜੀ ਦੇ ਹੌਂਸਲੇ ਦੀ ਸ਼ਲਾਘਾ ਕਰ ਰਹੇ ਹਨ। ਕ੍ਰਿਤਿਕਾ ਦੀ ਇਸ ਸਿਆਣਪ ਅਤੇ ਬਹਾਦਰੀ ਨੇ ਸਾਬਤ ਕਰ ਦਿੱਤਾ ਕਿ ਸੰਕਟ ਦੀ ਘੜੀ ਵਿਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਸਿਆਣਪ ਅਤੇ ਹਿੰਮਤ ਨਾਲ ਕੀਤਾ ਜਾ ਸਕਦਾ ਹੈ। ਸਥਾਨਕ ਲੋਕ ਅਤੇ ਦੁਕਾਨਦਾਰ ਬੱਚੀ ਦੀ ਤਾਰੀਫ ਕਰ ਰਹੇ ਹਨ।




# ਕੋਹੜ ਕਿਰਲਾ (ਗਿਰਗਿਟ)

**ਪੁਸ਼ਪਿੰਦਰ ਜੈਰੂਪ**

ਜਦੋਂ ਬੱਚੇ ਛੋਟੇ ਹੁੰਦੇ ਸੀ ਤਾਂ ਅਸੀਂ ਆਂਡੀ-ਗੁਆਂਢੀ ਵਿਹੜੇ ਦੀ ਕੰਧ, ਜੋ ਮਸਾਂ 4 ਕੁ ਫੁੱਟ ਦੀ ਸੀ, ਦੇ ਉੱਤੋਂ ਦੀ ਹੀ ਲੈਣ-ਦੇਣ ਕਰਦੇ ਅਤੇ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ। ਕਈ ਵਾਰ ਜੇ ਮੌਸਮ ਸੁਹਾਵਣਾ ਹੁੰਦਾ ਜਾਂ ਛੁੱਟੀ ਦਾ ਦਿਨ ਹੁੰਦਾ ਤਾਂ ਹਾਲ-ਚਾਲ ਪੁੱਛਣ ਦਾ ਸਿਲਸਲਾ ਕਾਫ਼ੀ ਲੰਮੇ ਸਮੇਂ ਤਕ ਚਲਦਾ ਰਹਿੰਦਾ। ਇਸੇ ਤਰ੍ਹਾਂ ਇੱਕ ਵਾਰ ਮੀਂਹ ਤੋਂ ਅਗਲੇ ਦਿਨ ਮੈਂ ਤੇ ਮੇਰੀ ਗੁਆਂਢਣ ਪੰਮੀ, ਇੱਕ ਦੂਜੇ ਨਾਲ ਯੱਕੜ ਮਾਰ ਰਹੀਆਂ ਸੀ। ਸਾਡੇ ਬੱਚੇ ਘਰਾਂ ਦੇ ਸਾਹਮਣੇ ਸੜਕ ਤੋਂ ਪਾਸੇ ਖੇਡ ਰਹੇ ਸਨ। ਸੜਕ ਦੇ ਪਾਸਿਆਂ ਉੱਤੇ ਕਿਤੇ-ਕਿਤੇ ਮੀਂਹ ਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਛੱਪੜੀਆਂ ਬਣੀਆਂ ਹੋਈਆਂ ਸਨ। ਸਾਡੇ ਨੇੜੇ ਹੀ ਇੱਕ ਛੱਪੜੀ ਵਿੱਚ ਇੱਕ ਵੱਡਾ ਸਾਰਾ ਭਮੱਕੜ ਕਿਤੋਂ ਆ ਕੇ ਡਿੱਗ ਪਿਆ ਅਤੇ ਉਹ ਫੜਫੜਾਉਂਣ ਲੱਗ ਪਿਆ। ਐਨੇ ਨੂੰ ਅਚਾਨਕ ਪਤਾ ਨਹੀਂ ਕਿੱਥੋਂ ਸੜਕ ਦੇ ਪਾਸਿਆਂ ਉੱਤੇ ਪਏ ਪੱਤਿਆਂ ਵਿੱਚੋਂ ਕਿਸੇ ਚੀਜ਼ ਦੇ ਦੌੜਨ ਨਾਲ ਖੜ੍ਹ-ਖੜ੍ਹ ਹੋਈ। ਸਭ ਦਾ ਧਿਆਨ ਓਧਰ ਨੂੰ ਖਿੱਚਿਆ ਗਿਆ ਤੇ ਦੇਖਿਆ ਕਿ ਕੋਈ ਇੱਕ ਫੁੱਟ ਤੋਂ ਲੰਮਾ ਕਿਰਲਾ ਦੁੜੰਗੇ ਮਾਰਦਾ ਉਸ ਛੱਪੜੀ ਵੱਲ ਨੂੰ ਗਿਆ; ਉਸ ਨੇ ਛੇਤੀ ਨਾਲ ਉਸ ਭਮੱਕੜ ਨੂੰ ਆਪਣੇ ਮੂੰਹ ਵਿੱਚ ਫੜ੍ਹਿਆ ਅਤੇ ਮੁੜ ਓਵੇਂ ਹੀ ਦੁੜੰਗੇ ਮਾਰਦਾ ਉਹ ਵਾਪਸ ਕੰਧ ਉੱਤੇ ਚੜ੍ਹ ਗਿਆ।

ਕੰਧ ਉੱਤੇ ਚੜਦੇ ਸਾਰ ਉਸ ਨੇ ਬਿਨ੍ਹਾਂ ਚੱਬੇ, ਇੱਕੋ ਵਾਰ ਵਿੱਚ ਸਬੂਤੇ ਦਾ ਸਬੂਤਾ ਭਮੱਕੜ ਅੰਦਰ ਲੰਘਾ ਲਿਆ। ਇਹ ਸਾਰਾ ਕੰਮ ਬਸ ਉਸ ਨੇ ਕੁਝ ਸਕਿੰਟਾਂ ਵਿੱਚ ਹੀ ਕਰ ਲਿਆ। ਬੱਚੇ ਵੀ ਆਪਣੀ ਖੇਡ ਛੱਡ ਕੇ ਉਸ ਕਿਰਲੇ ਨੂੰ ਦੇਖ ਰਹੇ ਸਨ। ਉਨ੍ਹਾਂ ਵਿੱਚੋਂ ਰਾਜੂ ਕਹਿੰਦਾ, "ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸੀ ਕਿ ਜੇ ਇਹ 'ਕਿਰਲਾ' ਕਿਸੇ ਉੱਤੇ ਆਪਣਾ ਥੁੱਕ ਸੁੱਟ ਦੇਵੇ ਤਾਂ ਉਸ ਨੂੰ ਕੋਹੜ ਹੋ ਜਾਂਦਾ ਹੈ, ਇਸੇ ਲਈ ਇਸ ਕਿਰਲੇ ਨੂੰ 'ਕੋਹੜ ਕਿਰਲਾ' ਕਹਿੰਦੇ ਹਨ। ਸਾਰੇ ਬੱਚੇ ਰਾਜੂ ਦੀ ਗੱਲ ਸੁਣ ਕੇ ਡਰ ਕੇ ਪਿੱਛੇ ਨੂੰ ਹੋ ਗਏ। ਉਨ੍ਹਾਂ ਵਿੱਚੋਂ ਛੋਟੀ ਬੱਚੀ ਕਹਿੰਦੀ, "ਵੀਰ, ਇਹ ਕਿੰਨਾ ਡਰਾਉਣਾ ਹੈ, ਜੇ ਕਿਤੇ ਇਹ ਥੋੜ੍ਹਾ ਹੋਰ ਵੱਡਾ ਹੁੰਦਾ ਤਾਂ ਪੂਰਾ ਡਿਸਕਵਰੀ ਚੈਨਲ ਵਾਲਾ ਡਾਇਨਾਸੋਰ ਲੱਗਣਾ ਸੀ ਅਤੇ ਮੇਰੇ ਵਰਗੀ ਨੂੰ ਤਾਂ ਇਸ ਨੇ ਸਬੂਤਾ ਹੀ ਅੰਦਰ ਲੰਘਾ ਜਾਣਾ ਸੀ।

ਮੈਂ ਅਤੇ ਪੰਮੀ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸੀ ਅਤੇ ਮੈਂ ਵਿੱਚੋਂ ਦੀ ਬੋਲੇ ਬਿਨਾਂ ਨਾ ਰਹਿ ਸਕੀ। ਮੈਂ ਕਿਹਾ, "ਬੇਟਾ, ਤੁਸੀਂ ਇਹ ਗੱਲ ਬਿਲਕੁਲ ਠੀਕ ਕਹੀ ਹੈ ਕਿਉਂਕਿ ਇਹ ਕੋਹੜ ਕਿਰਲਾ ਸੱਚ-ਮੁੱਚ ਹੀ ਡਾਇਨਾਸੋਰਾਂ ਦਾ ਬਹੁਤ ਨੇੜੇ ਦਾ ਰਿਸ਼ਤੇਦਾਰ ਹੁੰਦਾ ਹੈ। ਕਿਰਲੇ, ਸੱਪ, ਕਿਰਲੀਆਂ, ਕੱਛੂਪਾਥੀਆਂ, ਮਗਰਮੱਛ, ਡਾਇਨਾਸੋਰ ਆਦਿ ਦੇ ਸਾਂਝੇ ਸੰਗਠਨ ਨੂੰ 'ਰੈਪਟਿਲਿਆ' ਕਹਿੰਦੇ ਹਨ। ਸਾਰੇ ਬੱਚੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ ਅਤੇ ਪੱਪੂ



ਕਹਿੰਦਾ, "ਆਂਟੀ ਜੀ, ਕੀ ਸੱਚ-ਮੁੱਚ ਇਸ ਕਿਰਲਾ ਦੇ ਥੁੱਕ ਸੁੱਟਣ ਨਾਲ ਕੋਹੜ ਹੋ ਜਾਂਦਾ ਹੈ ? "ਕੁਝ ਦਿਨ ਹੋਏ ਮੈਂ ਇੱਕ ਇਸੇ ਤਰ੍ਹਾਂ ਦਾ ਕਿਰਲਾ ਕੰਧ ਉੱਤੇ ਬੈਠਾ ਹੋਇਆ ਦੇਖਿਆ ਸੀ ਪਰ ਉਸ ਦਾ ਸਿਰ ਅਤੇ ਅੱਧਾ ਧੜ ਸੰਤਰੀ ਭੈ ਵਾਲੇ ਲਾਲ ਰੰਗ ਦਾ ਸੀ। ਉਹ ਕਦੇ ਆਪਣਾ ਮੂੰਹ ਖੋਲ੍ਹਦਾ ਸੀ ਅਤੇ ਕਦੇ ਬੰਦ ਕਰਦਾ ਸੀ ਅਤੇ ਇਸ ਦੇ ਨਾਲ ਉਹ ਆਪਣੇ ਸਿਰ ਨੂੰ ਹੇਠਾਂ-ਉੱਪਰ ਵੀ ਕਰੀ ਜਾ ਰਿਹਾ ਸੀ। ਆਂਟੀ ਜੀ, ਕੀ ਉਹ ਕੋਈ ਹੋਰ ਕਿਰਲਾ ਸੀ ? ਮੇਰਾ ਦੋਸਤ ਤਾਂ ਉਸ ਨੂੰ 'ਗਿਰਗਟ' ਕਹਿੰਦਾ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਨੇੜੇ ਬੁਲਾ ਲਿਆ ਅਤੇ ਅਸੀਂ ਘਰ ਦੇ ਲਾਅਨ ਵਿੱਚ ਬੈਠ ਗਏ। ਮੈਂ ਦੱਸਣਾ ਸ਼ੁਰੂ ਕੀਤਾ ਕਿ ਸਭ ਤੋਂ ਪਹਿਲੀ ਗੱਲ ਇਹ ਕਿਰਲਾ ਕਿਸੇ ਉੱਤੇ ਥੁੱਕ ਨਹੀਂ ਸੁਟੱਦਾ। ਇਸ ਲਈ ਕਿਸੇ ਕਿਸਮ ਦਾ ਕੋਹੜ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਦੂਜਾ ਇਹ ਤਾਂ ਖ਼ੁਦ ਇਨਸਾਨਾਂ ਤੋਂ ਬਹੁਤ ਡਰਦਾ ਹੈ। ਇਹ ਤਾਂ ਸਿਰਫ਼ ਦਿਨ ਵੇਲੇ ਕੀੜੇ-ਮਕੌੜਿਆਂ ਦੇ ਹੀ ਪਿੱਛੇ ਦੌੜ-ਦੌੜ ਕੇ ਉਨ੍ਹਾਂ ਨੂੰ ਫੜ ਕੇ ਖਾਂਦਾ ਹੈ।

ਜਿਸ ਵੇਲੇ ਇਨ੍ਹਾਂ ਨੇ ਕਿਸੇ ਉੱਤੇ ਰੋਹਬ ਪਾਉਣਾ ਹੁੰਦਾ ਹੈ ਜਾਂ ਡਰਾਉਣਾ ਹੁੰਦਾ ਹੈ ਜਾਂ ਆਪਣੀਆਂ ਮਾਦਾਵਾਂ ਨੂੰ ਲੁਭਾਉਣਾ ਹੁੰਦਾ ਹੈ ਤਾਂ ਇਹ ਕਿਸੇ ਉੱਚੀ ਥਾਂ ਜਿਵੇਂ ਕੰਧ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਜਾਂਦੇ ਹਨ ਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਅਕੜਾ ਕੇ ਸਿੱਧਾ ਕਰ ਲੈਂਦੇ ਹਨ ਅਤੇ ਆਪਣੇ ਸਿਰ ਨੂੰ ਵੀ ਪੂਰਾ ਉੱਚਾ ਚੁੱਕ ਲੈਂਦੇ ਹਨ। ਇਹ ਆਪਣੇ ਸਿਰ ਦੇ ਰੰਗ ਨੂੰ ਸੰਤਰੀ-ਲਾਲ, ਜਿਸ ਉੱਤੇ ਕਈ ਵਾਰ ਗੂੜ੍ਹੇ ਕਾਲੇ ਧੱਬੇ ਹੁੰਦੇ ਹਨ, ਕਰ ਲੈਂਦੇ ਹਨ। ਇਹ ਲਾਲ ਰੰਗ ਬਹੁਤੀ ਵਾਰ ਅਗਲੇ ਅੱਧੇ ਧੜ੍ਹ ਦਾ ਵੀ ਹੋ ਜਾਂਦਾ ਹੈ। ਫੇਰ ਇਹ ਮੂੰਹ ਖੋਲ੍ਹਣ ਅਤੇ ਬੰਦ ਕਰਨ ਅਤੇ ਸਿਰ ਨੂੰ ਉਪਰ-ਥੱਲੇ ਕਰਨ ਲੱਗ ਪੈਂਦੇ ਹਨ। ਇਸੇ ਕਰਕੇ ਕਈ ਥਾਵਾਂ ਉੱਤੇ ਇਨ੍ਹਾਂ ਦੇ ਲਾਲ ਰੰਗ ਤੋਂ ਡਰ ਕੇ ਲੋਕੀਂ ਇਨ੍ਹਾਂ ਨੂੰ 'ਬਲੱਡ ਸੱਕਰ' ਵੀ ਕਹਿੰਦੇ ਹਨ। ਇਨ੍ਹਾਂ ਦੀ ਰੰਗ ਬਦਲਣ ਦੀ ਆਦਤ ਕਰਕੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਚੇਂਜਏਬਲ ਲਿਜ਼ਰਡ' ਅਤੇ ਪੰਜਾਬੀ ਵਿੱਚ 'ਗਿਰਗਟ' ਕਹਿੰਦੇ ਹਨ। ਜਿਹੜਾ ਕਿਰਲਾ ਤੁਸੀਂ ਦੇਖਿਆ ਹੈ ਉਸ ਦਾ ਤਕਨੀਕੀ ਨਾਂ 'ਕੈਲੋਟਿਸ ਵਰਸੀਕਲਰ' ਹੈ। ਇਨ੍ਹਾਂ ਦੀਆਂ 300 ਜਾਤੀਆਂ ਦੇ ਪਰਿਵਾਰ ਨੂੰ 'ਐਗਾਮਿਡੇਈ' ਕਹਿੰਦੇ ਹਨ। ਇਨ੍ਹਾਂ ਦੇ ਅਤੇ ਹੋਰ ਘਰਾਂ ਵਿੱਚ ਮਿਲਣ ਵਾਲੀਆਂ ਕਿਰਲੀਆਂ ਦੇ ਸਾਂਝੇ ਸਮੂਹ ਨੂੰ 'ਸਕੁਐਮੈਟਾ' ਕਹਿੰਦੇ ਹਨ।

ਬੇਟਾ, ਇਹ ਹਰ ਵੇਲੇ ਚੁਕੰਨੇ ਰਹਿਣ ਵਾਲੇ ਕਿਰਲੇ ਏਸ਼ਿਆਈ ਦੇਸ਼ਾਂ ਜਿਵੇਂ, ਦੱਖਣੀ ਚੀਨ, ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਮਲੇਸ਼ੀਆ, ਸ਼੍ਰੀ ਲੰਕਾ ਅਤੇ ਮੌਰੀਸ਼ੀਅਸ ਵਿੱਚ ਆਮ ਮਿਲਦੇ ਹਨ ਪਰ ਆਵਾਜਾਈ ਸਾਧਨਾਂ ਦੇ ਵਧਣ ਨਾਲ ਹੌਲੀ-ਹੌਲੀ ਇਹ ਨਾਲ ਲੱਗਦੇ ਦੂਜੇ ਦੇਸ਼ਾਂ ਵਿੱਚ ਵਸ ਗਏ ਹਨ ਅਤੇ ਇਨ੍ਹਾਂ ਨੇ ਇਨਸਾਨਾਂ ਦੇ ਨੇੜੇ ਰਹਿਣਾ ਵੀ ਸਿਖ ਲਿਆ ਹੈ।

ਇਨ੍ਹਾਂ ਨੂੰ ਜ਼ਮੀਨ ਉੱਤੇ ਘੱਟ ਪਰ ਝਾੜੀਆਂ, ਦਰੱਖਤਾਂ, ਬਨੇਰਿਆਂ ਅਤੇ ਵਾੜਾਂ ਉੱਤੇ ਆਪਣੇ ਸ਼ਿਕਾਰ ਦੀ ਘਾਤ ਲਾ ਕੇ ਉਡੀਕ ਜਾਂ ਫਿਰ ਰੋਹਬ ਪਾਉਣ ਅਤੇ ਆਪਣਾ ਰਕਬਾ ਉਲੀਕਣ ਦੇ ਚੱਕਰ ਵਿੱਚ ਇਕੱਲੇ-ਇਕੱਲੇ ਹੀ ਬੈਠੇ ਦੇਖਿਆ ਜਾ ਸਕਦਾ ਹੈ। ਰਾਤ ਵੇਲੇ ਇਹ 3 ਤੋਂ 30 ਫੁੱਟ ਦੀ ਉਚਾਈ ਉੱਤੇ ਲੱਗੀਆਂ ਟਾਹਣੀਆਂ ਉੱਤੇ ਸੌਂਦੇ ਹਨ। ਮੀਂਹ ਪੈਣ ਦੇ ਮਗਰੋਂ ਇਹ ਅਕਸਰ ਜ਼ਮੀਨ ਉੱਤੇ ਕੀੜੇ, ਭਮੱਕੜ ਫੜਨ ਲਈ ਉੱਤਰਦੇ ਰਹਿੰਦੇ ਹਨ।

ਆਮ ਤੌਰ 'ਤੇ ਇਹ ਕਿਰਲੇ ਭੂਰੇ, ਸਲੇਟੀ ਜਾਂ ਹਰੇ ਰੰਗ ਦੀ ਭਾ ਵਾਲੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਸਰੀਰ 40 ਤੋਂ 45 ਸੈਂਟੀਮੀਟਰ ਦੀ ਲੰਬਾਈ ਦਾ ਹੁੰਦਾ ਹੈ ਜਿਹੜਾ ਬੈਠਵੇਂ-ਰੁਖ਼ ਚਪਟਾ ਨਹੀਂ ਸਗੋਂ ਖੜ੍ਹਵੇਂ-ਰੁਖ਼ ਚਪਟਾ ਹੁੰਦਾ ਹੈ। ਸਿਰ ਵੱਡਾ ਅਤੇ ਮੂੰਹ ਵੱਡੀ ਸਾਰੀ ਵਾਕ ਵਾਲਾ ਹੁੰਦੀ ਹੈ। ਮੂੰਹ ਦੇ ਵਿੱਚ ਜਬਾੜ੍ਹੇ ਉੱਤੇ ਇੱਕ ਕਤਾਰ ਵਿੱਚ ਅੰਦਰ ਨੂੰ ਮੁੜੇ ਹੋਏ ਨਿੱਕੇ ਨਿੱਕੇ ਦੰਦ ਹੁੰਦੇ ਹਨ, ਜਿਹੜੇ ਪਕੜੇ ਹੋਏ ਸ਼ਿਕਾਰ ਨੂੰ ਚਬਾਉਣ ਲਈ ਨਹੀਂ ਸਗੋਂ ਮੂੰਹ ਵਿੱਚੋਂ ਬਾਹਰ ਨਿਕਲਣ ਵੇਲੇ ਰੋਕਣ ਦਾ ਕੰਮ ਕਰਦੇ ਹਨ। ਇਹ ਆਪਣੀਆਂ ਦੋਨਾਂ ਅੱਖਾਂ ਨੂੰ ਵੱਖ-ਵੱਖ ਪਾਸਿਆਂ ਨੂੰ ਘੁਮਾ ਕੇ ਇੱਕੋ ਵੇਲੇ ਚਾਰੋਂ ਪਾਸੇ ਬਿਨਾਂ ਸਿਰ ਹਿਲਾਏ ਦੇਖ ਲੈਂਦੇ ਹਨ। ਅੱਖਾਂ ਦੇ ਨੇੜੇ ਅੰਡਾਕਾਰ ਕੰਨ ਦੇ ਪਰਦੇ ਬੜੀ ਆਸਾਨੀ ਨਾਲ ਦਿਖ ਜਾਂਦੇ ਹਨ, ਜਿਨ੍ਹਾਂ ਦੇ ਪਾਸਿਆਂ ਉੱਤੇ ਸਖ਼ਤ ਕੰਢਿਆਂ ਵਰਗੇ ਛੋਟੇ-ਛੋਟੇ ਉਭਾਰਾਂ ਦੇ ਗੁੱਛੇ ਲੱਗੇ ਹੁੰਦੇ ਹਨ। ਇਨ੍ਹਾਂ ਕਿਰਲਿਆਂ ਦੇ ਸਿਰ ਦੇ ਵਿਚਕਾਰੋਂ ਸ਼ੁਰੂ ਹੋ ਕੇ ਇੱਕ ਸਖ਼ਤ ਕੰਢਿਆਂ ਜਿਹਿਆਂ ਦੀ ਲਾਈਨ ਪੂਛ ਦੇ ਸ਼ੁਰੂ ਹੋਣ ਤਕ ਜਾਂਦੀ ਹੈ। ਜਿਸ ਵੇਲੇ ਇਹ ਗੁੱਸੇ ਵਿੱਚ ਹੁੰਦੇ ਹਨ ਤਾਂ ਇਹ ਆਪਣੇ ਇਨ੍ਹਾਂ ਕੰਢਿਆਂ ਨੂੰ ਖੜ੍ਹਾ ਵੀ ਕਰ ਲੈਂਦੇ ਹਨ ਅਤੇ ਆਪਣੀਆਂ ਗੱਲ੍ਹਾਂ ਵੀ ਫੁਲਾ ਲੈਂਦੇ ਹਨ। ਉਸ ਵੇਲੇ ਇਹ ਸੱਚ-ਮੁੱਚ ਹੀ ਬੜੇ ਡਰਾਉਣੇ ਲੱਗਦੇ ਹਨ। ਇਸੇ ਲਈ ਕਈ ਥਾਵਾਂ ਉੱਤੇ ਇਨ੍ਹਾਂ ਨੂੰ 'ਕਰੈਸਟਿਡ ਲਿਜ਼ਰਡ' ਵੀ ਕਹਿੰਦੇ ਹਨ।ਬੱਚਿਓ, ਇਨ੍ਹਾਂ 'ਕੋਹੜ ਕਿਰਲਿਆਂ' ਜਾਂ 'ਗਿਰਗਟਾਂ' ਦੇ ਸਰੀਰ ਉੱਤੇ ਵੀ ਸੱਪ ਵਾਂਗ ਚਮੜੀ ਦੀਆਂ ਪਰਤਾਂ ਬਣੀਆਂ ਹੁੰਦੀਆਂ ਹਨ। ਪਿੱਠ ਵਾਲੇ ਪਾਸੇ ਇਹ ਵੱਖਰੇ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ ਪਰ ਢਿੱਡ ਵਾਲੇ ਪਾਸੇ ਇਨ੍ਹਾਂ ਦਾ ਰੰਗ ਚਿੱਟਾ ਜਾਂ ਫਿੱਕਾ ਪੀਲਾ ਹੁੰਦਾ ਹੈ। ਪਰ ਇਹ ਸੱਪਾਂ ਵਾਂਗ ਇੱਕੋ ਵਾਰ ਵਿੱਚ ਹੀ ਪੂਰੀ ਦੀ ਪੂਰੀ ਕੁੰਜ ਨਹੀਂ ਲਾਹੁੰਦੇ ਸਗੋਂ ਕਿਰਲੀਆਂ ਦੀ ਤਰ੍ਹਾਂ ਆਪਣੀ ਚਮੜੀ ਨੂੰ ਟੋਟਿਆਂ ਵਿੱਚ ਬਦਲਦੇ ਰਹਿੰਦੇ ਹਨ।

ਇਨ੍ਹਾਂ ਦੇ ਧੜ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿਨ੍ਹਾਂ ਅੱਗੇ, ਲੰਮੀਆਂ-ਲੰਮੀਆਂ ਪੰਜ-ਪੰਜ ਉਂਗਲਾਂ ਵਾਲੇ ਪੈਰ ਹੁੰਦੇ ਹਨ। ਇਹ ਕਿਰਲੇ ਜ਼ਮੀਨ ਉੱਤੇ ਰੇਂਗਦੇ ਨਹੀਂ ਸਗੋਂ ਆਪਣੀਆਂ ਲੱਤਾਂ ਨਾਲ ਸਰੀਰ ਨੂੰ ਜ਼ਮੀਨ ਤੋਂ ਉੱਚਾ ਚੁੱਕ ਲੈਂਦੇ ਹਨ ਅਤੇ ਫੇਰ ਬਹੁਤ ਤੇਜ਼ ਭੱਜ ਲੈਂਦੇ ਹਨ। ਇਨ੍ਹਾਂ ਦੀ ਪੂਛ ਬਾਕੀ ਦੇ ਸਰੀਰ ਤੋਂ ਦੁੱਗਣੀ ਲੰਮੀ, ਕਿਸੇ ਸਖ਼ਤ ਝਾੜੂ ਦੇ ਤੀਲ੍ਹੇ ਵਾਂਗ ਸਿੱਧੀ, ਬਰੀਕ ਅਤੇ ਸਖ਼ਤ ਹੁੰਦੀ ਹੈ।

ਆਮ ਘਰਾਂ ਵਿੱਚ ਰਹਿਣ ਵਾਲੀਆਂ ਕਿਰਲੀਆਂ ਵਾਂਗ ਇਹ ਆਪਣੀ ਪੂਛ ਨੂੰ ਲੋੜ ਪੈਣ ਉੱਤੇ ਤੋੜ ਕੇ ਨਹੀਂ ਸੁੱਟ ਸਕਦੇ। ਇਨ੍ਹਾਂ 'ਕੋਹੜ ਕਿਰਲਿਆਂ' ਦੇ ਸਰੀਰ ਦਾ ਤਾਪਮਾਨ ਬਾਹਰਲੀ ਆਬੋ-ਹਵਾ ਦੇ ਤਾਪਮਾਨ ਦੇ ਨਾਲ-ਨਾਲ ਵਧਦਾ-ਘਟਦਾ ਰਹਿੰਦਾ ਹੈ। ਇਸ ਲਈ ਇਨ੍ਹਾਂ ਦੀ ਗਿਣਤੀ 'ਕੋਲਡ ਬਲੱਡਡ' ਜੀਵਾਂ ਵਿੱਚ ਹੁੰਦੀ ਹੈ। ਲੋੜ ਪੈਣ ਉੱਤੇ ਧੁੱਪ ਸੇਕ ਕੇ ਅਤੇ ਸੂਰਜ ਦੀ ਉਰਜਾ ਦਾ ਫਾਇਦਾ ਉਠਾ ਕੇ ਇਹ ਆਪਣੇ ਸਰੀਰ ਦਾ ਤਾਪਮਾਨ ਵਧਾ ਲੈਂਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਸਰਦੀਆਂ ਵਿੱਚ ਦੁਪਹਿਰੇ ਅਤੇ ਗਰਮੀਆਂ ਵਿੱਚ ਸਵੇਰੇ ਕੰਧਾਂ ਜਾਂ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਬੈਠ ਕੇ ਧੁੱਪ ਸੇਕਦਿਆਂ ਅਕਸਰ ਦੇਖਿਆ ਜਾਂਦਾ ਹੈ।

ਬੇਟਾ, ਇਨ੍ਹਾਂ ਦੇ ਅੰਡਿਆਂ ਦੇ ਬਾਹਰ ਆਮ ਆਂਡਿਆਂ ਵਾਂਗ ਪੱਥਰ ਵਾਲਾ ਸਖ਼ਤ ਕਵਚ ਨਹੀਂ ਹੁੰਦਾ ਸਗੋਂ ਇੱਕ ਮੋਟੀ ਅਤੇ ਸਖ਼ਤ ਚਮੜੇ ਵਰਗੀ ਝਿੱਲੀ ਹੁੰਦੀ ਹੈ। ਅੰਡਿਆਂ ਵਿੱਚੋਂ ਸੂਰਜ ਦੀ ਗਰਮੀ ਨਾਲ ਹੀ ਅੱਠ ਤੋਂ ਨੌਂ ਹਫ਼ਤਿਆਂ ਵਿੱਚ ਬੱਚੇ ਬਣ ਜਾਂਦੇ ਹਨ ਅਤੇ ਝਿੱਲੀ ਨੂੰ ਪਾੜ ਕੇ ਆਪਣੇ ਆਪ ਮਿੱਟੀ ਵਿੱਚੋਂ ਬਾਹਰ ਨਿਕਲ ਆਉਂਦੇ ਹਨ। ਬੱਚਿਆਂ ਦੀ ਦਿੱਖ ਆਪਣੇ ਮਾਂ-ਬਾਪ ਵਾਲੀ ਹੀ ਹੁੰਦੀ ਹੈ ਅਤੇ ਉਹ ਕੋਈ ਇੱਕ ਸਾਲ ਵਿੱਚ ਪ੍ਰੌੜ੍ਹ ਬਣ ਜਾਂਦੇ ਹਨ।

ਬੱਚਿਓ, ਭਾਵੇਂ ਇਨ੍ਹਾਂ 'ਗਿਰਗਿਟਾਂ' ਦੀ ਦਿੱਖ ਬਹੁਤ ਭਿਆਨਕ ਹੈ ਪਰ ਇਹ ਇਨਸਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਬਲਕਿ ਬਾਗਾਂ ਬਗੀਚਿਆਂ ਵਿੱਚੋਂ ਕੀੜੇ-ਮਕੌੜੇ ਖਾਂਦੇ ਹਨ ਅਤੇ ਆਪ ਕਈ ਕਿਸਮ ਦੇ ਜੀਵਾਂ ਦਾ ਭੋਜਨ ਬਣਦੇ ਹਨ। ਵੱਡਾ ਬੇਟਾ ਕਹਿੰਦਾ, ਮਾਂ ਫੇਰ ਸਿਰਫ਼ ਇਨ੍ਹਾਂ ਦੀ ਭਿਆਨਕ ਸੂਰਤ ਨੂੰ ਹੀ ਇਨ੍ਹਾਂ ਨੂੰ ਮਾਰਨ ਦੀ ਵਜ੍ਹਾ ਬਣਾਉਣਾ ਬਿਲਕੁਲ ਜਾਇਜ਼ ਨਹੀਂ ਹੈ।

# ਕਹਾਣੀ ਕਿਰਾਏਦਾਰ

**-ਡਾ. ਪ੍ਰਦੀਪ ਕੌੜਾ**

ਇੱਕ ਵਾਰ ਫਿਰ ਘਰ ਖਾਲੀ-ਖਾਲੀ ਹੋ ਗਿਆ ਸੀ, ਜਿਵੇਂ ਇਸ ਘਰ ਵਿੱਚ ਕਦੇ ਕੋਈ ਵੱਸਦਾ ਹੀ ਨਹੀਂ ਸੀ। ਵੱਡਾ ਪੜ੍ਹ-ਲਿਖ ਕੇ ਜਦੋਂ ਕੈਨੇਡਾ ਸੈਟਲ ਹੋ ਗਿਆ ਤਾਂ ਇਹ ਤਸੱਲੀ ਸੀ ਕਿ ਕੋਈ ਗੱਲ ਨਹੀਂ, ਛੋਟਾ ਤਾਂ ਸਾਡੇ ਕੋਲ ਹੀ ਹੈ। ਪੈਸਾ ਕਮਾਉਣ ਦੀ ਲਾਲਸਾ ਵਿੱਚ ਛੋਟੇ ਦੇ ਵੀ ਵਿਦੇਸ਼ ਚਲੇ ਜਾਣ ਵਾਲੇ ਦਿਨ ਤੋਂ ਹੀ ਸਾਰਾ ਘਰ ਭਾਂਅ-ਭਾਂਅ ਕਰਨ ਲੱਗਾ ਸੀ। ਉਂਜ ਜਾਣ ਲੱਗੇ ਛੋਟਾ ਅਤੇ ਉਸ ਦੀ ਵਹੁਟੀ ਵਾਰ-ਵਾਰ ਉਨ੍ਹਾਂ ਨੂੰ ਬੱਚਿਆਂ ਵਾਂਗ ਸਮਝਾਕੇ ਗਏ ਸਨ, "ਦੇਖਣਾ ਭਾਪਾ ਜੀ ! ਐਂਵੇ ਯਕੀਨ ਕਰਕੇ ਕਿਸੇ ਐਰੇ-ਗੈਰੇ ਨੂੰ ਚਾਰ ਪੈਸਿਆਂ ਦੇ ਲਾਲਚ ਵਿੱਚ ਕਿਰਾਏ 'ਤੇ ਨਾ ਬਿਠਾ ਲੈਣਾ। ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਮੈਨੂੰ ਲਿਖਣਾ ਮੈਂ ਭੇਜਦਾ ਰਹਾਂਗਾ। ਅੱਜ-ਕੱਲ੍ਹ ਕਿਸੇ ਦਾ ਉੱਕਾ ਵਿਸ਼ਵਾਸ ਨਹੀਂ। ਪਹਿਲਾਂ ਚੰਗੇ ਬਣ ਕੇ ਮਕਾਨ ਮਾਲਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਨੇ ਅਤੇ ਬਾਅਦ ਵਿੱਚ ਨਿੱਤ ਅਖ਼ਬਾਰਾਂ ਵਿੱਚ ਪੜ੍ਹੀਦਾ ਕਿ ਕਿਰਾਏਦਾਰ ਰਾਤ ਨੂੰ ਮਕਾਨ ਮਾਲਕ ਦਾ ਕਤਲ ਕਰਕੇ ਘਰ ਦਾ ਸਾਰਾ ਕੁਝ ਲੁੱਟ ਕੇ ਫਰਾਰ ਹੋ ਗਿਆ।"

"ਵੈਸੇ ਤਾਂ ਥੋਨੂੰ ਤੁਹਾਡੀ ਪੈਨਸ਼ਨ ਹੀ ਨਹੀਂ ਮੁੱਕਿਆ ਕਰਨੀ। ਦੋ ਜੀਆਂ ਨੂੰ ਸੱਤ ਹਜ਼ਾਰ ਕਿਤੇ ਥੋੜ੍ਹਾ ਹੁੰਦੈ ?" ਜਿਹੜੀ ਗੱਲ ਛੋਟਾ ਮੂੰਹ ਪਾੜ ਕੇ ਕਹਿ ਨਹੀਂ ਸੀ ਸਕਦਾ ਉਹ ਉਸ ਦੀ ਵਹੁਟੀ ਨੇ ਸਹਿਜੇ ਹੀ ਆਖ ਦਿੱਤੀ ਸੀ।

ਪੰਜ-ਸੱਤ ਦਿਨ ਤਾਂ ਬਾਹਰ ਜਾ ਕੇ ਪੁੱਤ ਨੇ ਫੋਨ ਕਰ ਕੇ ਹਾਲ-ਚਾਲ ਜ਼ਰੂਰ ਪੁੱਛਿਆ। ਪੈਸੇ ਤਾਂ ਕੀ ਭੇਜਣੇ ਸਨ ਫਿਰ ਤਾਂ ਟਾਈਮ ਨਾ ਮਿਲਣ ਬਹਾਨੇ ਕਈ-ਕਈ ਹਫ਼ਤੇ ਅਤੇ ਮਹੀਨੇ ਲੰਘਣ ਲੱਗ ਪਏ ਸਨ। ਗਾਹੇ-ਬਗਾਹੇ ਕਈ ਲੋਕ ਕਿਰਾਏ ਲਈ ਘਰ ਪੁੱਛਣ ਆਉਂਦੇ ਤਾਂ ਨੂੰਹ ਪੁੱਤ ਦੀਆਂ ਹਦਾਇਤਾਂ ਨੂੰ ਯਾਦ ਕਰ ਕੇ ਬਜ਼ੁਰਗ ਪਤੀ-ਪਤਨੀ ਨਾਂਹ ਕਰ ਦਿੰਦੇ। ਪਰ ਜੋ ਅੱਜ ਕਿਰਾਏ ਲਈ ਪੁੱਛਣ ਆਇਆ ਸੀ ਉਸ ਨੂੰ ਦੇਵ ਢਿੱਲੋਂ ਦੇ ਲੰਗੋਟੀਏ ਯਾਰ ਵੇਦ ਸ਼ਰਮਾ ਨੇ ਭੇਜਿਆ ਸੀ। ਇਸ ਕਰਕੇ ਇਕਦਮ ਮਨ੍ਹਾਂ ਵੀ ਤਾਂ ਨਹੀਂ ਕੀਤਾ ਜਾ ਸਕਦਾ ਸੀ।

ਫਿਰ ਜਿਉਣ ਲਈ ਕੋਈ ਸਹਾਰਾ ਵੀ ਤਾਂ ਚਾਹੀਦਾ ਹੈ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਦੇਵ ਢਿੱਲੋਂ ਨੇ ਫ਼ੈਸਲਾ ਕੀਤਾ ਕਿ ਇੱਕ ਵਾਰ 'ਹਾਂ' ਕਰ ਦਿੰਦੇ ਹਾਂ। ਮਹੀਨੇ-ਦੋ ਮਹੀਨਿਆਂ ਬਾਅਦ ਕਿਸੇ ਬਹਾਨੇ ਉਠਾ ਦੇਵਾਂਗੇ। ਪਰ ਫਿਰ ਵੀ ਨੂੰਹ-ਪੁੱਤ ਦੀ ਸਲਾਹ ਧਿਆਨ ਵਿੱਚ ਰੱਖ ਕੇ ਕਿਰਾਏ 'ਤੇ ਥੱਲੜਾ ਪੋਰਸ਼ਨ ਹੀ ਦਿੱਤਾ ਗਿਆ। ਬਜ਼ੁਰਗ ਢਿੱਲੋਂ ਜੋੜਾ ਆਪ ਉਪਰਲੇ ਪੋਰਸ਼ਨ ਵਿੱਚ ਹੀ ਰਿਹਾ ਤਾਂ ਜੋ ਸਾਰੇ ਘਰ ਦੀ ਨਿਗਰਾਨੀ ਰਹਿ ਸਕੇ।

ਨਵਾਂ ਕਿਰਾਏਦਾਰ ਜਸਵੀਰ, ਉਸ ਦੀ ਘਰਵਾਲੀ ਅਤੇ ਇੱਕ ਬੱਚਾ। ਜਿਵੇਂ ਛੋਟਾ ਜਿਹਾ ਪਰਿਵਾਰ ਉਵੇਂ ਹੀ ਬਹੁਤ ਥੋੜ੍ਹੀਆਂ ਚੀਜ਼ਾਂ, ਇੱਕ ਡਬਲਬੈੱਡ, ਦੋ ਕੁਰਸੀਆਂ ਇੱਕ ਮੇਜ਼, ਇੱਕ ਅਲਮਾਰੀ, ਰਸੋਈ ਗੈਸ ਅਤੇ ਚਾਰ ਭਾਂਡੇ। ਰਾਤੀਂ ਦੋਵੇਂ ਜੀਅ ਉੱਪਰ ਆਏ। ਪੈਰੀਂ ਹੱਥ ਲਾ ਕੇ ਕਹਿਣ ਲੱਗੇ, "ਮਾਂ ਜੀ ! ਸ਼ਹਿਰ ਆਪਣਾ ਘਰ ਸੀ, ਕਦੇ ਕਿਰਾਏ 'ਤੇ ਰਹੇ ਨਹੀਂ। ਇਸ ਕਰਕੇ ਜੇ ਕਿਤੇ ਕੋਈ ਗ਼ਲ਼ਤੀ ਹੋ ਜੇ



"ਜੀ ਮੈਂ ਕਹਿੰਦੀ ਸੀ, ਹੁਣ ਤਾਂ ਛੇ ਮਹੀਨੇ ਬੀਤ ਗਏ। ਨਾਲੇ ਇਹ ਤਾਂ ਆਪਣੇ ਨਾਲ ਬਹੁਤੇ ਹੀ ਘੁਲਦੇ ਮਿਲਦੇ ਜਾਂਦੇ ਨੇ, ਕਿਸੇ ਦਾ ਕੀ ਭਰੋਸਾ ਕਿਤੇ ਛੋਟੇ ਵਾਲੀ ਗੱਲ ਵੀ ਨਾ ਆਪਣੇ ਨਾਲ ਹੋ ਜੇ। ਮੇਰੀ ਮੰਨੋ ਤਾਂ ਇਨ੍ਹਾਂ ਨੂੰ ਉਠਾ ਹੀ ਦਿਓ।" ਸ੍ਰੀਮਤੀ ਢਿੱਲੋਂ ਨੇ ਵਸੀ-ਵਸਾਈ ਦੁਨੀਆਂ ਇੱਕ ਵਾਰ ਫਿਰ ਉੱਜੜ ਜਾਣ ਦੇ ਡਰ ਨੂੰ ਮਨ ਵਿੱਚ ਦੱਬ ਕੇ ਹੌਸਲੇ ਜਿਹੇ ਨਾਲ ਆਪਣੇ ਪਤੀ ਨੂੰ ਕਹਿ ਹੀ ਦਿੱਤਾ। ਕਾਫ਼ੀ ਦੇਰ ਤੱਕ ਜਦੋਂ ਦੇਵ ਦਾ ਜੁਆਬ ਨਾ ਆਇਆ ਤਾਂ ਸ੍ਰੀਮਤੀ ਢਿੱਲੋਂ ਨੇ ਕਾਹਲੀ-ਕਾਹਲੀ ਸਾਰੀ ਗੱਲ ਫਿਰ ਇਉਂ ਦੁਹਰਾ ਦਿੱਤੀ ਜਿਵੇਂ ਉਸ ਨੂੰ ਡਰ ਹੋਵੇ ਕਿ ਇਸ ਤੋਂ ਬਾਅਦ ਉਸ ਤੋਂ ਇਹ ਸਾਰੀ ਗੱਲ ਕਹਿ ਹੋਣ ਤੋਂ ਪਹਿਲਾਂ ਉਸ ਦੇ ਨੈਣ ਛਲਕ ਜਾਣਗੇ ਅਤੇ ਮੋਹ-ਮਾਇਆ ਦੇ ਭਾਰ ਥੱਲੇ ਜ਼ੁਬਾਨ ਦੀ ਹਰਕਤ ਬੰਦ ਹੋ ਜਾਵੇਗੀ। ਪਰ ਹੁਣ ਵੀ ਕੋਈ ਜੁਆਬ ਨਾ ਮਿਲਿਆ। ਹੜਬੜਾ ਕੇ ਸ੍ਰੀਮਤੀ ਢਿੱਲੋਂ ਨੇ ਬੱਤੀ ਜਗਾਈ, ਹੱਥ ਥਾਏਂ ਰੁਕ ਗਏ। ਪਤੀ ਦੀ ਹਾਲਤ ਦੇਖ ਕੇ ਸਰੀਰ ਕੰਬ ਗਿਆ, ਇੱਕੋ ਸਾਹੇ ਚੀਕਾਂ ਮਾਰਦੀ ਸ੍ਰੀਮਤੀ ਢਿੱਲੋਂ ਥਾਏਂ ਸੁੰਨ ਹੋ ਗਈ।

ਚੀਕਾਂ ਸੁਣ ਕੇ ਦਗੜ-ਦਗੜ ਕਰਦੇ ਦੋਵੇਂ ਮੀਆਂ-ਬੀਵੀ ਪੌੜੀਆਂ ਚੜ੍ਹ ਆਏ। " ਤੁਸੀਂ ਘਬਰਾਓ ਨਾ ਮੈਂ ਆ ਗਿਆ ਮਾਂ ਜੀ," ਕਹਿੰਦੇ ਹੀ ਜਸਵੀਰ ਨੇ ਦੇਵ ਢਿੱਲੋਂ ਨੂੰ ਦੋਵੇਂ ਬਾਹਵਾਂ ਵਿੱਚ ਚੁੱਕ ਲਿਆ।

"ਪੁੱਤ ! ਛੇਤੀ ਇਨ੍ਹਾਂ ਨੂੰ ਹਸਪਤਾਲ ਲੈ ਚੱਲ ਐਸ ਵੇਲੇ ਤਾਂ ਕੋਈ ਰਿਕਸ਼ਾ ਵੀ ਨਈਂ ਮਿਲਣੀ ।" ਡੌਰ-ਭੌਰ ਖੜ੍ਹੀ ਸ੍ਰੀਮਤੀ ਢਿੱਲੋਂ ਬੇਵੱਸ ਜਿਹੀ ਜਸਵੀਰ ਵੱਲ ਝਾਕੀ ਜਾ ਰਹੀ ਸੀ।

"ਮਾਂ ਜੀ ! ਥੋਡੇ ਪੁੱਤ ਦੀਆਂ ਬਾਹਵਾਂ ਇੰਨੀਆਂ ਕਮਜ਼ੋਰ ਨਹੀਂ ਕਿ ਬਾਪ ਨੂੰ ਵੀ ਨਾ ਚੁੱਕ ਸਕਣ। ਭਾਪਾ ਜੀ ਨੂੰ ਮੇਰੇ ਜਿਉਂਦੇ-ਜੀਅ ਕੁਝ ਨਹੀਂ ਹੋ ਸਕਦਾ।" ਪੌੜੀਆਂ ਉਤਰਦਾ ਜਸਵੀਰ ਬੁੜਬੁੜਾ ਰਿਹਾ ਸੀ।" ਹਾਰਟ ਅਟੈਕ ਐ ਜੀ। ਸਵਾ ਲੱਖ ਦੇ ਦੋ ਇੰਜੈਕਸ਼ਨ ਲੱਗਣਗੇ, ਗਰੰਟੀ ਕੋਈ ਨਹੀਂ ਕੁਝ ਵੀ ਹੋ ਸਕਦੈ।" ਜਸਵੀਰ ਦੀਆਂ ਬਾਹਾਂ ਵਿੱਚ ਹੀ ਦੇਵ ਢਿੱਲੋਂ ਦੀ ਨਬਜ਼ ਟੋਹ ਕੇ ਡਾਕਟਰ ਨੇ ਸਾਹਮਣੇ ਉਪਰੇਸ਼ਨ ਥਿਏਟਰ ਵੱਲ ਇਸ਼ਾਰਾ ਕਰ ਦਿੱਤਾ।"ਮੈਂ ਸਵਾ ਦਾ ਢਾਈ ਦੇਵਾਂਗਾ ਡਾਕਟਰ ਸਾਹਬ। ਪਰ ਮੇਰੇ ਬਾਪ ਨੂੰ ।" ਕਹਿੰਦੇ ਹੀ ਜਸਵੀਰ ਦੀ ਧਾਹ ਨਿਕਲ ਗਈ।"ਪਰ ਪੁੱਤ ! ਸਾਡੇ ਕੋਲ ਐਨੇ ਪੈਸੇ ।" ਅਲਫ਼ਾਜ਼ ਅਜੇ ਮੂੰਹ ਵਿੱਚ ਹੀ ਸਨ ਕਿ ਜਸਵੀਰ ਦੀ ਘਰਵਾਲੀ ਦੀਆਂ ਬਾਹਵਾਂ ਵਿੱਚ ਪਾਈਆਂ ਵੰਗਾਂ ਨੂੰ ਦੋਵੇਂ ਹੱਥਾਂ ਵਿੱਚ ਫੜੀ ਜਸਵੀਰ ਦਾ ਬੇਟਾ ਆਪਣੀ ਮਾਂ ਦੀ ਗੋਦੀ ਵਿੱਚੋਂ ਦਾਦੀ-ਦਾਦੀ ਕਰਦਾ ਸ੍ਰੀਮਤੀ ਢਿੱਲੋਂ ਵੱਲ ਉਲਰ ਪਿਆ।

# ਕੁਤਰੇ ਪਰ੍ਹਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ

**ਡਾ ਹਰਸ਼ਿੰਦਰ ਕੌਰ**

ਲੰਡਨ ਵਿਚ ਸਹਾਰਾ ਘਰਾਂ ਵਿਚਲੀਆਂ 77 ਨਾਬਾਲਗ ਬੱਚੀਆਂ ਦਾ ਉਨ੍ਹਾਂ ਦੇ ਦਾਦੇ ਤੋਂ ਵੀ ਵੱਡੀ ਉਮਰ ਦੇ ਪਾਕਿਸਤਾਨੀ ਬੰਦਿਆਂ ਅਤੇ ਇਕ ਅਫਗਾਨੀ ਵੱਲੋਂ ਕੀਤੇ ਗਏ ਜਬਰ-ਜਿਨਾਹ ਸਦਕਾ ਉਨ੍ਹਾਂ ਨੂੰ ਉਮਰ ਕੈਦ ਸੁਣਾਈ ਗਈ ਹੈ। ਸਹਿਮ ਅਤੇ ਡਰ ਹੇਠ ਲੰਘੀ ਉਨ੍ਹਾਂ ਦੀ ਨਰਕ ਤੋਂ ਬਦਤਰ ਜ਼ਿੰਦਗੀ ਬਾਰੇ ਸੁਣ ਕੇ ਜੱਜ ਵੀ ਇੰਨਾ ਪਸੀਜ ਗਿਆ ਕਿ ਸੇਜਲ ਅੱਖਾਂ ਨਾਲ ਉਸ ਨੂੰ ਦੱਬੇ ਮੂੰਹ ਕਹਿਣਾ ਪਿਆ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਤਾਂ ਨਾ ਜੰਮਣਾ ਹੀ ਬਿਹਤਰ ਹੈ।

ਸਾਡੇ ਸਹਾਰਾ ਘਰਾਂ ਦੀਆਂ ਨਿੱਕੀਆਂ-ਨਿੱਕੀਆਂ ਪਿੰਜਰੇ ਵਿਚ ਬੰਦ ਘੁੱਗੀਆਂ ਨੂੰ ਝਪਟਦੇ ਜਨੌਰਾਂ ਦਾ ਜ਼ਿਕਰ ਕਰਨ ਨੂੰ ਕੁਝ ਬਚਿਆ ਹੀ ਨਹੀਂ। ਅਖਬਾਰਾਂ ਬਥੇਰਾ ਰੌਲਾ ਪਾ ਚੁੱਕੀਆਂ ਹਨ। ਨੌਸ਼ਹਿਰਾ ਪੰਨੂਆਂ ਵਿਖੇ ਸੋਲ੍ਹਾਂ ਸਾਲਾਂ ਦੀ ਅੱਲੜ੍ਹ ਕੁੜੀ ਨਾਲ ਨੌਂ ਮੁੰਡਿਆਂ ਨੇ ਅੱਠ ਘੰਟੇ ਲਗਾਤਾਰ ਵਾਰੀ-ਵਾਰੀ ਮੂੰਹ ਕਾਲਾ ਕੀਤਾ। ਲੁਧਿਆਣੇ ਵਿਚ ਲਾਜਪਤ ਨਗਰ ਵਿਚ ਨੌਂ ਸਾਲ ਦੀ ਬਾਲੜੀ ਨੂੰ ਸਮੂਹਿਕ ਬਲਾਤਕਾਰ ਕਰਕੇ ਮਾਰ ਦਿੱਤਾ ਗਿਆ। ਫਗਵਾੜੇ ਵਿਚ 93 ਸਾਲ ਦੇ ਬਜ਼ੁਰਗ ਨੇ ਨੌਜਵਾਨ ਔਰਤ ਨੂੰ ਆਪਣੀ ਰਾਖ਼ਸ਼ ਬਿਰਤੀ ਨਾਲ ਪਾੜ ਘੱਤਿਆ। ਅਲਾਵਲਪੁਰ ਵਿਚ ਤਾਂ ਇਕ ਬੱਚੀ ਦਾ ਜਬਰ-ਜਿਨਾਹ ਕਰਨ ਤੋਂ ਬਾਅਦ ਦੋਸ਼ੀ ਵਿਦੇਸ਼ ਹੀ ਭੱਜ ਗਿਆ। ਲੁਧਿਆਣੇ ਦੇ ਸਰਕਾਰੀ ਕਾਲਜ ਦੇ ਇਨਾਮ ਜੇਤੂ ਨਾਮਵਰ ਉਰਦੂ ਸ਼ਾਇਰ ਸ਼ਰਾਬ ਦੇ ਨਸ਼ੇ ਵਿਚ ਧੁੱਤ ਤਿੰਨ ਸਾਲਾ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਦੇ ਫੜੇ ਗਏ। ਇਹ ਅਤੇ ਅਜਿਹੀਆਂ ਅਨੇਕ ਖ਼ਬਰਾਂ ਹੁਣ ਇੰਨੀਆਂ ਆਮ ਹੋ ਗਈਆਂ ਹਨ ਕਿ ਇਸ ਬਾਰੇ ਕੋਈ ਆਪਣੀ ਜ਼ਿੰਦਗੀ ਵਿੱਚੋਂ ਪੰਜ ਮਿੰਟ ਵੀ ਸੋਚਣ ਲਈ ਜਾਇਆ ਨਹੀਂ ਕਰਦਾ। ਹਰ ਪੰਜ ਮਿੰਟ ਵਿਚ ਇਕ ਔਰਤ ਦਾ ਮਧੋਲੇ ਜਾਣਾ, ਹਰ ਦਸਾਂ ਵਿਚੋਂ 7 ਔਰਤਾਂ ਦਾ ਘਰੇਲੂ ਹਿੰਸਾ ਸਹਿਣਾ, ਹਰ ਸਾਲ ਦੀਆਂ 5000 ਤੋਂ ਵੱਧ ਔਰਤਾਂ ਦਾ ਦਾਜ ਖਾਤਰ ਸਾੜ ਦਿੱਤੇ ਜਾਣਾ, ਮੰਦਬੁੱਧੀ ਨਾਬਾਲਗ ਕੋਮਲ ਫੁੱਲਾਂ ਵਰਗੀਆਂ ਬੱਚੀਆਂ ਨੂੰ ਗਰਭਵਤੀ ਬਣਾ ਦੇਣਾ, ਤੇਜ਼ਾਬ ਨਾਲ ਸਾੜ ਕੇ ਨੌਜਵਾਨ ਬੱਚੀਆਂ ਨੂੰ ਅਪੰਗ ਬਣਾ ਦੇਣ ਵਿਚ ਤਿੰਨ ਗੁਣਾ ਵਾਧਾ ਹੋਣਾ, ਕੀ ਕਿਸੇ ਨੂੰ ਝੰਜੋੜ ਰਿਹਾ ਹੈ ?

6 ਮਹੀਨੇ ਦੀ ਬੱਚੀ ਦਾ ਬਲਾਤਕਾਰ ਆਗਰੇ ਵਿਚ ਇਕ ਮਜ਼ਦੂਰ ਨੇ ਕੀਤਾ ਤੇ ਫੇਰ ਉਸ ਨੂੰ ਮਾਰ ਵੀ ਘੱਤਿਆ। ਚਾਰ ਸਾਲ ਦੀ ਬੱਚੀ ਦਾ ਗੋਆ ਵਿਚ ਇਕ ਮਜ਼ਦੂਰ ਨੇ ਜਬਰ-ਜਿਨਾਹ ਕਰਕੇ ਕਤਲ ਕਰ ਦਿੱਤਾ। ਇਨ੍ਹਾਂ ਦੋਨਾਂ ਕੇਸਾਂ ਵਿਚ ਪੁਲਿਸ ਨੇ ਕੇਸ ਦਰਜ ਨਹੀਂ ਕੀਤਾ। ਯਾਨੀ ਹੁਣ ਹਾਲਤ ਇਹ ਹੈ ਕਿ ਕੇਸ ਦਰਜ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ, ਕਿਉਂਕਿ ਇਹ ਗਿਣਤੀ ਇੰਨੀ ਵਧ ਚੁੱਕੀ ਹੈ ਤੇ ਗੱਲ ਇੰਨੀ ਕੁ ਆਮ ਸਮਝੀ ਜਾਂਦੀ ਹੈ ਕਿ ਹੁਣ ਇਸ ਦੀ ਕੋਈ ਅਹਿਮੀਅਤ ਹੀ ਨਹੀਂ ਰਹੀ। ਨਿੱਘਰੀ ਹੋਈ ਸੋਚ ਬਾਰੇ ਹੋਰ ਸੁਣੋ। ਮਨਾਲੀ ਜਾਂਦੇ ਹੋਏ ਰਸਤੇ ਵਿਚ ਇਕ ਢਾਬੇ ਉੱਤੇ ਅਸੀਂ ਰਾਤ ਦੀ ਰੋਟੀ ਖਾਣ ਲਈ ਰੁਕੇ ਤਾਂ ਸਾਡੇ ਨਾਲ ਵਾਲੀ ਮੇਜ਼ ਉੱਤੇ ਹਨ੍ਹੇਰੇ ਜਿਹੇ ਵਿਚ ਚਾਰ ਬੰਦੇ ਸ਼ਰਾਬੀ ਹੋਏ ਰੋਟੀ ਖਾ ਰਹੇ ਸਨ। ਉਹ ਇੰਨੀਆਂ ਗੰਦੀਆਂ ਮਾਂ-ਭੈਣ ਦੀਆਂ ਗਾਲ੍ਹਾਂ ਕੱਢ ਰਹੇ ਸਨ ਕਿ ਰੋਟੀ ਖਾਣੀ ਔਖੀ ਹੋਈ ਪਈ ਸੀ। ਅਸੀਂ ਮੇਜ਼ ਬਦਲ ਕੇ ਪਰਲੇ ਕੋਨੇ ਉੱਤੇ ਬਹਿ ਗਏ। ਕੁਝ ਕੁ ਪਲਾਂ ਵਿਚ ਤਿੰਨ ਵੱਡੀਆਂ ਕਾਰਾਂ ਉੱਥੇ ਆ ਕੇ ਰੁਕੀਆਂ।

ਉਨ੍ਹਾਂ ਵਿਚ ਸਿਰਫ਼ ਡਰਾਈਵਰ ਹੀ ਸਨ। ਤਿੰਨੋ ਉਤਰ ਕੇ ਸਾਡੇ ਨਾਲ ਵਾਲੀ ਮੇਜ਼ ਉੱਤੇ ਬਹਿ ਗਏ। ਦੋ ਉਨ੍ਹਾਂ ਵਿੱਚੋਂ ਪੰਜਾਬੀ ਸਨ ਤੇ ਇਕ ਬਿਹਾਰੀ ਜਾਪਦਾ ਸੀ। ਤਿੰਨੋ ਆਪੋ-ਆਪਣੇ ਅਮੀਰ ਮਾਲਕਾਂ ਬਾਰੇ ਗੱਲਾਂ ਕਰਨ ਲੱਗ ਪਏ। ਇਕ ਸੁਣਾਉਣ ਲੱਗ ਪਿਆ, ? ?ਯਾਰ ਮੇਰੇ ਮਾਲਕ ਦਾ ਕਾਕਾ ਤਾਂ ਬਾਹਲਾ ਈ ਸ਼ੌਕੀਨ ਐ। ਮੇਰੇ ਮਾਲਕ ਦੀ ਬਹੁਤ ਉੱਪਰ ਤੱਕ ਪਹੁੰਚ ਐ। ਬਸ ਪੁੱਛ ਨਾ ਕੀ ਰੰਗ-ਰਲੀਆਂ ਮਨਾਉਂਦੈ। ਆਪਣੀ ਵੀ ਬਥੇਰੀ ਮੌਜ ਹੋ ਜਾਂਦੀ ਐ ਕਾਕਾ ਜੀ ਨਾਲ।"

? ਦੱਸ ਤਾਂ ਸਹੀ ਕੀ ਕੁੱਝ ਝੂੰਗੇ 'ਚ ਮਿਲ ਜਾਂਦੈ", ਦੂਜੇ ਨੇ ਪੁੱਛਣ ਦੀ ਕੋਸ਼ਿਸ਼ ਕੀਤੀ ?

? ਬਸ ਸਾਰਾ ਕੁੱਝ ਈ ਸਮਝ ਲੋ", ਪਹਿਲਾ ਖਚਰੀ ਜਿਹੀ ਹਾਸੀ ਹੱਸ ਕੇ ਬੋਲਿਆ, ? ?ਪਰ ਜਿੰਨਾ ਸੁਆਦ ਦੋ ਸਾਲ ਪਹਿਲਾਂ ਆਇਆ ਸੀ ਨਾ, ਸੱਚੀਂ ਯਾਰ ਓਨਾ ਫੇਰ ਨੀਂ ਆਇਆ। ਅੱਜ ਵੀ ਸੋਚ ਕੇ ਮੂੰਹ ਸੁਆਦ-ਸੁਆਦ ਹੋ ਜਾਂਦੈ।"

? ਕਿਹੜਾ ਖਜ਼ਾਨਾ ਮਿਲ ਗਿਆ ਸੀ", ਦੂਜੇ ਨੇ ਫੇਰ ਪੁੱਛਿਆ ?

? ਕੀ ਦੱਸਾਂ ਯਾਰ ! ਸੋਚ ਕੇ ਵੀ ਸਰੀਰ ਮੱਚਣ ਲੱਗ ਪੈਂਦੈ", ਉਹ ਥੋੜ੍ਹਾ ਹੌਲੀ ਜਿਹੀ ਸੁਰ ਕਰਕੇ ਬੋਲਿਆ, ? ?ਕਾਕਾ ਜੀ ਸ਼ਿਮਲੇ ਦੋਸਤਾਂ ਨਾਲ ਘੁੰਮਣ ਗਏ ਸੀ। ਉੱਥੇ ਇਕ ਸਕੂਲ ਦੀ ਕੁੜੀ ਪਟਾ ਲਈ। ਆਈਸਕ੍ਰੀਮ ਖੁਆ, ਸੌਗਾਤਾਂ ਦੁਆ ਉਸ ਕੁੜੀ ਨੂੰ ਘਰ ਛੱਡਣ ਲਈ ਮਨਾ ਲਿਆ। ਬਸ ਫੇਰ ਕਾਰ 'ਚ ਬਿਠਾ ਕੇ ਕੋਕ 'ਚ ਕੁਝ ਰਲਾ 'ਤਾ। ਰਾਹ 'ਚ ਪਾਸੇ ਕਾਰ ਰੋਕ ਪੰਜਾਂ ਦੋਸਤਾਂ ਨੇ ਉਸ ਨੂੰ ਚੰਗਾ ਰਗੜਾ ਚਾੜ੍ਹਿਆ। ਬਸ ਪਟੋਲੇ ਨੂੰ ਬੁਰੀ ਤਰ੍ਹਾਂ ਚੀਰ 'ਤਾ। ਮੇਰੇ ਜ਼ਿੰਮੇ ਉਹਨੂੰ ਵਾਪਸ ਛੱਡਣ ਦੀ ਡਿਊਟੀ ਸੀ। ਜਦ ਕੋਲ ਗਿਆ ਤਾਂ ਹਾਏ ਬਸ ਪੁੱਛ ਨਾ ਕਿਵੇਂ ਬਿਨਾਂ ਪਰ ਦੇ ਫੜਫੜਾਉਂਦਾ ਬੋਟ ਸੀ ਉਹ ! ਲਹੂ-ਲੁਹਾਨ ਸੀ। ਪਰ ਜਿੰਨਾ ਮਜ਼ਾ ਉਸ ਵੇਲੇ ਉਸ ਜੂਠਨ ਨੂੰ ਚੱਟਣ 'ਚ ਆਇਆ ਉਹ ਹਾਲੇ ਤੱਕ ਨੀਂ ਆਇਆ।"

ਉਸ ਢਾਬੇ ਉੱਤੇ ਉਸ ਵੇਲੇ ਸਾਰੇ ਹੀ ਟਰੱਕਾਂ ਜਾਂ ਕਾਰਾਂ ਦੇ ਡਰਾਈਵਰ ਹੀ ਬੈਠੇ ਸਨ ਤੇ ਸਾਰੇ ਹੀ ਸ਼ਰਾਬ ਦੇ ਅਸਰ ਹੇਠ ਸਨ। ਸਿਰਫ਼ ਮੈਂ, ਮੇਰੇ ਪਤੀ ਤੇ ਮੇਰੀ ਗੋਦ ਵਿਚ ਮੇਰੀ ਡੇਢ ਸਾਲ ਦੀ ਛੋਟੀ ਬੱਚੀ ਸੁਖਮਨੀ ਹੀ ਉਨ੍ਹਾਂ ਵਿੱਚੋਂ ਅਲੱਗ ਸਾਂ। ਇਹ ਦੱਸਣ ਦੀ ਲੋੜ ਨਹੀਂ ਕਿ ਸਾਡਾ ਦਿਲ ਇਹ ਸੁਣ ਕੇ ਕਿੰਨਾ ਛਲਣੀ ਹੋਇਆ ਸੀ। ਸਾਡੇ ਵੱਲੋਂ ਕੀਤਾ ਬੋਲ-ਬੁਲਾਰਾ ਜਾਂ ਉਨ੍ਹਾਂ ਦਾ ਰਵੱਈਆ ਕਿਹੋ ਜਿਹਾ ਰਿਹਾ, ਇਸ ਬਾਰੇ ਵੀ ਦੱਸਣਾ ਫਜ਼ੂਲ ਹੈ।

ਮੈਂ ਤਾਂ ਸਿਰਫ ਇਹ ਪੁੱਛਣ ਦੀ ਹਿਮਾਕਤ ਕਰ ਰਹੀ ਹਾਂ ਕਿ ਕੋਈ ਕਾਨੂੰਨ ਬਘਿਆੜਾਂ, ਹਲਕੇ ਕੁੱਤਿਆਂ, ਬਿੱਛੂਆਂ ਜਾਂ ਫਨੀਅਰ ਸੱਪਾਂ ਲਈ ਵੀ ਬਣਾਇਆ ਗਿਆ ਹੈ, ਜੋ ਮਗ਼ਰੂਰ, ਕਾਮ ਦੇ ਨਸ਼ੇ ਵਿਚ ਅੰਨ੍ਹੇ, ਗਿਰਝਾਂ ਵਾਂਗ ਝਪੱਟਾ ਮਾਰਨ ਨੂੰ ਤਿਆਰ ਹਰ ਕੋਨੇ ਵਿਚ ਖੜ੍ਹੇ ਮਿਲਦੇ ਹਨ ਕਿ ਕਿਤੇ ਕੋਈ ਨਵਜੰਮੀ ਬੱਚੀ ਹੀ ਭਾਵੇਂ ਮਿਲ ਜਾਏ ਤੇ ਭਾਵੇਂ 90 ਸਾਲ ਦੀ ਮਾਂ, ਕੋਈ ਵੀ ਔਰਤ ਜਾਤ ਵਰਗੀ ?ਚੀਜ਼' ਨੋਚੇ ਬਗ਼ੈਰ ਨਹੀਂ ਛੱਡੀ ਜਾਵੇਗੀ ? ਲਾਹਨਤ ਇਹ ਹੈ ਕਿ ਨੋਚ ਕੇ, ਲਹੂ ਨਿਚੋੜ ਕੇ, ਚੂੰਡ ਕੇ, ਬਾਕੀ ਬਚੇ ਹੱਡ-ਮਾਸ ਨੂੰ ਵੀ ਅੱਗੋਂ ਵੇਚ ਕੇ, ਉਸ ਤੋਂ ਕਮਾਈ ਕਰਨ ਵਿਚ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ। ਧਰਮ ਦੇ ਅਖੌਤੀ ਪਹਿਰੇਦਾਰ ਵੀ ਇਸ ਕੁਕਰਮ ਵਿਚ ਰਚ-ਮਿਚ ਜਾਣ ਤੋਂ ਬਚ ਨਹੀਂ ਸਕੇ ਤੇ ਨਾ ਹੀ ਕਾਨੂੰਨ ਦੇ ਰਾਖੇ !

ਹੁਣ ਤਾਂ ਖ਼ਬਰਾਂ ਇਹ ਵੀ ਨਸ਼ਰ ਹੋ ਰਹੀਆਂ ਹਨ ਕਿ ਪਿਓ ਹੀ ਧੀਆਂ ਨੂੰ ਦੇਹ ਵਪਾਰ ਵਿਚ ਧੱਕਣ ਤੋਂ ਪਹਿਲਾਂ ਆਪ ਉਸਦੇ ਸਰੀਰ ਨੂੰ ਵਰਤੇ ਬਗ਼ੈਰ ਨਹੀਂ ਰਹਿ ਰਹੇ। ਇਸ ਤਰ੍ਹਾਂ ਦੇ ਖ਼ੂੰਖਾਰ ਜਾਨਵਰਾਂ ਨੂੰ ਨਕੇਲ ਪਾਉਣ ਲਈ ਕੀ ਸਾਰੇ ਹੀ ਬੇਵੱਸ ਤੇ ਮਜਬੂਰ ਹੋ ਚੁੱਕੇ ਹਨ ? ਇਹੀ ਰਾਖਸ਼ ਹੀ ਨਿੱਕੀਆਂ ਬਾਲੜੀਆਂ ਦੀਆਂ ਲੋਥਾਂ ਨੂੰ ਕੁੱਤਿਆਂ ਵੱਲੋਂ ਪੜਵਾਉਣ ਉੱਤੇ ਮਜਬੂਰ ਕਰ ਰਹੇ ਹਨ, ਕਿਉਂਕਿ ਮਾਪੇ ਅਜਿਹੀ ਕਰੂਰਤਾ ਨਾਲੋਂ ਕੁੜੀ ਨਾ ਜੰਮਣ ਨੂੰ ਹੀ ਪਹਿਲ ਦੇਣ ਲੱਗ ਪਏ ਹਨ।

ਕੁੜੀ ਜੰਮਣ ਵਾਸਤੇ ਸਖ਼ਤ ਕਾਨੂੰਨ ਬਣਾਉਣ ਵਾਲਿਓ, ਸਿਰਫ ਕੁੜੀ ਜੰਮਣ ਨਾਲ ਬਾਕੀ ਸਾਰੇ ਫ਼ਰਜ਼ਾਂ ਤੋਂ ਕਿਵੇਂ ਸੁਰਖ਼ਰੂ ਹੋ ਜਾਓਗੇ ? ਰਾਖੀ ਕਰਨ ਵੇਲੇ ਜੇ ਵਾੜ ਹੀ ਖੇਤ ਨੂੰ ਖਾਂਦੀ ਰਹੇਗੀ ਤਾਂ ਯਕੀਨ ਜਾਣਿਓ ਗ਼ੈਰਤਮੰਦ ਮਾਪਿਆਂ ਕੋਲ ਕੁੱਖਾਂ ਵਿਚ ਧੀਆਂ ਮਾਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਣ ਲੱਗਿਆ।

ਦੱਸੋ ਤਾਂ ਸਹੀ, ਕਿੰਨੀਆਂ ਹੋਰ ਧੀਆਂ ਦੀ ਬਲੀ ਦੀ ਲੋੜ ਬਾਕੀ ਹੈ ਤੇ ਫੇਰ ਹੀ ਨਰਕੀ ਕਾਰਾ ਕਰਨ ਵਾਲਿਆਂ ਨੂੰ ਨਕੇਲ ਚਾੜ੍ਹੀ ਜਾਵੇਗੀ ? ਆਵਾਜ਼ ਤਾਂ ਚੁੱਕੋ ! ਹੁਣ ਤਾਂ ਵਿਸ਼ਵ ਪੱਧਰ ਉੱਤੇ ਵੀ ਭਾਰਤ ਦੇਸ਼ ਔਰਤਾਂ ਵਾਸਤੇ ਦੁਨੀਆ ਭਰ ਵਿੱਚੋਂ ਸਭ ਤੋਂ ਖ਼ਤਰਨਾਕ ਦੇਸ਼ ਕਹਾਇਆ ਜਾਣ ਲੱਗ ਪਿਆ ਹੈ।

ਰਿਕਾਰਡ ਆਪ ਮੂੰਹੋਂ ਬੋਲਦਾ ਹੈ ਕਿ ਹਰ ਸਾਲ ਭਾਰਤ ਵਰਸ਼ ਵਿਚ 80,000 ਨਾਬਾਲਗ ਬੱਚੀਆਂ ਨਾਲ ਜਿਸਮਾਨੀ ਵਧੀਕੀਆਂ ਹੋ ਰਹੀਆਂ ਹਨ, ਜਿਨ੍ਹਾਂ ਦੀ ਰਿਪੋਰਟ ਦਰਜ ਹੋ ਰਹੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਇਹ ਗਿਣਤੀ ਸਿਰਫ ਇਕ ਚੌਥਾਈ ਹੈ। ਬਾਕੀ ਦੀਆਂ ਤਿੰਨ ਚੌਥਾਈ ਬਿਨਾਂ ਰਿਪੋਰਟ ਦਰਜ ਕਰਵਾਏ ਪੀਸੀਆਂ ਜਾ ਰਹੀਆਂ ਹਨ। ਅੱਜ ਚਿੱਤ ਕਰਦੈ ਕਿ ਜੇ ਕੋਈ ਹੋਰ ਆਵਾਜ਼ ਨਹੀਂ ਚੁੱਕਦਾ ਤਾਂ ਕਾਸ਼ ਮੇਰੇ ਕਾਗਜ਼ਾਂ ਉੱਤੇ ਉਕਰੇ ਹਰਫ਼ ਹੀ ਭੂੰਆ ਫੱਟ ਪਾ ਦੇਣ।

# ਜ਼ਿੰਦਗੀ ਤੇ ਸੰਘਰਸ਼

**ਸਰੂਪ ਸਿੰਘ**

ਜ਼ਿੰਦਗੀ ਇੱਕ ਸੰਘਰਸ਼ ਹੈ ਤੇ ਸੰਘਰਸ਼ ਹੀ ਜ਼ਿੰਦਗੀ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਸਦਕਾ ਹੀ ਧਰਤੀ ਉੱਪਰ ਜ਼ਿੰਦਗੀ ਆਪਣਾ ਵਜੂਦ ਕਾਇਮ ਰੱਖ ਸਕੀ ਤੇ ਵਿਕਾਸ ਕਰ ਸਕੀ ਹੈ। ਜ਼ਿੰਦਗੀ ਤੇ ਸੰਘਰਸ਼ ਇੱਕ-ਦੂਜੇ ਨਾਲ ਅਨਿੱਖੜਵੇਂ ਹਨ ਤੇ ਇੱਕ ਜਾਨ ਹਨ। ਜੇਕਰ ਉਨ੍ਹਾਂ ਨੂੰ ਇੱਕ ਦੂਜੇ ਤੋਂ ਕਿਸੇ ਤਰੀਕੇ ਨਾਲ ਅਲੱਗ ਕਰ ਦਿੱਤਾ ਜਾਵੇ ਤਾਂ ਸਭ ਕੁਝ ਸਿਫ਼ਰ ਹੋ ਜਾਵੇਗਾ ਭਾਵ ਕੁਝ ਵੀ ਬਾਕੀ ਨਹੀਂ ਰਹੇਗਾ। ਹਰ ਜੀਵ ਜਾਣੇ-ਅਣਜਾਣੇ ਸੰਘਰਸ਼ ਕਰਦਾ ਹੋਇਆ ਹੀ ਜੀਵਤ ਰਹਿ ਸਕਿਆ ਹੈ। ਹਰ ਵਿਅਕਤੀ ਨੂੰ ਹਮੇਸ਼ਾ ਅਣਸੁਖਾਵੇਂ ਹਾਲਾਤ ਨਾਲ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਸਿੱਟਾ ਹਾਰ ਹੋਵੇ ਭਾਵੇਂ ਜਿੱਤ। ਜੋ ਸਿਰਫ਼ ਜਿੱਤ ਲਈ ਹੀ ਸੰਘਰਸ਼ ਕਰਦੇ ਹਨ, ਉਹ ਹਾਰ ਦੀ ਹਾਲਤ ਵਿੱਚ ਸੰਘਰਸ਼ ਤਿਆਗ ਦਿੰਦੇ ਹਨ ਤੇ ਘਰ ਬੈਠ ਜਾਂਦੇ ਹਨ। ਹਾਰ ਦੀ ਹਾਲਤ ਵਿੱਚ ਤਾਂ ਸੰਘਰਸ਼ ਨੂੰ ਤਿੱਖਾ ਕਰਨਾ ਲੋੜੀਂਦਾ ਹੈ। ਹਾਰਾਂ, ਜਿੱਤਾਂ ਨੂੰ ਜ਼ਿੰਦਗੀ ਦੀ ਬੁਨਿਆਦ ਮੰਨਣਾ ਚਾਹੀਦਾ ਹੈ। ਹਾਰਾਂ ਸਾਨੂੰ ਜਿੱਤਾਂ ਦਾ ਰਾਹ ਦੱਸਦੀਆਂ ਹਨ। ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਣ ਹੈ। ਜੇਕਰ ਸੁੱਖ ਹੀ ਸੁੱਖ ਹੋਣ ਤਾਂ ਜ਼ਿੰਦਗੀ ਬੇਸੁਆਦ ਹੋ ਜਾਵੇਗੀ। ਦੁੱਖ ਜ਼ਿੰਦਗੀ ਵਿੱਚ ਰੰਗ-ਬਰੰਗੇ, ਕੌੜੇ ਤੇ ਮਿੱਠੇ ਸੁਆਦ ਭਰਦੇ ਹਨ। ਦੁੱਖਾਂ ਨਾਲ ਹੀ ਸੁੱਖਾਂ ਦੀ ਕਦਰ ਹੈ ਪਰ ਸੰਘਰਸ਼ ਸਦਕਾ ਸਾਰੇ ਦੁੱਖਾਂ ਦੇ ਕੌੜੇ ਸੁਆਦਾਂ ਨੂੰ ਮਿੱਠਿਆਂ ਤੇ ਮਨਭਾਉਂਦੇ ਸੁਆਦਾਂ ਵਿੱਚ ਬਦਲਿਆ ਜਾ ਸਕਦਾ ਹੈ। ਦੁੱਖਾਂ ਦੇ ਖ਼ਿਲਾਫ਼ ਸੰਘਰਸ਼ ਸਾਨੂੰ ਜ਼ਿੰਦਗੀ ਜੀਣ ਦੀ ਜਾਚ ਸਿਖਾਉਂਦਾ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਕਰਨ ਦੀ ਥਾਂ ਦੁੱਖਾਂ ਤੇ ਤਕਲੀਫ਼ਾਂ ਤੋਂ ਘਬਰਾ ਕੇ ਸੰਘਰਸ਼ ਨੂੰ ਅਲਵਿਦਾ ਕਹਿਣਾ ਜਾਂ ਇਨ੍ਹਾਂ ਨਾਲ ਸਮਝੌਤਾ ਕਰ ਲੈਣਾ ਬੁਜ਼ਦਿਲੀ ਹੈ। ਸੰਘਰਸ਼ ਸਦਕਾ ਜਥੇਬੰਦੀਆਂ ਦੇ ਕਿਰਤੀ, ਕਿਸਾਨ, ਮੁਲਾਜ਼ਮ, ਨੌਜਵਾਨ ਤੇ ਵਿਦਿਆਰਥੀ ਆਪਣੀਆਂ ਮੰਗਾਂ, ਤਨਖ਼ਾਹ, ਭੱਤੇ ਤੇ ਹੋਰ ਸਾਰੀਆਂ ਸਹੂਲਤਾਂ ਹਾਸਲ ਕਰ ਸਕਦੇ ਹਨ। ਬਿਨਾਂ ਸੰਘਰਸ਼ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ। ਇਸ ਲਈ ਸੰਘਰਸ਼ ਨਾਲ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ, ਹਰ ਕੰਮ ਕੀਤਾ ਜਾ ਸਕਦਾ ਹੈ, ਹਰ ਅਣਹੋਣੀ ਨੂੰ ਹੋਣੀ ਬਣਾਇਆ ਜਾ ਸਕਦਾ ਹੈ ਪਰ ਸਿਦਕ ਨਾਲ ਤੇ ਡਟ ਕੇ ਸੰਘਰਸ਼ ਕਰਨ ਦੀ ਲੋੜ ਹੈ। ਸੰਘਰਸ਼ ਕਰਦਿਆਂ ਛੋਟੀਆਂ-ਛੋਟੀਆਂ ਲੜਾਈਆਂ ਲੜਨੀਆਂ ਪੈਂਦੀਆਂ ਹਨ। ਉਨ੍ਹਾਂ ਵਿੱਚੋਂ ਕੁਝ 'ਚ ਹਾਰਾਂ ਤੇ ਕੁਝ 'ਚ ਜਿੱਤਾਂ ਹਾਸਲ ਹੁੰਦੀਆਂ ਹਨ। ਹਾਰਾਂ ਤੋਂ ਸਿੱਖ ਕੇ ਜਿੱਤਾਂ ਦੀ ਬੁਨਿਆਦ ਬਣਦੀ ਹੈ। ਸੰਘਰਸ਼ ਕਰਦੇ ਹੋਏ ਹਾਰ ਜਾਣਾ ਬੁਰਾ ਨਹੀਂ ਪਰ ਹਾਰ ਮੰਨ ਲੈਣਾ ਬੁਰਾ ਹੈ। ਜਿਸ ਵਿਅਕਤੀ ਜਾਂ ਜਥੇਬੰਦੀ ਦੀ ਸੰਘਰਸ਼ਾਂ 'ਤੇ ਟੇਕ ਹੈ, ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਸੰਘਰਸ਼ ਕਰਨਾ ਜ਼ਿੰਦਗੀ ਦਾ ਧਰਮ ਹੈ। ਇਸ ਤੋਂ ਬਿਨਾਂ ਜ਼ਿੰਦਗੀ ਦਾ ਸਫ਼ਰ ਅੱਗੇ ਨਹੀਂ ਤੁਰਦਾ। ਸੰਘਰਸ਼ ਦੀ ਮਸ਼ਾਲ ਨਾਲ ਜੱਗ ਰੌਸ਼ਨ ਹੋ ਸਕਦਾ ਹੈ। ਸੰਘਰਸ਼ ਤੋਂ ਟਾਲਾ ਵੱਟਣਾ ਗੁਲਾਮੀ ਨੂੰ ਸੱਦਾ ਦੇਣਾ ਹੈ। ਹਾਰਾਂ ਦਾ ਰਾਹ ਹੀ ਜਿੱਤਾਂ ਵਿੱਚ ਖ਼ਤਮ ਹੁੰਦਾ ਹੈ। ਸੰਘਰਸ਼ ਬੰਦਗੀ ਵੀ ਹੈ। ਸੰਘਰਸ਼ 'ਤੇ ਟੇਕ ਰੱਖਣ ਵਾਲੇ ਵਿਅਕਤੀ ਦੇ ਜੀਵਨ ਵਿੱਚ ਆਉਂਦਾ ਸੰਘਰਸ਼ ਦਾ ਹਰ ਪਲ ਬੰਦਗੀ ਬਣ ਜਾਂਦਾ ਹੈ।

## ਤੇ ਹਵਾ ਜਿੱਤ ਗਈ/ ਬਾਲ ਕਹਾਣੀ

ਤੁਰੇ ਜਾਂਦੇ ਰਾਹੀ ਨੂੰ ਦੇਖ ਕੇ ਇਸ ਵਾਰ ਫੇਰ ਹਵਾ ਅਤੇ ਸੂਰਜ ਵਿਚਕਾਰ ਆਪਸ 'ਚ ਬਹਿਸ ਹੋ ਗਈ। ਮੈਂ ਇਸ ਮੁਸਾਫ਼ਰ ਦਾ ਕੋਟ ਉਤਾਰ ਸਕਦੀ ਹਾਂ, ਹਵਾ ਬੋਲੀ। ਨਹੀਂ, ਮੈਂ ਇਸ ਦਾ ਕੋਟ ਉਤਾਰ ਸਕਦਾਂ, ਨਾਲੇ ਤੈਨੂੰ ਚੰਗੀ ਤਰ੍ਹਾਂ ਪਤੈ, ਪਿਛਲੀ ਵਾਰ ਤੇਰੀ ਦਾਦੀ, ਮੇਰੇ ਦਾਦਾ ਜੀ ਤੋਂ ਹਾਰ ਗਈ ਸੀ, ਸੂਰਜ ਥੋੜ੍ਹਾ ਜਿਹਾ ਆਕੜ ਕੇ ਬੋਲਿਆ। ਲੱਗੀ ਫੇਰ ਸ਼ਰਤ ? ਹਵਾ ਮਾਣ ਜਿਹੇ 'ਚ ਬੋਲੀ।

ਸੂਰਜ ਅਤੇ ਹਵਾ ਵਿਚਕਾਰ ਫੇਰ ਸ਼ਰਤ ਲੱਗ ਗਈ ਅਤੇ ਫ਼ੈਸਲਾ ਉਸੇ ਮੁਸਾਫ਼ਰ 'ਤੇ ਛੱਡ ਦਿੱਤਾ ਗਿਆ, ਜੋ ਉਹ ਕਹੇਗਾ ਉਹੀ ਸਹੀ ਮੰਨਿਆ ਜਾਵੇਗਾ।

ਇਸ ਲਈ ਪਹਿਲਾਂ ਸੂਰਜ ਨੇ ਚਮਕਣਾ ਸ਼ੁਰੂ ਕੀਤਾ। ਉਹ ਪਹਿਲਾਂ ਥੋੜ੍ਹਾ ਜਿਹਾ ਚਮਕਿਆ, ਫੇਰ ਹੋਰ ਤੇਜ਼ ਅਤੇ ਆਖਰ 'ਚ ਏਨੀ ਤੇਜ਼ੀ ਨਾਲ ਚਮਕਿਆ ਕਿ ਧਰਤੀ 'ਤੇ ਤੁਰੇ ਜਾਂਦੇ ਰਾਹੀ ਨੂੰ ਲੱਗਿਆ ਕਿ ਘਰੋਂ ਖਾਹਮ-ਖਾਹ ਹੀ ਕੋਟ ਪਾ ਕੇ ਨਿਕਲੇ, ਅੱਜ ਤਾਂ ਗਰਮ ਅਤੇ ਨਿੱਘਾ ਦਿਨ ਹੈ। ਉਸ ਨੇ ਸੂਰਜ ਦੀ ਗਰਮਾਇਸ਼ ਵਿੱਚ ਆਪਣੇ ਸੁੰਗੜੇ ਸਰੀਰ ਨੂੰ ਖੋਲ੍ਹਣ ਲਈ ਜਿਉਂ ਹੀ ਆਪਣੀਆਂ ਬਾਹਵਾਂ ਏਧਰ-ਉਧਰ ਨੂੰ ਹਿਲਾਉਣੀਆਂ ਸ਼ੁਰੂ ਕੀਤੀਆਂ ਤਿਉਂ ਹੀ ਹਵਾ ਨੇ ਮੌਕਾ ਤਾੜਿਆ ਅਤੇ ਯਕਦਮ ਏਨੀ ਤੇਜ਼ੀ ਨਾਲ ਵਗੀ ਕਿ ਮੁਸਾਫ਼ਰ ਦਾ ਕੋਟ ਉਤਾਰ ਕੇ ਪਰ੍ਹੇ ਸੁੱਟ ਦਿੱਤਾ।

ਪਰ੍ਹੇ ਡਿੱਗੇ ਹੋਏ ਕੋਟ ਨੂੰ ਦੇਖ ਕੇ ਸੂਰਜ ਨੇ ਤਾੜੀਆਂ ਮਾਰ ਦਿੱਤੀਆਂ, ਦੇਖਿਆ ਫਿਰ, ਮੈਂ ਉਸ ਰਾਹੀ ਦਾ ਕੋਟ ਉਤਾਰ ਦਿੱਤਾ ਹੈ। ਮੈਂ ਜਿੱਤ ਗਿਆ ਹਾਂ, ਸੂਰਜ ਖ਼ੁਸ਼ੀ 'ਚ ਉਛਲਦਾ ਬੋਲਿਆ।

ਨਹੀਂ, ਉਸ ਦਾ ਕੋਟ ਮੈਂ ਉਤਾਰਿਆ ਹੈ1, ਹਵਾ ਬੋਲੀ। ਦੋਵੇਂ ਫਿਰ ਆਪਸ 'ਚ ਬਹਿਸ ਪਏ। ਹਵਾ 1ਬੋਲੀ, ਚਲੋ ਉਸ ਰਾਹੀ ਤੋਂ ਫ਼ੈਸਲਾ ਸੁਣਦੇ ਹਾਂ ਕਿ ਉਸ ਦਾ ਕੋਟ ਕਿਸ ਨੇ ਉਤਾਰਿਆ ਹੈ।

ਦੋਵੇਂ ਜਣੇ ਮਨੁੱਖੀ ਰੂਪ ਧਾਰ ਕੇ ਧਰਤੀ ਉੱਤੇ ਉਸ ਮੁਸਾਫ਼ਰ ਸਾਹਮਣੇ ਉੱਤਰ ਆਏ ਜਿੱਥੇ ਉਹ ਤੁਰਿਆ ਜਾਂਦਾ ਸੀ।

ਸੂਰਜ ਆਪਣੀ ਜਿੱਤ ਦੀ ਆਕੜ ਜਿਹੀ 'ਚ ਰਾਹੀ ਨੂੰ ਬੋਲਿਆ, ਤੁਹਾਡਾ ਕੋਟ ਭਲਾ ਕਿਸ ਨੇ ਉਤਾਰਿਆ ਹੈ ?

ਮੇਰਾ ਕੋਟ ? ਮੇਰਾ ਕੋਟ ਤਾਂ ਹਵਾ ਨੇ ਉਤਾਰਿਆ ਹੈ, ਮੁਸਾਫ਼ਰ ਨੇ ਸਹਿਜ ਜੁਆਬ ਦਿੱਤਾ। ਨਹੀਂ, ਤੂੰ ਝੂਠ ਬੋਲ ਰਿਹਾਂ ਹੈਂ, ਸੂਰਜ ਅੱਧ-ਗੁੱਸੇ ਜਿਹੇ 'ਚ ਰਾਹੀ ਨੂੰ ਬੋਲਿਆ।

ਮੈਂ ਭਲਾ ਝੂਠ ਕਿਉਂ ਬੋਲਾਂਗਾ ? ਇਉਂ ਕਹਿ ਕੇ ਰਾਹੀ ਨੇ ਆਪਣਾ ਕੋਟ ਚੁੱਕਿਆ ਅਤੇ ਅੱਗੇ ਨਿਕਲ ਗਿਆ।

ਰਾਹੀ ਦਾ ਆਖਰੀ ਫ਼ੈਸਲਾ ਸੁਣ ਕੇ ਸੂਰਜ ਸੁੰਨ ਹੋ ਗਿਆ ਪਰ ਉਸ ਨੇ ਹੈਰਾਨੀ ਨਾਲ ਹਵਾ ਤੋਂ ਪੁੱਛਿਆ, ਤੂੰ ਇਸ ਵਾਰ ਕਿਵੇਂ ਜਿੱਤ ਗਈ ?

ਦਰਅਸਲ, ਮੇਰੇ ਦਾਦੀ ਜੀ ਅਨਪੜ੍ਹ ਸਨ, ਉਨ੍ਹਾਂ ਨੂੰ ਮੌਕੇ ਦੀ ਨਜ਼ਾਕਤ ਸਮਝਣੀ ਨਹੀਂ ਸੀ ਆਉਂਦੀ ਅਤੇ ਮੈਂ ਪੜ੍ਹੀ-ਲਿਖੀ ਹਾਂ ਮੈਂ ਸਮੇਂ ਦੀ ਨਬਜ਼ ਪਛਾਣਦੀ ਹਾਂ। ਇਸ ਲਈ ਮੇਰੀ ਜਿੱਤ ਹੋਈ ਹੈ। ਇਹ ਕਹਿ ਕੇ ਹਵਾ ਲੋਪ ਹੋ ਗਈ ਅਤੇ ਸੂਰਜ ਨਿੰਮੋਝੂਣਾ ਜਿਹਾ ਹੋ ਕੇ ਆਪਣੇ ਟਿਕਾਣੇ 'ਤੇ ਜਾ ਲੱਗਿਆ।

• ਡਾ. ਰਣਜੀਤ ਸਿੰਘ

*ਪੰਜਾਬ ਦੀ ਧਰਤੀ ਦੋ ਫ਼ਸਲੀ ਹੈ, ਜਿਸ ਦਾ ਅਰਥ ਹੈ ਕਿ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਕਣਕ ਪਹਿਲੇ ਸਥਾਨ 'ਤੇ ਹੈ, ਦੂਜਾ ਝੋਨੇ ਦਾ ਅਤੇ ਤੀਜਾ ਸਥਾਨ ਕਪਾਹ-ਨਰਮੇ ਦਾ ਹੈ। ਚੌਥੀ ਥਾਂ 'ਤੇ ਮੱਕੀ, ਪੰਜਵੀਂ 'ਤੇ ਗੰਨਾ ਅਤੇ ਛੇਵੀਂ ਥਾਂ 'ਤੇ ਬਾਜਰੇ ਦੀ ਫ਼ਸਲ ਆਉਂਦੀ ਹੈ...*

ਪੰਜਾਬ ਦੀਆਂ ਮੁੱਖ ਫ਼ਸਲਾਂ 2



# ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ

ਚੌਲ ਭਾਵੇਂ ਪੰਜਾਬੀਆਂ ਦੀ ਮੁੱਖ ਖ਼ੁਰਾਕ ਨਹੀਂ ਹੈ ਪਰ ਹੁਣ ਉਹ ਸਾਉਣੀ ਦੀ ਮੁੱਖ ਫ਼ਸਲ ਬਣ ਗਈ ਹੈ। ਪਿਛਲੇ ਸਾਲ 29 ਲੱਖ ਹੈਕਟੇਅਰ 'ਚ ਚੌਲਾਂ ਦੀ ਕਾਸ਼ਤ ਕੀਤੀ ਗਈ। ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਆਉਣ ਤੇ ਸਿੰਚਾਈ ਸਹੂਲਤਾਂ 'ਚ ਵਾਧੇ ਕਾਰਨ ਕਿਸਾਨਾਂ ਦਾ ਰੁਝਾਨ ਝੋਨੇ ਦੀ ਕਾਸ਼ਤ ਵੱਲ ਵਧਿਆ ਹੈ। ਇਹ ਫ਼ਸਲ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਘੱਟ ਸਮੇਂ 'ਚ ਸਭ ਤੋਂ ਵੱਧ ਝਾੜ ਦਿੰਦੀ ਹੈ ਤੇ ਘੱਟੋ ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਖ਼ਰੀਦ ਲਈ ਸਰਕਾਰ ਦੀ ਵਚਨਬੱਧਤਾ ਕਾਰਨ ਵੀ ਚੌਲਾਂ ਦੀ ਪੈਦਾਵਾਰ 'ਚ ਇਨਕਲਾਬੀ ਵਾਧਾ ਹੋਇਆ ਹੈ। ਪੰਜਾਬ 'ਚ ਪਹਿਲਾਂ ਸਿਰਫ਼ ਇਕ ਲੱਖ ਟਨ ਚੌਲ ਪੈਦਾ ਹੁੰਦੇ ਸਨ। ਹੁਣ ਇਹ ਪੈਦਾਵਾਰ 118 ਲੱਖ ਟਨ ਤੋਂ ਵੱਧ ਹੈ।

## ਸੱਭਿਆਚਾਰਕ ਅਹਿਮੀਅਤ

ਆਮ ਤੌਰ 'ਤੇ ਪੰਜਾਬੀ ਘਰਾਂ ਵਿਚ ਬਾਸਮਤੀ ਚੌਲਾਂ ਦੀ ਵਰਤੋਂ ਹੀ ਵਧੇਰੇ ਕੀਤੀ ਜਾਂਦੀ ਹੈ। ਚੌਲਾਂ ਦੀ ਪੁਲਾਓ ਜਾਂ ਜਰਦੇ (ਮਿੱਠੇ ਚੌਲਾਂ) ਦੇ ਰੂਪ 'ਚ ਵਰਤੋਂ ਹੁੰਦੀ ਹੈ। ਸੱਭਿਆਚਾਰ 'ਚ ਚੌਲਾਂ ਨੂੰ ਬੇਹੱਦ ਪਵਿੱਤਰ ਮੰਨਿਆ ਗਿਆ ਹੈ। ਹਰ ਧਾਰਮਿਕ ਤੇ ਖ਼ੁਸ਼ੀ ਦੇ ਸਮਾਗਮ ਸਮੇਂ ਇਨ੍ਹਾਂ ਦੀ ਵਰਤੋਂ ਹੁੰਦੀ ਹੈ। ਚੌਲਾਂ ਨੂੰ ਖ਼ੁਸ਼ਹਾਲੀ ਤੇ ਚੰਗੇ ਭਾਗਾਂ ਦਾ ਪ੍ਰਤੀਕ ਆਖਿਆ ਜਾਂਦਾ ਹੈ। ਤੁਸੀਂ ਇਹ ਬੋਲੀ ਜ਼ਰੂਰ ਸੁਣੀ ਹੋਵੇਗੀ, 'ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਮਿਲਾਈਆਂ ਜੋੜੀਆਂ।'

## ਬਿਜਾਈ ਦਾ ਸਮਾਂ

ਚੌਲਾਂ ਹੇਠ ਹੋਏ ਰਕਬੇ ਦੇ ਵਾਧੇ ਨੇ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਵੀ ਖੜ੍ਹੀ ਕੀਤੀ ਹੈ। ਇਹ ਹਰ ਸਾਲ ਹੇਠਾਂ ਜਾ ਰਿਹਾ ਹੈ, ਇਸ ਕਰਕੇ ਕੁਝ ਰਕਬੇ ਨੂੰ ਝੋਨੇ ਹੇਠੋਂ ਕੱਢ ਕੇ ਦੂਜੀਆਂ ਫ਼ਸਲਾਂ ਬੀਜਣ ਦੀ ਲੋੜ ਹੈ। ਰੇਤਲੀਆਂ ਤੇ ਉੱਚੀਆਂ ਥਾਵਾਂ 'ਤੇ ਮੱਕੀ ਜਾਂ ਦਾਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਪਨੀਰੀ ਦੀ ਬਿਜਾਈ ਜੇਠ ਦੀ ਸੰਗਰਾਂਦ ਤੋਂ ਪਿੱਛੋਂ ਸ਼ੁਰੂ ਕਰਨੀ ਚਾਹੀਦੀ ਹੈ ਤੇ ਖੇਤ 'ਚ ਪਨੀਰੀ ਦੀ ਲੁਆਈ ਹਾੜ ਦੀ ਸੰਗਰਾਂਦ ਪਿੱਛੋਂ ਸ਼ੁਰੂ ਕੀਤੀ ਜਾਵੇ। ਜੇ ਜੁਲਾਈ ਦੇ ਪਹਿਲੇ ਹਫ਼ਤੇ ਪਨੀਰੀ ਲਗਾਈ ਜਾਵੇ ਤਦ ਵੀ ਝਾੜ ਪੂਰਾ ਪ੍ਰਾਪਤ ਹੁੰਦਾ ਹੈ। ਅਜਿਹਾ ਕੀਤਿਆਂ ਪਾਣੀ ਦੀ ਬੱਚਤ ਵੀ ਹੁੰਦੀ ਤੇ ਫ਼ਸਲ ਉੱਪਰ ਬਿਮਾਰੀਆਂ ਤੇ ਕੀੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ।

## ਉੱਨਤ ਕਿਸਮਾਂ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਇਸ ਵਾਰ ਅਜਿਹੀ ਕਿਸਮ ਕਾਸ਼ਤ ਲਈ ਤਿਆਰ ਕੀਤੀ ਹੈ, ਜਿਹੜੀ ਸਿਰਫ਼ 123 ਦਿਨਾਂ 'ਚ ਪੱਕ ਜਾਂਦੀ ਹੈ। ਇਸ ਦਾ ਝਾੜ ਵੀ 30 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ ਦਾ ਨਾਂ ਪੀਆਰ-126 ਹੈ। ਇਹ ਝੁਲਸ ਰੋਗ ਦਾ ਵੀ ਮੁਕਾਬਲਾ ਕਰ ਸਕਦੀ ਹੈ। ਸਭ ਤੋਂ ਵੱਧ ਝਾੜ ਦੇਣ ਵਾਲੀ ਕਿਸਮ ਪੀਆਰ-124 ਹੈ ਪਰ ਇਹ ਪੱਕਣ 'ਚ 135 ਦਿਨ ਲੈਂਦੀ ਹੈ। ਦੂਜੀਆਂ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਪੀਆਰ-121, ਪੀਆਰ-122, ਪੀਆਰ-123, ਪੀਆਰ-113, ਪੀਆਰ-114 ਤੇ ਪੀਆਰ-115 ਹਨ। ਅਗੇਤੀ ਬਿਜਾਈ ਲਈ ਪੀਆਰ-121 ਤੇ ਪੀਆਰ-122, ਪੀਆਰ-124 ਕਿਸਮਾਂ ਤੇ ਪਿਛੇਤੀ ਬਿਜਾਈ ਲਈ ਪੀਆਰ-126 ਜਾਂ ਪੀਆਰ-115 ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਜੇ ਕੁਝ ਰਕਬੇ 'ਚ ਬਿਜਾਈ ਪਿਛੇਤੀ ਹੋ ਜਾਵੇ ਤਾਂ ਉਥੇ ਬਾਸਮਤੀ ਦੀ ਕਾਸ਼ਤ ਕਰੋ। ਬਾਸਮਤੀ ਦੀਆਂ ਇਸ ਵਾਰ ਪੰਜਾਬ ਬਾਸਮਤੀ-5 ਤੇ ਪੰਜਾਬ ਬਾਸਮਤੀ-4 ਨਵੀਆਂ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਸੀਐੱਸਆਰ-30, ਪੰਜਾਬ ਬਾਸਮਤੀ-3, ਪੰਜਾਬ ਬਾਸਮਤੀ-2, ਬਾਸਮਤੀ-370 ਅਤੇ ਬਾਸਮਤੀ-386 ਕਿਸਮਾਂ ਹਨ। ਇਕ ਏਕੜ ਦੀ ਪਨੀਰੀ ਲਈ ਅੱਠ ਕਿੱਲੋ ਬੀਜ ਚਾਹੀਦਾ ਹੈ। ਇਕ ਮਹੀਨੇ ਦੀ ਪਨੀਰੀ ਨੂੰ ਪੁੱਟ ਕੇ ਖੇਤ ਵਿਚ ਲਗਾਇਆ ਜਾ ਸਕਦਾ ਹੈ। ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਦਾ ਮਾਣ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ਼ ਨੂੰ ਪ੍ਰਾਪਤ ਹੋਇਆ ਹੈ। •

ਮੋਬਾਈਲ 94170-87328

• ਦਰਬਾਰਾ ਸਿੰਘ ਕਾਹਲੋਂ



# ਐਨਜੀਟੀ ਦੀ ਤਲਵਾਰ ਕਿਸਾਨਾਂ ਸਿਰ ਹੀ ਕਿਉਂ?

ਕਿਰਸਾਨੀ ਦਾ ਦੁਖਾਂਤ ਇਹ ਹੈ ਕਿ ਉਸ ਦੀ ਵਿੱਤੀ, ਪਰਿਵਾਰਕ ਤੇ ਮਾਨਸਿਕ ਸਥਿਤੀ ਨੂੰ ਸਮਝਣ ਲਈ ਕੋਈ ਤਿਆਰ ਨਹੀਂ। ਇਕ ਪਾਸੇ ਝੋਨੇ ਦੀ ਫ਼ਸਲ ਮੰਡੀਆਂ 'ਚ ਆਉਣੀ ਸ਼ੁਰੂ ਹੋ ਗਈ ਹੈ, ਦੂਸਰੇ ਪਾਸੇ ਰਾਸ਼ਟਰੀ ਗਰੀਨ ਟ੍ਰਿਬਿਊਨਲ (ਐਨਜੀਟੀ), ਕੇਂਦਰੀ ਤੇ ਸੂਬਾਈ ਪ੍ਰਸ਼ਾਸਨ ਦੀ ਤਲਵਾਰ ਕਿਸਾਨਾਂ ਸਿਰ ਲਟਕਾਈ ਜਾ ਰਹੀ ਹੈ। ਰਾਸ਼ਟਰੀ ਗਰੀਨ ਟ੍ਰਿਬਿਊਨਲ ਵਾਤਾਵਰਨ ਪ੍ਰਦੂਸ਼ਣ, ਹਵਾ 'ਚ ਫ਼ੈਲਦੀਆਂ ਮਾਰੂ ਗੈਸਾਂ ਤੇ ਧੂੰਆਂ ਰੋਕਣ ਦੇ ਬਹਾਨੇ, ਕਿਸਾਨਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੇ ਫ਼ੁਰਮਾਨ ਜਾਰੀ ਕਰ ਰਿਹਾ ਹੈ।

## ਕੋਈ ਨਹੀਂ ਸਮਝ ਰਿਹਾ ਕਿਸਾਨ ਦੀ ਮਨੋਸਥਿਤੀ

ਕਿਰਸਾਨੀ ਦਾ ਗੁੰਝਲਦਾਰ ਦੁਖਾਂਤ ਇਹ ਹੈ ਕਿ ਉਸ ਦੀ ਵਿੱਤੀ, ਪਰਿਵਾਰਕ ਤੇ ਮਾਨਸਿਕ ਸਥਿਤੀ ਨੂੰ ਕੋਈ ਨਹੀਂ ਸਮਝ ਰਿਹਾ। ਕੇਂਦਰ, ਰਾਜ ਸਰਕਾਰਾਂ, ਪ੍ਰਸ਼ਾਸਨ, ਰਾਸ਼ਟਰੀ ਗਰੀਨ ਟ੍ਰਿਬਿਊਨਲ, ਕਾਰਪੋਰੇਟ ਘਰਾਣੇ, ਨਿੱਤ ਨਵੀਂ ਘਟੀਆ ਮਸ਼ੀਨਰੀ ਤਿਆਰ ਕਰਨ ਵਾਲੀਆਂ ਕੰਪਨੀਆਂ ਮਿਲ ਕੇ ਉਸ 'ਤੇ ਦਬਾਅ ਬਣਾ ਰਹੇ ਹਨ। ਕੋਈ ਨਹੀਂ ਸਮਝ ਰਿਹਾ ਕਿ ਕਿਸਾਨ ਇਸ ਸਥਿਤੀ 'ਚ ਨਹੀਂ ਹੈ ਕਿ ਉਹ ਝੋਨੇ ਤੇ ਕਣਕ ਦੇ ਵੱਢਾਂ ਨੂੰ ਖੇਤ 'ਚ ਕੁਤਰ ਕੇ ਆਪਣੀ ਜ਼ਮੀਨ ਅਗਲੀ ਫ਼ਸਲ ਲਈ ਤਿਆਰ ਕਰ ਸਕੇ। ਉਸ ਦੀ ਵਿੱਤੀ ਮੰਦਹਾਲੀ, ਗ਼ੁਰਬਤ, ਕਰਜ਼ੇ ਨਾਲ ਟੁੱਟੀ ਧੌਣ ਦੀ ਤਰਸਯੋਗ ਹਾਲਤ ਵੱਲ ਕੋਈ ਗ਼ੌਰ ਨਹੀਂ ਕਰ ਰਿਹਾ। ਪੂਰੇ ਦੇਸ਼ ਅੰਦਰ ਉਸ ਨੂੰ ਖ਼ੁਦਕੁਸ਼ੀਆਂ ਦੇ ਦੌਰ ਵੱਲ ਧੱਕਿਆ ਜਾ ਰਿਹਾ ਹੈ। ਉਸ ਦੀ ਅਗਲੀ ਪੀੜ੍ਹੀ ਨੂੰ ਘਾਟੇਵੰਦਾ ਖੇਤੀ ਧੰਦਾ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੇ ਉਸ ਕੋਲ ਲੋੜੀਂਦੇ ਸੰਦ ਤੇ ਧਨ ਹੋਵੇ ਤਾਂ ਕਿਹੜਾ ਕਿਸਾਨ ਆਪਣੀ ਜ਼ਮੀਨ ਨੂੰ ਅੱਗ ਹਵਾਲੇ ਕਰਨਾ ਚਾਹੁੰਦਾ ਹੈ। ਐਨਜੀਟੀ, ਕੇਂਦਰ ਤੇ ਰਾਜ ਸਰਕਾਰਾਂ, ਅਫ਼ਸਰਸ਼ਾਹੀ, ਕਾਰਪੋਰੇਟ ਘਰਾਣੇ ਤੇ ਏਸੀ ਕਮਰਿਆਂ 'ਚ ਬੈਠੇ ਖੇਤੀ ਮਾਹਿਰ ਵੀ ਕਿਸਾਨਾਂ ਬਾਰੇ ਕੁਝ ਨਹੀਂ ਜਾਣਦੇ।

## ਕਿਸੇ ਨੇ ਨਹੀਂ ਫੜੀ ਅੰਨਦਾਤਾ ਦੀ ਬਾਂਹ

ਆਜ਼ਾਦੀ ਤੋਂ ਬਾਅਦ ਦੇਸ਼ ਅਨਾਜ ਸੰਕਟ 'ਚ ਫਸਿਆ ਸੀ। ਭਾਰਤ ਨੂੰ ਅਮਰੀਕਾ ਨਾਲ ਪੀਐੱਲ-480 ਨਾਂ ਦਾ ਮਾਰੂ ਸਮਝੌਤਾ ਕਰਨਾ ਪਿਆ। ਇਸ ਸਮਝੌਤੇ ਤਹਿਤ ਦੇਸ਼ ਨੂੰ ਅੰਨ ਦੀ ਪੂਰਤੀ ਲਈ ਅਮਰੀਕਾ ਅੱਗੇ ਹਾੜੇ ਕੱਢਣੇ ਪੈਂਦੇ ਸਨ। ਇੰਦਰਾ ਗਾਂਧੀ ਜਦੋਂ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਲਿੰਡਨ ਜੋਹਨਸਨ ਨੂੰ ਅਨਾਜ ਖ਼ਾਤਰ ਟੈਲੀਫੋਨ ਕਰਨਾ ਪਿਆ। ਲਿੰਡਨ ਦੇ ਰਵਈਏ ਤੋਂ ਉਨ੍ਹਾਂ ਆਪਣੀ ਤੇ ਆਪਣੇ ਰਾਸ਼ਟਰ ਦੀ ਬੇਇੱਜ਼ਤੀ ਮਹਿਸੂਸ ਕਰਦਿਆਂ ਟੈਲੀਫੋਨ ਰਿਸੀਵਰ ਪਟਕਾ ਕੇ ਰੱਖਦੇ ਹੋਏ ਗੁੱਸੇ 'ਚ ਕਿਹਾ, 'ਮੈਂ ਨਹੀਂ ਚਾਹਾਂਗੀ ਕਿ ਸਾਨੂੰ ਮੁੜ ਅਨਾਜ ਲਈ ਅਮਰੀਕਾ ਦੇ ਹਾੜੇ ਕੱਢਣੇ ਪੈਣ।' ਫਿਰ ਕੀ ਸੀ? ਦੇਸ਼ ਤੇ ਪ੍ਰਧਾਨ ਮੰਤਰੀ ਦੀ ਮਾਣ-ਮਰਿਆਦਾ ਲਈ ਕਿਸਾਨ ਰਾਤ-ਦਿਨ ਜੁਟ ਗਿਆ। ਖੇਤੀ ਮਾਹਿਰਾਂ ਤੇ ਮਹਿੰਦਰ ਸਿੰਘ ਰੰਧਾਵਾ ਵਰਗੇ ਪ੍ਰਸ਼ਾਸਕਾਂ ਦੀ ਦੇਖ-ਰੇਖ ਹੇਠ ਰਾਤ-ਦਿਨ ਖ਼ੂਨ-ਪਸੀਨਾ ਵਹਾ ਕੇ 'ਹਰਾ ਇਨਕਲਾਬ' ਲਿਆ ਕੇ ਦੇਸ਼ ਨੂੰ ਪੀਐੱਲ ਦੇ ਮਾਰੂ ਸਮਝੌਤੇ 'ਚੋਂ ਬਾਹਰ ਕੱਢ ਲਿਆਂਦਾ। ਹਾਲਾਂਕਿ ਦੇਸ਼, ਕੇਂਦਰ ਤੇ ਰਾਜ ਸਰਕਾਰਾਂ, ਪ੍ਰਸ਼ਾਸਨ, ਕਾਰਪੋਰੇਟ ਘਰਾਣਿਆਂ ਨੇ ਕਿਸਾਨ ਦੀ ਅਮਰੀਕਾ, ਕੈਨੇਡਾ ਜਾਂ ਕੁਝ ਹੋਰ ਪੱਛਮੀ ਦੇਸ਼ਾਂ ਵਾਂਗ ਬਾਂਹ ਨਾ ਫੜੀ। 1951 'ਚ ਖੇਤੀ ਨਾਲ ਜੁੜੇ ਹਲ-ਵਾਹਕਾਂ ਦੀ ਗਿਣਤੀ 6.99 ਕਰੋੜ ਤੇ ਖੇਤ ਮਜ਼ਦੂਰਾਂ ਦੀ ਗਿਣਤੀ 9.72 ਕਰੋੜ ਸੀ। ਖੇਤੀ ਸੈਕਟਰ ਕਰੀਬ 52 ਫ਼ੀਸਦੀ ਰਾਸ਼ਟਰੀ ਜੀਡੀਪੀ ਵਿਚ ਯੋਗਦਾਨ ਪਾਉਂਦਾ ਸੀ। 2011 ਦੀ ਮਰਦਮਸ਼ੁਮਾਰੀ ਅਨੁਸਾਰ ਅੱਜ ਹਲ-ਵਾਹਕ ਵਧ ਕੇ 11.87 ਕਰੋੜ ਤੇ ਖੇਤ ਮਜ਼ਦੂਰ 26.3 ਕਰੋੜ ਹਨ ਪਰ ਰਾਸ਼ਟਰੀ ਜੀਡੀਪੀ ਵਿਚ ਖੇਤੀ ਸੈਕਟਰ ਦਾ ਯੋਗਦਾਨ ਘਟ ਕੇ 17.9 ਫ਼ੀਸਦੀ ਰਹਿ ਗਿਆ ਹੈ। ਇਹ ਵੀ ਸੱਚ ਹੈ ਕਿ ਦੇਸ਼ ਦੀ ਆਰਥਿਕਤਾ ਅੱਜ ਵੀ ਬੁਨਿਆਦੀ ਤੌਰ 'ਤੇ ਖੇਤੀ ਆਧਾਰਿਤ ਹੈ। ਦੇਸ਼ ਦੇ 58.4 ਫ਼ੀਸਦੀ ਲੋਕ ਇਸ ਧੰਦੇ 'ਤੇ ਨਿਰਭਰ ਹਨ ਅਤੇ ਦੇਸ਼ ਦੇ ਅੱਧੇ ਬੇਰੁਜ਼ਗਾਰਾਂ ਲਈ ਕਿਰਸਾਨੀ ਦਾ ਧੰਦਾ ਹੀ ਰੁਜ਼ਗਾਰ ਦਾ ਮੁੱਖ ਸਾਧਨ ਹੈ।

### ਜੁਰਮਾਨੇ ਦੀ ਦਹਿਸ਼ਤ

*ਕੇਂਦਰ ਸਰਕਾਰ ਦੇ ਖੇਤੀ ਪ੍ਰਦੂਸ਼ਣ ਰੋਕਥਾਮ ਨਾਲ ਸਬੰਧਤ ਅਧਿਕਾਰੀ, ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਖੇਤੀਬਾੜੀ ਤੇ ਵਾਤਾਵਰਨ ਸੰਭਾਲ ਨਾਲ ਜੁੜੇ ਅਧਿਕਾਰੀ ਪ੍ਰਸ਼ਾਸਕੀ ਫ਼ੁਰਮਾਨ, ਖ਼ਾਨਾਪੂਰਤੀ ਸੈਮੀਨਾਰਾਂ ਰਾਹੀਂ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਦੇ ਵੱਢ ਤੇ ਮੁੱਢੀਆਂ ਨਾ ਸਾੜਨ ਸਬੰਧੀ ਕਵਾਇਦ ਕਰ ਰਹੇ ਹਨ। ਕਿਸਾਨਾਂ ਨੂੰ ਸਬਸਿਡੀਆਂ 'ਤੇ ਰੋਟਾਵੇਟਰ, ਹੈਪੀਸੀਡਰ, ਮਲਚਰ ਆਦਿ ਸੰਦ ਮੁਹੱਈਆ ਕਰਵਾਉਣ 'ਤੇ ਜ਼ੋਰ ਪਾ ਰਹੇ ਹਨ ਤਾਂ ਕਿ ਪਰਾਲੀ, ਵੱਢ ਤੇ ਮੁੱਢ ਖੇਤ ਵਿਚ ਹੀ ਕੁਤਰ ਕੇ ਵਹਾਈ ਰਾਹੀਂ ਅਗਲੀ ਫ਼ਸਲ ਲਈ ਜ਼ਮੀਨ ਤਿਆਰ ਕੀਤੀ ਜਾ ਸਕੇ। ਇਸ ਨਾਲ ਕਿਸਾਨਾਂ ਨੂੰ ਡਰਾਉਣ, ਧਮਕਾਉਣ, ਪਰੇਸ਼ਾਨ ਕਰਨ ਲਈ ਪ੍ਰਤੀ ਏਕੜ 2500 ਤੋਂ 15,000 ਰੁਪਏ ਜੁਰਮਾਨਾ ਕਰਨ ਦਾ ਫੁਰਮਾਨ ਵੀ ਜਾਰੀ ਕੀਤਾ ਗਿਆ ਹੈ।*





### ਦੂਸਰੇ ਪ੍ਰਦੂਸ਼ਕਾਂ ਬਾਰੇ ਟ੍ਰਿਬਿਊਨਲ ਚੁੱਪ

*ਰਾਜ ਸਰਕਾਰਾਂ, ਸਥਾਨਕ ਸਰਕਾਰਾਂ ਦੇ ਵਜ਼ੀਰਾਂ, ਪ੍ਰਸ਼ਾਸਨ, ਕੇਂਦਰ ਸਰਕਾਰਾਂ ਤੇ ਖ਼ਾਸਕਰ ਰਾਸ਼ਟਰੀ ਗਰੀਨ ਟ੍ਰਿਬਿਊਨਲ ਨੇ ਕਦੇ ਇਹ ਨੋਟਿਸ ਲਿਆ ਹੈ ਕਿ ਸਾਡੇ ਦਰਿਆ, ਨਦੀਆਂ, ਨਾਲੇ, ਨਹਿਰਾਂ, ਸੂਇਆਂ ਲਾਗੇ ਵਸਦੇ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਨੇ ਸਾਰਾ ਸੀਵਰੇਜ, ਸਨਅਤਾਂ ਦਾ ਅਤਿ ਗੰਦਾ ਪਾਣੀ ਇਨ੍ਹਾਂ ਵਿਚ ਸੁੱਟ ਕੇ ਧਰਤੀ, ਵਾਤਾਵਰਨ ਤੇ ਪਾਣੀ ਗੰਧਲਾ ਕੀਤਾ ਹੋਇਆ ਹੈ। ਪੰਜਾਬ ਦੀ ਧਰਤੀ, ਹਵਾ ਤੇ ਪਾਣੀ ਇਸ ਜੁਰਮ ਨੇ ਜ਼ਹਿਰੀਲੇ ਬਣਾ ਦਿੱਤੇ ਹਨ। ਪਿਛਲੇ ਸਾਢੇ ਤਿੰਨ ਸਾਲਾਂ ਵਿਚ ਪ੍ਰਧਾਨ ਮੰਤਰੀ ਗੰਗਾ ਸਾਫ਼ ਨਹੀਂ ਕਰਵਾ ਸਕੇ। ਜਿਸ ਕਾਰਨ ਉਨ੍ਹਾਂ ਨੂੰ ਕੁਮਾਰੀ ਉਮਾ ਭਾਰਤੀ ਦੀਆਂ ਸ਼ਕਤੀਆਂ ਘਟਾਉਣੀਆਂ ਪਈਆਂ। ਪੂਰੇ ਦੇਸ਼ ਵਿਚ ਚਾਰ ਤੇ ਛੇ ਮਾਰਗੀ ਸੜਕਾਂ ਉਸਾਰਨ ਲਈ ਕਰੋੜਾਂ ਦਰੱਖ਼ਤਾਂ ਦੀ ਬਲੀ ਦੇ ਦਿੱਤੀ ਗਈ। ਕੀ ਇਨ੍ਹਾਂ ਦੀ ਥਾਂ ਹੋਰ ਦਰੱਖ਼ਤ ਲਗਾਏ ਗਏ ਹਨ? ਪੂਰੇ ਦੇਸ਼ ਅਤੇ ਖ਼ਾਸਕਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਹਮਦਰਦ ਚੇਤੰਨ ਲੋਕ, ਕੇਂਦਰ ਤੇ ਰਾਜ ਸਰਕਾਰਾਂ, ਪ੍ਰਸ਼ਾਸਨ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਅਪੀਲ ਹੈ ਕਿ ਝੋਨੇ, ਕਣਕ, ਕਪਾਹ ਆਦਿ ਦੇ ਖੇਤਾਂ 'ਚੋਂ ਵੱਢਾਂ ਤੇ ਮੁੱਢੀਆਂ ਦੇ ਕੁਤਰੇ ਦੀ ਸੰਭਾਲ ਦਾ ਪ੍ਰਬੰਧ ਉਹ ਖ਼ੁਦ ਕਰਨ ਜਾਂ ਕਿਸਾਨ ਨੂੰ ਪ੍ਰਤੀ ਏਕੜ ਤਿੰਨ ਹਜ਼ਾਰ ਰੁਪਏ ਨਕਦ ਦੇਣ ਦਾ ਪ੍ਰਬੰਧ ਕਰਨ ਅਤੇ ਇਹ ਹਰ ਸਾਲ ਮਹਿੰਗਾਈ ਅਨੁਸਾਰ ਵਧਣੇ ਚਾਹੀਦੇ ਹਨ। ਖੇਤੀ ਪ੍ਰਦੂਸ਼ਣ ਰੋਕਣ ਦਾ ਇਹੋ ਵਧੀਆ ਢੰਗ ਹੈ।*

## ਤੇਜ਼ੀ ਨਾਲ ਵਧ ਰਿਹੈ ਖੇਤੀ ਸੰਕਟ

ਕਿਸਾਨ ਦੀ ਹਾਲਤ ਬਹੁਤ ਦਰਦਨਾਕ ਹੈ। ਭਾਰਤ ਚਿੰਤਾਜਨਕ 'ਖੇਤੀ ਸੰਕਟ' ਵੱਲ ਵਧ ਰਿਹਾ ਹੈ। ਜੇ ਇਸ ਸੰਕਟ ਦਾ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਸਹੀ ਹੱਲ ਨਾ ਕੱਢਿਆ ਗਿਆ ਤਾਂ ਇਸ ਦਾ ਭਿਆਨਕ ਰੂਪ ਸੋਚ ਤੋਂ ਬਾਹਰ ਹੋਵੇਗਾ। ਵਿਸ਼ਵ ਦੀ 17.78 ਫ਼ੀਸਦੀ ਜਨਤਾ ਭਾਰਤ 'ਚ ਹੈ। ਸਾਡੇ ਕੋਲ 4.2 ਫ਼ੀਸਦੀ ਪਾਣੀ ਹੈ ਜਦਕਿ 2.3 ਫ਼ੀਸਦੀ ਧਰਤੀ। 2019 ਦੀ ਮੌਸਮ ਬਦਲੀ ਸਬੰਧੀ 10 ਨੰਬਰਾਂ ਵਾਲੀ ਸਕੇਲ 'ਚ ਅਸੀਂ ਨੌਂ ਪੁਆਇੰਟਾਂ ਨਾਲ ਖ਼ਤਰਨਾਕ ਪੜਾਅ 'ਤੇ ਹੋਵਾਂਗੇ। 2013 ਦੇ ਸਰਵੇ ਅਨੁਸਾਰ 52 ਫ਼ੀਸਦੀ ਕਿਸਾਨ ਕਰਜ਼ੇ ਹੇਠ ਹਨ। ਹਰ ਕਿਸਾਨ 47,000 ਰੁਪਏ ਦੇ ਕਰਜ਼ ਹੇਠ ਹੈ। ਪੰਜਾਬ 'ਚ ਇਹ ਕਰਜ਼ਾ ਪ੍ਰਤੀ ਕਿਸਾਨ ਚਾਰ ਤੋਂ ਪੰਜ ਲੱਖ ਰੁਪਏ ਹੈ। ਹਰ ਸਾਲ 10 ਤੋਂ 12 ਹਜ਼ਾਰ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਰਾਸ਼ਟਰੀ ਜੁਰਮ ਰਿਕਾਰਡ ਬਿਊਰੋ ਅਨੁਸਾਰ ਕਰਜ਼ਾ ਕਿਸਾਨ ਦੇ ਗਲੇ ਦਾ ਫੰਦਾ ਬਣ ਚੁੱਕਾ ਹੈ। ਇਹ ਸਥਿਤੀ ਸ਼ਾਸਕਾਂ ਲਈ ਬੇਹੱਦ ਸ਼ਰਮਨਾਕ ਹੈ।

## ਖੇਤੀ ਨੀਤੀ ਵੀ ਨਾ ਘੜ ਸਕੇ ਅਸੀਂ

70 ਸਾਲਾਂ 'ਚ ਅਸੀਂ ਕੋਈ ਖੇਤੀ ਨੀਤੀ ਨਹੀਂ ਘੜ ਸਕੇ, ਜੋ ਕਿਸਾਨ ਦਾ ਜੀਵਨ ਮਿਆਰ ਔਸਤਨ ਸਹੀ ਰੱਖਦੀ। ਇਸ ਦੇਸ਼ ਦੇ ਲਾਲੂ ਪ੍ਰਸ਼ਾਦ ਯਾਦਵ ਵਰਗੇ ਸੱਤੂ ਖਾ ਕੇ ਗੁਜ਼ਾਰਾ ਕਰਨ ਵਾਲੇ ਲੋਕ ਮਰਹੂਮ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਅਰਬਾਂ-ਖਰਬਾਂ ਦੇ ਮਾਲਕ ਬਣ ਜਾਂਦੇ ਹਨ। ਇਕ ਵਾਰ ਵਿਧਾਇਕ ਜਾਂ ਸੰਸਦ ਮੈਂਬਰ ਬਣਨ ਨਾਲ ਹਜ਼ਾਰਾਂ ਰੁਪਏ ਪੈਨਸ਼ਨ ਤੇ ਹੋਰ ਸਹੂਲਤਾਂ ਦੇ ਮਾਲਕ ਬਣ ਜਾਂਦੇ ਹਨ। 80-90 ਸਾਲ ਦੀ ਉਮਰ ਤਕ ਖੇਤ 'ਚ ਕੰਮ ਕਰਨ ਵਾਲੇ ਕਿਸਾਨ ਲਈ ਫੁੱਟੀ ਕੌਡੀ ਪੈਨਸ਼ਨ ਦੀ ਦਰਕਾਰ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਇਹ ਪ੍ਰਚਾਰ ਰਹੀ ਹੈ ਕਿ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਇਕ ਸਰਵੇ ਅਨੁਸਾਰ ਭਾਰਤੀ ਕਿਸਾਨ ਦੀ ਔਸਤ ਮਾਸਿਕ ਆਮਦਨ 1600 ਰੁਪਏ ਹੈ, ਜੇ ਤੁਸੀਂ ਇਸ ਨੂੰ 3200 ਰੁਪਏ ਕਰ ਵੀ ਦਿਓਗੇ ਤਾਂ ਕਿਹੜਾ ਤੀਰ ਮਾਰ ਲਿਆ? 2013 ਦੇ ਇਕ ਸਰਵੇ ਅਨੁਸਾਰ ਖੇਤੀ, ਪਸ਼ੂ ਪਾਲਣ, ਗ਼ੈਰ-ਖੇਤੀ ਧੰਦੇ ਤੋਂ ਔਸਤ ਭਾਰਤੀ ਘਰ ਦੀ ਆਮਦਨ 6246 ਰੁਪਏ ਤੇ ਖ਼ਰਚ 6223 ਰੁਪਏ/ਮਹੀਨਾ ਹੈ। ਕਿਸਾਨ ਨੂੰ ਜੇ ਇਸ ਸੂਚੀ 'ਚ ਸ਼ਾਮਲ ਕਰ ਲਓ ਤਾਂ ਉਸ ਕੋਲ ਅਗਲੀ ਫ਼ਸਲ ਦੀ ਤਿਆਰੀ ਲਈ ਕੁਝ ਵੀ ਨਹੀਂ ਬਚਦਾ। ਧਰਾਤਲ ਨਾਲ ਜੁੜੇ ਪੰਜਾਬ ਦੇ ਕਿਸਾਨ ਲਈ 'ਆਪਣੀ ਮੰਡੀ' ਦੇ ਖੋਜੀ (ਜਿਸ ਨੂੰ ਪੰਜਾਬ ਸਰਕਾਰ ਨਹੀਂ ਅਪਣਾ ਰਹੀ) ਡਾ. ਅਮਰੀਕ ਸਿੰਘ ਅਨੁਸਾਰ ਪ੍ਰਤੀ ਏਕੜ ਝੋਨੇ ਦੀ ਪਰਾਲੀ, ਮੁੱਢੀਆਂ ਕੁਤਰ ਕੇ ਖੇਤ ਤਿਆਰ ਕਰਨ ਲਈ ਤਿੰਨ ਹਜ਼ਾਰ ਰੁਪਏ ਖ਼ਰਚ ਆਉਂਦਾ ਹੈ। ਕਿਸਾਨ ਇਹ ਕੰਮ ਤਾਂ ਹੀ ਕਰ ਸਕਦਾ ਹੈ ਜੇ ਕੇਂਦਰ ਤੇ ਰਾਜ ਸਰਕਾਰਾਂ ਉਸ ਨੂੰ ਪ੍ਰਤੀ ਏਕੜ ਤਿੰਨ ਹਜ਼ਾਰ ਰੁਪਏ ਨਕਦ ਸਬਸਿਡੀ ਦੇਵੇ ਜਾਂ ਇਸ ਦਾ ਪ੍ਰਬੰਧ ਆਪ ਕਰਨ ਦੇਵੇ। ਉਸ ਕੋਲ ਤਾਂ ਬੱਚੇ ਪੜ੍ਹਾਉਣ, ਦਵਾ-ਦਾਰੂ ਤੇ ਅਗਲੀ ਫ਼ਸਲ ਦੀ ਤਿਆਰੀ ਲਈ ਧੇਲਾ ਵੀ ਨਹੀਂ ਬਚਦਾ। •

ਮੋਬਾਈਲ 94170-94034

*ਪਰਾਲੀ ਸਾੜਨ ਨਾਲ ਵਾਤਾਵਰਨ ਦੇ ਹੋ ਰਹੇ ਵੱਡੇ ਨੁਕਸਾਨ ਤੋਂ ਬਚਣ ਲਈ ਖੇਤੀ ਮਸ਼ੀਨਰੀ ਦੀ ਮਦਦ ਨਾਲ ਪਰਾਲੀ ਨੂੰ ਖੇਤ ਵਿਚ ਹੀ ਨਸ਼ਟ ਕਰ ਕੇ ਇਸ ਨੂੰ ਅਗਲੀ ਫ਼ਸਲ ਲਈ ਖਾਦ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਸਕਦਾ ਹੈ...*

# ਪਰਾਲੀ ਨੂੰ ਸਾੜਨ ਤੋਂ ਬਗ਼ੈਰ ਕਣਕ ਦੀ ਬਿਜਾਈ

• ਡਾ. ਅਮਰੀਕ ਸਿੰਘ

ਪੰਜਾਬ ਵਿਚ ਝੋਨੇ ਦੀ ਕਾਸ਼ਤ ਕਰੀਬ 30 ਲੱਖ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ, ਜਿਸ ਤੋਂ ਕਰੀਬ 19.70 ਮਿਲੀਅਨ ਟਨ ਪਰਾਲੀ ਹਰ ਸਾਲ ਪੈਦਾ ਹੁੰਦੀ ਹੈ। ਇਸ ਵਿੱਚੋਂ 2.70 ਮਿਲੀਅਨ ਟਨ ਬਾਸਮਤੀ ਦੀ ਪਰਾਲੀ ਪਸ਼ੂਆਂ ਦੇ ਚਾਰੇ ਲਈ ਵਰਤ ਲਈ ਜਾਂਦੀ ਹੈ। ਝੋਨੇ ਤੋਂ ਪੈਦਾ ਹੋਈ 1.60 ਮਿਲੀਅਨ ਟਨ ਪਰਾਲੀ ਸਨਅਤੀ ਖੇਤਰ ਤੇ ਹੋਰ ਕੰਮਾਂ ਲਈ ਵਰਤ ਲਈ ਜਾਂਦੀ ਹੈ।

## ਪਰਾਲੀ ਸਾੜਨ ਦੇ ਵੱਡੇ ਨੁਕਸਾਨ

ਝੋਨੇ ਦੀ ਕਟਾਈ ਤੋਂ ਬਾਅਦ ਕਣਕ ਦੀ ਬਿਜਾਈ ਵਿਚ ਸਮਾਂ ਘੱਟ ਹੋਣ ਕਾਰਨ ਕਿਸਾਨਾਂ ਵੱਲੋਂ ਕਰੀਬ 15.39 ਮਿਲੀਅਨ ਟਨ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜ ਦਿੱਤਾ ਜਾਂਦਾ ਹੈ। ਇਕ ਟਨ ਪਰਾਲੀ ਸਾੜਨ ਨਾਲ 400 ਕਿੱਲੋ ਜੈਵਿਕ ਕਾਰਬਨ, 5.5 ਕਿੱਲੋ ਨਾਈਟਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼, 1.2 ਕਿੱਲੋ ਸਲਫਰ ਤੇ ਮਿੱਟੀ ਵਿਚਲੇ ਲਘੂ ਤੱਤਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਪਰਾਲੀ ਨੂੰ ਸਾੜਣ ਨਾਲ ਕਰੀਬ 244 ਲੱਖ ਟਨ ਜ਼ਹਿਰੀਲੀਆਂ ਗੈਸਾਂ ਪੈਦਾ ਹੋਣਗੀਆਂ, ਜਿਸ ਕਾਰਨ ਮਨੁੱਖਾਂ ਵਿਚ ਸਾਹ, ਅੱਖਾਂ 'ਚ ਜਲਣ ਤੇ ਚਮੜੀ ਦੇ ਰੋਗਾਂ ਦਾ ਖ਼ਤਰਾ ਪੈਦਾ ਹੋ ਜਾਵੇਗਾ। ਇਸ ਤੋਂ ਇਲਾਵਾ ਹਾਦਸਿਆਂ ਦੀ ਦਰ ਵੀ ਧੂੰਏਂ ਕਾਰਨ ਵਧ ਜਾਂਦੀ ਹੈ।

## ਵਾਤਾਵਰਨ ਤਬਦੀਲੀਆਂ ਦਾ ਉਤਪਾਦਨ 'ਤੇ ਅਸਰ

ਵਾਤਾਵਰਨ ਵਿਚ ਆ ਰਹੇ ਬਦਲਾਅ ਦੇ ਪ੍ਰਭਾਵ ਪਹਿਲਾਂ ਹੀ ਸਾਡੇ ਸਾਹਮਣੇ ਹਨ, ਜਿਸ ਨਾਲ ਕਿਧਰੇ ਹੜ ਤੇ ਕਿਧਰੇ ਸੋਕਾ ਪੈ ਰਿਹਾ ਹੈ। ਮਾਹਿਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਸੰਨ 2050 ਤਕ ਗਰਮੀਆਂ ਦਾ ਤਾਪਮਾਨ 3.2 ਡਿਗਰੀ ਸੈਂਟੀਗ੍ਰੇਡ ਤੇ ਸੰਨ 2080 ਤਕ 4.5 ਡਿਗਰੀ ਸੈਂਟੀਗ੍ਰੇਡ ਵਧ ਜਾਵੇਗਾ। ਖੇਤੀ ਮਾਹਿਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਭਾਰਤ ਵਿਚ 2 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿਚ ਵਾਧਾ ਕਣਕ ਦੀ 0.45 ਮੀਟਰਿਕ ਟਨ ਤੇ ਝੋਨੇ ਦੀ 0.7 ਮੀਟਰਿਕ ਟਨ ਪੈਦਾਵਾਰ ਘਟਾ ਸਕਦਾ ਹੈ। ਇਸੇ ਤਰ੍ਹਾਂ ਤਾਪਮਾਨ ਵਿਚ ਸਿਰਫ 0.5 ਡਿਗਰੀ ਸੈਂਟੀਗ੍ਰੇਡ ਦੇ ਵਾਧੇ ਕਾਰਨ ਪੰਜਾਬ, ਹਰਿਆਣਾ, ਉਤਰਾਖੰਡ ਤੇ ਉੱਤਰ ਪ੍ਰਦੇਸ਼ ਵਿਚ ਕਣਕ ਦੀ ਪੈਦਾਵਾਰ 10 ਫ਼ੀਸਦੀ ਤਕ ਘਟ ਸਕਦੀ ਹੈ। ਮੌਸਮੀ ਤਬਦੀਲੀਆਂ ਕਾਰਨ ਫ਼ਸਲੀ ਕੀੜਿਆਂ ਦੀ ਗਿਣਤੀ ਵਧ ਜਾਂਦੀ ਹੈ।

## ਪਰਾਲੀ ਦੀ ਸੰਭਾਲ

ਵਾਤਾਵਰਣ ਨੂੰ ਸ਼ੁੱਧ ਰੱਖਣ ਤੇ ਮਿੱਟੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤ 'ਚ ਵਾਹ ਕੇ ਕਣਕ ਜਾਂ ਹੋਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਇਸ ਨਾਲ ਪੈਦਾਵਾਰ ਵਧੇਗੀ ਤੇ ਜ਼ਮੀਨ ਦੀ ਸਿਹਤ 'ਚ ਵੀ ਸੁਧਾਰ ਹੋਵੇਗਾ। ਝੋਨੇ ਦੀ ਕਟਾਈ ਜਦ ਕੰਬਾਈਨ ਨਾਲ ਕੀਤੀ ਜਾਂਦੀ ਹੈ ਤਾਂ ਕਾਫੀ ਮਾਤਰਾ 'ਚ ਪਰਾਲੀ ਦਾ ਫੂਸ ਝੋਨੇ ਦੇ ਮੁਢਾਂ ਉੱਪਰ ਇਕੱਠਾ ਹੋ ਜਾਂਦਾ ਹੈ ਤੇ ਤਵੀਆਂ, ਰੋਟਾਵੇਟਰ ਨਾਲ ਇਸ ਫੂਸ ਨੂੰ ਸੰਭਾਲਣਾ ਔਖਾ ਹੁੰਦਾ ਸੀ ਪਰ ਹੁਣ ਝੋਨੇ ਦੀ ਕਟਾਈ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਲੱਗੀ ਕੰਬਾਈਨ ਨਾਲ ਕਰਨ ਕਰਕੇ ਇਹ ਸਮੱਸਿਆ ਕਾਫੀ ਹੱਦ ਤਕ ਹੱਲ ਹੋ ਗਈ ਹੈ। ਐੱਸਐੱਮਐੱਸ ਵਾਲੀ ਕੰਬਾਈਨ ਫੂਸ ਨੂੰ ਕੁਤਰ ਕੇ ਇਕਸਾਰ ਖੇਤ ਵਿਚ ਖਿਲਾਰ ਦਿੰਦੀ ਹੈ। ਕਟਾਈ ਉਪਰੰਤ ਜੇ ਕਣਕ ਬੀਜਣੀ ਹੈ ਤਾਂ ਝੋਨੇ ਦੇ ਮੁੱਢਾਂ ਨੂੰ ਪੀਏਯੂ ਕਟਰ ਕਮ ਸ਼ਰੈਡਰ ਨਾਲ ਕੱਟ ਕੇ, ਉਲਟਾਵੇਂ ਹੱਲ ਜਾਂ ਰੋਟਾਵੇਟਰ ਨਾਲ ਮਿੱਟੀ 'ਚ ਮਿਲਾ ਕੇ ਪਾਣੀ ਲਗਾ ਦੇਣਾ ਚਾਹੀਦਾ। ਜੋ ਕੁਝ ਦਿਨਾਂ ਬਾਅਦ ਗਲ ਜਾਵੇਗਾ ਤੇ ਖੇਤ ਤਿਆਰ ਕਰ ਕੇ ਡਰਿੱਲ ਨਾਲ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਜੇ ਹੈਪੀਸੀਡਰ ਨਾਲ ਕਣਕ ਦੀ ਬਿਜਾਈ ਕਰਨੀ ਹੈ ਤਾਂ ਕਟਰ ਕਮ ਸ਼ਰੈਡਰ ਨਾਲ ਮੁੱਢ ਕੁਤਰ ਕੇ ਖੇਤ ਨੂੰ ਬਿਨਾਂ ਵਾਹਿਆਂ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਹੈਪੀਸੀਡਰ ਨਾਲ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਨਾਸ਼ਕ ਦਵਾਈ ਦੇ ਛਿੜਕਾਅ ਦੀ ਵੀ ਜ਼ਰੂਰਤ ਨਹੀਂ ਪਵੇਗੀ ਤੇ ਪਾਣੀ ਵੀ ਘੱਟ ਲੱਗੇਗਾ। ਲੱਕੀ ਹੈਪੀ ਸੀਡਰ ਮਸ਼ੀਨ ਨਾਲ ਝੋਨੇ ਦੀ ਕਟਾਈ ਤੋਂ ਬਾਅਦ ਖੇਤ ਨੂੰ ਬਿਨਾਂ ਵਾਹਿਆਂ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਹੈਪੀ ਸੀਡਰ ਅਜਿਹੀ ਮਸ਼ੀਨ ਹੈ ਜਿਸ ਨਾਲ ਇੱਕੋ ਸਮੇਂ ਪਰਾਲੀ ਨੂੰ ਕੁਤਰ ਕੇ ਖੇਤ 'ਚ ਖਿਲਾਰਨ ਦੇ ਨਾਲ-ਨਾਲ ਕਣਕ ਦੀ ਸਿੱਧੀ ਬਿਜਾਈ ਕੀਤੀ ਜਾਂਦੀ ਹੈ। ਜੇ ਆਲੂ ਜਾਂ ਮਟਰ ਬੀਜਣੇ ਹਨ ਤਾਂ ਐੱਸਐੱਮਐੱਸ ਲੱਗੀ ਕੰਬਾਈਨ ਨਾਲ ਕਟਾਈ ਉਪਰੰਤ ਚੌਪਰ ਕਮ ਸ਼ਰੈਡਰ ਨਾਲ ਮੁੱਢ ਕੁਤਰ ਕੇ ਇਕ ਪਾੜ ਰੋਟਾਵੇਟਰ ਦੀ ਪਾਉਣ ਉਪਰੰਤ ਹਲ ਨਾਲ ਪਰਾਲੀ ਨੂੰ ਖੇਤ 'ਚ ਮਿਲਾਇਆ ਜਾ ਸਕਦਾ ਹੈ। ਉਪਰੰਤ ਪਾਣੀ ਲਗਾ ਕੇ ਵੱਤਰ ਆਉਣ 'ਤੇ ਰੋਟਾਵੇਟਰ ਦੀ ਪਾੜ ਤੇ ਟਿੱਲਰਾਂ ਨਾਲ ਵਾਹ ਕੇ ਖੇਤ ਤਿਆਰ ਕੀਤਾ ਜਾ ਸਕਦਾ ਹੈ। •

ਮੋਬਾਈਲ 94630-71919

### ਸਹਿਕਾਰੀ ਸਭਾਵਾਂ ਦੀ ਭੂਮਿਕਾ

*ਪਰਾਲੀ ਦੀ ਵਰਤੋਂ ਬਿਜਲੀ ਪੈਦਾ ਕਰਨ ਲਈ, ਸਰਦੀਆਂ ਵਿਚ ਪਸ਼ੂਆਂ ਹੇਠਾਂ ਸੁੱਕ (ਬੈਡਿੰਗ) ਵਜੋਂ ਵਰਤੋਂ, ਖੁੰਭਾਂ ਪੈਦਾ ਕਰਨ ਲਈ, ਮਿੱਲਾਂ ਵਿਚ ਗੱਤਾ ਬਣਾਉਣ ਤੇ ਚਾਰੇ ਲਈ ਕੀਤੀ ਜਾ ਸਕਦੀ ਹੈ। ਹੈਪੀ ਸੀਡਰ ਦੀ ਕੀਮਤ ਇਕ ਲੱਖ 35 ਹਜ਼ਾਰ ਤੋਂ ਇਕ ਲੱਖ 45 ਹਜ਼ਾਰ ਰੁਪਏ ਹੈ। ਇਹ ਮਸ਼ੀਨਰੀ ਮਹਿੰਗੀ ਹੋਣ ਕਾਰਨ ਹਰ ਕਿਸਾਨ ਲਈ ਖ਼ਰੀਦਣੀ ਸੰਭਵ ਨਹੀਂ ਹੈ, ਇਸ ਲਈ ਸਹਿਕਾਰੀ ਪੱਧਰ ਤੇ 5-10 ਕਿਸਾਨ ਮਿਲ ਕੇ ਮਸ਼ੀਨਰੀ ਖ਼ਰੀਦ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਖੇਤੀ ਮਸ਼ੀਨਰੀ ਬੈਂਕ ਸਥਾਪਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸਹਿਕਾਰੀ ਸਭਾਵਾਂ ਇਸ ਕੰਮ 'ਚ ਅਹਿਮ ਭੂਮਿਕਤ ਨਿਭਾ ਸਕਦੀਆਂ ਹਨ। ਮਸ਼ੀਨਾਂ 'ਤੇ ਸਬਸਿਡੀ ਜਾਂ ਜਾਣਕਾਰੀ ਲਈ ਕਿਸਾਨ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ, ਖੇਤੀਬਾੜੀ ਅਫਸਰ, ਖੇਤੀਬਾੜੀ ਵਿਕਾਸ ਅਫਸਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ।*





• ਡਾ. ਸੁਖਦੀਪ ਸਿੰਘ ਹੁੰਦਲ

ਬਾਗ਼-ਬਗ਼ੀਚਾ

# ਸਰਦ ਰੁੱਤ ਦੇ ਫੁੱਲ ਲਗਾਓ ਵਾਤਾਵਰਨ ਮਹਿਕਾਓ

*ਫੁੱਲਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ ਤੇ ਜੀਵਨ ਦੀ ਹਰ ਖ਼ੁਸ਼ੀ-ਗ਼ਮੀ ਮੌਕੇ ਇਨ੍ਹਾਂ ਦੀ ਲੋੜ ਰਹਿੰਦੀ ਹੈ। ਸਰਦ ਰੁੱਤ ਦੇ ਫੁੱਲਾਂ ਦੀ ਕਾਸ਼ਤ ਘਰੇਲੂ ਬਗ਼ੀਚੀ ਵਿਚ ਕਰ ਕੇ ਤੁਸੀਂ ਆਪਣੇ ਆਲੇ-ਦੁਆਲੇ ਨੂੰ ਮਹਿਕਾ ਸਕਦੇ ਹੋ। ਫੁੱਲਾਂ ਦੇ ਬੂਟੇ ਲਗਾਉਂਦੇ ਸਮੇਂ ਘਰ ਵਿਚ ਤੁਲਸੀ, ਨਿਆਜ਼ਬੋ ਆਦਿ ਦਵਾਈਆਂ ਦੇ ਗੁਣਾਂ ਵਾਲੇ ਬੂਟੇ ਵੀ ਜ਼ਰੂਰ ਲਗਾਓ ਤਾਂ ਜੋ ਘਰੇਲੂ ਇਲਾਜ 'ਚ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ...*

ਘਰੇਲੂ ਬਗ਼ੀਚੀ ਜਾਂ ਘਰ ਦੀ ਸੁੰਦਰਤਾ ਤਦ ਹੀ ਸੰਪੂਰਨ ਮੰਨੀ ਜਾਂਦੀ ਹੈ ਜੇ ਇਸ ਵਿਚ ਫਲਾਂ, ਸਬਜ਼ੀਆਂ ਤੇ ਦਵਾਈਆਂ ਵਾਲੇ ਪੌਦਿਆਂ ਦੇ ਨਾਲ-ਨਾਲ ਫੁੱਲਾਂ ਨੂੰ ਵੀ ਢੁਕਵੀਂ ਥਾਂ ਦਿੱਤੀ ਜਾਵੇ। ਫੁੱਲਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ ਤੇ ਜੀਵਨ ਦੀ ਹਰ ਖ਼ੁਸ਼ੀ-ਗ਼ਮੀ ਮੌਕੇ ਇਨ੍ਹਾਂ ਦੀ ਲੋੜ ਰਹਿੰਦੀ ਹੈ। ਫੁੱਲਾਂ ਵਾਲੇ ਬੂਟੇ ਜਿੱਥੇ ਸਾਡੇ ਆਲੇ-ਦੁਆਲੇ ਨੂੰ ਸੁੰਦਰ ਬਣਾਉਂਦੇ ਹਨ ਉੱਥੇ ਇਨ੍ਹਾਂ ਦੀ ਮੌਜੂਦਗੀ ਦਿਨ ਭਰ ਦੀ ਥਕਾਵਟ ਨੂੰ ਦੂਰ ਕਰਨ 'ਚ ਸਹਾਈ ਹੁੰਦੀ ਹੈ। ਇਹ ਸਮਾਂ ਸਰਦ ਰੁੱਤ ਦੇ ਫੁੱਲਾਂ ਦੀ ਕਾਸ਼ਤ ਲਈ ਬਹੁਤ ਢੁੱਕਵਾਂ ਹੈ।

ਗਰਮ ਰੁੱਤ ਦੇ ਮੁਕਾਬਲੇ ਸਰਦੀਆਂ ਵਿਚ ਬਹੁਤ ਸਾਰੇ ਫੁੱਲਾਂ ਦੀ ਚੋਣ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿੱਚੋ ਪਟੂਨੀਆ, ਮੌਸਮੀ ਗੁਲਦਾਉਦੀ, ਪੌਪੀ, ਕੌਰਨ ਫਲਾਵਰ, ਸਿਨਾਰੇਰੀਆ, ਸਵੀਟ ਸੁਲਤਾਨ, ਸਵੀਟ ਵਿਲੀਅਮ, ਡੇਹਲੀਆ, ਲਾਰਕਸਪਰ, ਗੇਂਦਾ, ਜਾਫ਼ਰੀ, ਐਂਟਰਾਈਨਮ, ਹੈਲੀਕ੍ਰਾਈਸਮ, ਕੌਸਮੌਸ, ਐਕਰੋਕਲਾਈਨਮ, ਐਸਟਰ, ਕਾਰਨੇਸ਼ਨ, ਗਲੈਡੀਓਲਸ, ਕਲਾਰਕੀਆ, ਨੀਮੀਸ਼ੀਆ, ਗਜ਼ਾਨੀਆ, ਸਾਲਵੀਆ, ਸਟੈਟਿਸ, ਕੈਂਡੀਟਫਟ, ਕੈਲੈਂਡੂਲਾ, ਫਲੌਕਸ, ਵਰਬੀਨਾ, ਡਾਈਮੋਰਫੋਥੀਕਾ, ਹੋਲੀਹੌਕ, ਬਰੈਚੀਕੌਮ, ਸਵੀਟਪੀਜ਼, ਡੇਜ਼ੀ, ਪੈਂਜ਼ੀ, ਆਈਸ ਪਲਾਂਟ, ਨੈਸਟਰਸ਼ੀਅਮ ਆਦਿ ਪ੍ਰਮੁੱਖ ਹਨ। ਸਾਨੂੰ ਇਨ੍ਹਾਂ ਵਿੱਚੋ ਆਪਣੀ ਪਸੰਦ ਤੇ ਉਪਲਬਦ ਜਗ੍ਹਾ ਮੁਤਾਬਕ ਫੁੱਲਾਂ ਦੀ ਚੋਣ ਕਰ ਕੇ ਘਰੇਲੂ ਬਗੀਚੀ ਵਿਚ ਲਗਾਉਣੇ ਚਾਹੀਦੇ ਹਨ। ਅਕਤੂਬਰ ਦਾ ਮਹੀਨਾ ਇਨ੍ਹਾਂ ਫੁੱਲਾਂ ਦੀ ਕਾਸ਼ਤ ਕਰਨ ਲਈ ਬਹੁਤ ਢੁਕਵਾਂ ਹੈ। ਫੁੱਲਾਂ ਨੂੰ ਲਗਾਉਣ ਦੇ ਦੋ ਤਰੀਕੇ ਹਨ। ਇਕ ਤਾਂ ਹੈ ਕਿ ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਪਨੀਰੀ ਬੀਜ ਕੇ ਅਤੇ ਦੂਸਰਾ ਕਿਸੇ ਭਰੋਸੇਮੰਦ ਨਰਸਰੀ ਤੋਂ ਪਨੀਰੀ ਲਿਆ ਕੇ ਕਿਆਰੀਆਂ ਵਿਚ ਲਗਾਓ। ਬਗ਼ੀਚੀ ਵਿਚ ਫੁੱਲ ਲਗਾਉਣ ਤੋਂ ਪਹਿਲਾਂ ਕਾਗਜ਼ 'ਤੇ ਨਕਸ਼ਾ ਤਿਆਰ ਕਰੋ ਤਾਂ ਕਿ ਇਹ ਪਤਾ ਲੱਗ ਸਕੇ ਕਿ ਘਰ ਦੇ ਕਿਹੜੇ ਹਿੱਸੇ ਵਿਚ ਧੁੱਪ ਤੇ ਕਿਹੜੇ ਹਿੱਸੇ ਵਿਚ ਛਾਂ ਆਉਂਦੀ ਹੈ, ਕਿਉਂਕਿ ਸਰਦੀਆਂ ਵਿਚ ਦਿਨ ਛੋਟੇ ਹੁੰਦੇ ਹਨ ਅਤੇ ਜੇ ਫੁੱਲਾਂ ਵਾਲੀ ਥਾਂ 'ਤੇ ਛਾਂ ਰਹੇਗੀ ਤਾਂ ਅਸੀਂ ਉਨ੍ਹਾਂ ਦੀ ਸਜਾਵਟ ਦਾ ਆਨੰਦ ਨਹੀ ਮਾਣ ਸਕਾਂਗੇ। ਅਜਿਹੀਆਂ ਥਾਵਾਂ 'ਤੇ ਸਜਾਵਟੀ ਝਾੜੀਆਂ ਲਗਾ ਦੇਣੀਆਂ ਚਾਹੀਦੀਆਂ ਹਨ। ਅਰਧ-ਛਾਂ ਵਾਲੀ ਜਗ੍ਹਾ 'ਤੇ ਸਾਲਵੀਆ, ਸਿਨਾਰੇਰੀਆ ਤੇ ਨਸਟਰਸ਼ੀਅਮ ਵਰਗੇ ਫੁੱਲਾਂ ਦੇ ਬੂਟੇ ਲਗਾਏ ਜਾ ਸਕਦੇ ਹਨ। ਜੇ ਇਹ ਵਿਓਂਤਬੰਦੀ ਪਹਿਲਾਂ ਕੀਤੀ ਹੋਵੇ ਤਾਂ ਬਾਅਦ 'ਚ ਮੁਸ਼ਕਿਲ ਨਹੀ ਆਉਂਦੀ।

ਵਿਓਂਤਬੰਦੀ ਕਰਦੇ ਸਮੇਂ ਫੁੱਲਾਂ ਦੀ ਉਚਾਈ ਤੇ ਰੰਗ ਦੀ ਚੋਣ ਦਾ ਵੀ ਧਿਆਨ ਰੱਖੋ। ਉਚਾਈ ਵਾਲੇ ਬੂਟੇ ਕਿਆਰੀ ਦੇ ਪਿਛਲੇ ਪਾਸੇ ਤੇ ਮਧਰੇ ਬੂਟੇ ਅੱਗੇ ਲਗਾਉਣੇ ਚਾਹੀਦੇ ਹਨ। ਵਿਓਂਤਬੰਦੀ ਤੋਂ ਬਾਅਦ ਕਿਆਰੀਆਂ, ਬੈੱਡ ਜਾਂ ਗਮਲੇ, ਜਿਨ੍ਹਾਂ ਵਿਚ ਫੁੱਲਾਂ ਦੀ ਪਨੀਰੀ ਲਗਾਉਣੀ ਹੈ, ਨੂੰ ਤਿਆਰ ਕਰਨਾ ਸਭ ਤੋਂ ਮਹੱਤਵਪੂਰਨ ਕੰਮ ਹੈ ਕਿਉਂਕਿ ਇਸ 'ਤੇ ਹੀ ਬੂਟਿਆਂ ਦੀ ਸਫ਼ਲਤਾ ਨਿਰਭਰ ਕਰਦੀ ਹੈ।

## ਬਾਲਕੋਨੀ 'ਚ ਫੁੱਲਾਂ ਦੀ ਕਾਸ਼ਤ

ਸ਼ਹਿਰਾਂ ਵਿਚ ਜਿੱਥੇ ਜਗ੍ਹਾ ਦੀ ਘਾਟ ਹੋਵੇ, ਉੱਥੇ ਫੁੱਲਾਂ ਦੀ ਕਾਸ਼ਤ ਬਾਲਕੋਨੀ ਵਿਚ ਬਕਸਿਆਂ 'ਚ ਕੀਤੀ ਜਾ ਸਕਦੀ ਹੈ। ਇਹ ਬਕਸੇ ਲੱਕੜ, ਸੀਮਿੰਟ ਜਾਂ ਪਲਾਸਟਿਕ ਦੇ ਹੋ ਸਕਦੇ ਹਨ। ਬਕਸਿਆਂ ਵਾਸਕੇ ਵੀ ਗਮਲਿਆਂ 'ਚ ਵਰਤਿਆ ਜਾਣ ਵਾਲਾ ਮਿਸ਼ਰਣ ਵਰਤਿਆ ਜਾ ਸਕਦਾ ਹੈ।

## ਘਰ ਦੇ ਅੰਦਰ ਸਜਾਵਟੀ ਬੂਟਿਆਂ ਦੀ ਕਾਸ਼ਤ

ਸ਼ਹਿਰੀਕਰਨ 'ਚ ਵਾਧੇ ਨਾਲ ਇਨਡੋਰ ਪਲਾਂਟਸ ਪ੍ਰਤੀ ਲੋਕਾਂ 'ਚ ਜਾਗਰੂਕਤਾ ਵਧੀ ਹੈ। ਇਹ ਬੂਟੇ ਜਿੱਥੇ ਬਾਗ਼ਬਾਨੀ ਦਾ ਸ਼ੌਕ ਪੂਰਾ ਕਰਦੇ ਹਨ ਉੱਥੇ ਸਾਨੂੰ ਤਰੋਤਾਜ਼ਾ ਰੱਖਣ 'ਚ ਵੀ ਸਹਾਈ ਹੁੰਦੇ ਹਨ।।ਆਮਤੌਰ 'ਤੇ ਘਰ ਅੰਦਰਲੇ ਬੂਟੇ ਤਿੰਨ ਤਰ੍ਹਾਂ ਦੇ ਹੁੰਦੇ ਹਨ :

**ਸੁੰਦਰ ਫੁੱਲਾਂ ਵਾਲੇ ਬੂਟੇ** : ਇਨ੍ਹਾਂ ਵਿਚ ਡੇਲੀਆ, ਗੁਲਦਾਉਦੀ, ਸਾਲਵੀਆ ਤੇ ਸਿਨਾਰੇਰੀਆ ਆਦਿ ਫੁੱਲ ਆਉਦੇਂ ਹਨ, ਜਿਨ੍ਹਾਂ ਨੂੰ ਪਹਿਲਾਂ ਬਾਹਰ ਪੈਦਾ ਕਰ ਲਿਆ ਜਾਂਦਾ ਹੈ ਤੇ ਜਦੋਂ ਇਹ ਫੁੱਲ ਦੇਣੇ ਸ਼ੁਰੂ ਕਰ ਦਿੰਦੇ ਹਨ ਤਾਂ ਅੰਦਰ ਕਮਰੇ ਵਿਚ ਗਮਲੇ ਸਮੇਤ ਰੱਖ ਦਿੱਤਾ ਜਾਂਦਾ ਹੈ। ਇਹ ਆਪਣੇ ਸੋਹਣੇ ਰੰਗਾਂ ਵਾਲੇ ਫੁੱਲਾਂ ਨਾਲ ਸਾਡੇ ਕਮਰਿਆਂ ਨੂੰ ਸਜਾਉਦੇ ਹਨ ਤੇ ਜਦੋਂ ਇਹ ਫੁੱਲ ਦੇਣਾ ਬੰਦ ਕਰ ਦਿੰਦੇ ਹਨ ਤਾਂ ਇਨ੍ਹਾਂ ਨੂੰ ਬਾਹਰ ਰੱਖ ਦਿੱਤਾ ਜਾਂਦਾ ਹੈ।

**ਸੁੰਦਰ ਪੱਤਿਆਂ ਵਾਲੇ ਬੂਟੇ**: ਇਨ੍ਹਾਂ ਬੂਟਿਆਂ ਦੀ ਸੁੰਦਰਤਾ ਸਜਾਵਟੀ ਪੱਤਿਆਂ ਦੀ ਬਨਾਵਟ ਕਰਕੇ ਹੁੰਦੀ ਹੈ।।ਇਨ੍ਹਾਂ ਵਿਚ ਕਰੋਟਨ, ਮਨੀ ਪਲਾਂਟ, ਡਿਫਨਬੇਚੀਆ, ਪਾਮ, ਫਰਨ ਆਦਿ ਆਉਂਦੇ ਹਨ।

**ਬੋਨਸਾਈ** : ਇਨ੍ਹਾਂ ਬੂਟਿਆਂ ਦੀ ਸੁੰਦਰਤਾ ਇਨ੍ਹਾਂ ਦੇ ਆਕਾਰ ਕਰਕੇ ਹੁੰਦੀ ਹੈ। ਇਨ੍ਹਾਂ ਨੂੰ ਖ਼ਾਸ ਖੁੱਲ੍ਹੇ ਕੰਟੇਨਰ 'ਚ ਉਗਾ ਕੇ ਇਸ ਦੇ ਦੀਆਂ ਜੜ੍ਹਾਂ ਦੀ ਕਟਾਈ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਦਾ ਆਕਾਰ ਨਾ ਵਧੇ ਪਰ ਇਨ੍ਹਾਂ ਦੀ ਉਮਰ ਵਧਦੀ ਰਹੇ ਅਤੇ ਇਹ ਵਿਲੱਖਣ ਦਿਸਣ। ਇਨ੍ਹਾਂ ਵਿਚ ਪਿੱਪਲ, ਬੋਹੜ, ਨਿੰਬੂ ਜਾਤੀ, ਨਿੰਮ ਆਦਿ ਆਉਂਦੇ ਹਨ। ਇਹ ਬੂਟੇ ਬਾਗ਼ਬਾਨੀ ਵਿਭਾਗ ਦੀਆਂ ਚੋਣਵੀਆਂ ਨਰਸਰੀਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਪ੍ਰਾਈਵੇਟ ਨਰਸਰੀਆਂ ਪ੍ਰਾਪਤ ਕੀਤੇ ਜਾ ਸਕਦੇ ਹਨ। •

ਮੋਬਾਈਲ 75080-18842







### ਗਮਲਿਆਂ 'ਚ ਫੁੱਲਾਂ ਦੀ ਕਾਸ਼ਤ

*ਜੇ ਫੁੱਲਾਂ ਵਾਲੇ ਬੂਟੇ ਗਮਲਿਆਂ 'ਚ ਲਗਾਉਣੇ ਹੋਣ ਤਾਂ ਪਨੀਰੀ ਲਗਾਉਣ ਤੋਂ ਪਹਿਲਾਂ ਪ੍ਰਤੀ ਘਣ ਮੀਟਰ ਮਿੱਟੀ ਵਿਚ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ, 45 ਗ੍ਰਾਮ ਸੁਪਰਫਾਸਫੇਟ ਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਰਲਾ ਕੇ ਹਰ ਗਮਲੇ ਵਿਚ ਦੋ ਹਿੱਸੇ ਮਿੱਟੀ, ਇਕ ਹਿੱਸਾ ਰੂੜੀ ਤੇ ਇਕ ਹਿੱਸਾ ਝੋਨੇ ਦੀ ਸੜੀ ਹੋਈ ਫੱਕ ਪਾ ਦਿਓ। ਗਮਲੇ ਭਰਨ ਤੋਂ ਪਹਿਲਾਂ ਇਸ ਦੇ ਹੇਠਾਂ ਪਾਣੀ ਦੇ ਨਿਕਾਸ ਵਾਲੀ ਮੋਰੀ 'ਤੇ ਠੀਕਰੀ ਆਦਿ ਰੱਖ ਦਿਓ ਤਾਂ ਕਿ ਮਿੱਟੀ ਭਰਨ ਨਾਲ ਇਹ ਮੋਰੀ ਬੰਦ ਨਾ ਹੋਵੇ। ਬਾਅਦ ਵਿਚ ਫੁੱਲਾਂ ਵਾਲੇ ਬੂਟੇ ਇਨ੍ਹਾਂ 'ਚ ਲਗਾ ਕੇ ਫ਼ੁਹਾਰੇ ਨਾਲ ਪਾਣੀ ਲਗਾਓ।*

### ਜ਼ਮੀਨ 'ਚ ਫੁੱਲਾਂ ਦੀ ਕਾਸ਼ਤ

*ਕਿਆਰੀ ਨੂੰ ਚੰਗੀ ਤਰ੍ਹਾਂ ਗੋਡ ਕੇ ਉਸ ਵਿਚ ਦੇਸੀ ਰੂੜੀ 5 ਕਿੱਲੋ ਪ੍ਰਤੀ ਵਰਗਮੀਟਰ ਦੇ ਹਿਸਾਬ ਨਾਲ ਪਾਓ। ਨਾਲ ਹੀ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ, 45 ਗ੍ਰਾਮ ਸੁਪਰਫਾਸਫੇਟ ਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦਾਂ ਪਨੀਰੀ ਲਗਾਉਣ ਤੋਂ ਹਫ਼ਤਾ ਪਹਿਲਾਂ ਕਿਆਰੀ ਦੀ ਉੱਪਰਲੀ 10-15 ਸੈਂਟੀਮੀਟਰ ਤਹਿ 'ਚ ਰਲਾ ਦੇਣੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਕਿਆਰੀ ਨੂੰ ਹਲਕਾ ਪਾਣੀ ਦੇਵੋ ਅਤੇ ਫਿਰ ਵੱਤਰ ਆਉਣ 'ਤੇ ਲੋੜੀਂਦੇ ਫ਼ਾਸਲੇ 'ਤੇ ਪਨੀਰੀ ਲਗਾ ਦੇਣੀ ਚਾਹੀਦੀ ਹੈ। ਪਨੀਰੀ ਲਗਾਉਣ ਤੋਂ ਬਾਅਦ ਫ਼ੁਹਾਰੇ ਨਾਲ ਪਾਣੀ ਲਗਾਓ। ਇਨ੍ਹਾਂ ਬੂਟਿਆਂ ਨੂੰ 30 ਦਿਨ ਦੇ ਵਕਫ਼ੇ 'ਤੇ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ ਤੇ 15 ਗ੍ਰਾਮ ਯੂਰੀਆ ਖਾਦ ਪ੍ਰਤੀ ਵਰਗਮੀਟਰ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ।*

## ਸੰਪਾਦਕੀ

### ਜਾਤ-ਪਾਤ ਅਤੇ ਆਰਥਿਕ ਨਾਬਰਾਬਰੀ ਸਾਡੇ ਮੁਲਕ ਦੀ ਵੱਡੀ ਸਮੱਸਿਆ

ਜਾਤ-ਪਾਤ ਨੂੰ ਲੈ ਕੇ ਕੀਤੀ ਜਾਂਦੀ ਸਰੀਰਕ ਅਤੇ ਮਾਨਸਿਕ ਹਿੰਸਾ ਦੀਆਂ ਸੈਂਕੜੇ ਘਟਨਾਵਾਂ ਸਾਡੇ ਮੁਲਕ 'ਚ ਰੋਜ਼ਾਨਾ ਵਾਪਰਦੀਆਂ ਹਨ। ਇਨ੍ਹਾਂ 'ਚੋਂ ਬਹੁਤੀਆਂ ਦੂਰ-ਦੁਰਾਡੇ ਪੇਂਡੂ ਅਤੇ ਕਬਾਇਲੀ ਖਿੱਤਿਆਂ 'ਚ ਹੁੰਦੀਆਂ ਹਨ, ਜੋ ਮੀਡੀਆ ਦੀ ਕਵਰੇਜ ਤੋਂ ਬਾਹਰ ਰਹਿ ਜਾਂਦੀਆਂ ਹਨ। ਦਲਿਤ ਸਮਾਜ ਦੇ ਲੋਕਾਂ ਦੀ ਕੁੱਟਮਾਰ, ਗਾਲੀ-ਗਲੋਚ ਅਤੇ ਕਈ ਕਿਸਮ ਦੀਆਂ ਬੇਇਨਸਾਫ਼ੀਆਂ ਅਤੇ ਉਨ੍ਹਾਂ ਨਾਲ ਕੀਤਾ ਜਾਂਦਾ ਧੱਕਾ ਬਹੁਤੀ ਵਾਰ ਨਾ ਤਾਂ ਅਖ਼ਬਾਰਾਂ ਦੇ ਪੰਨਿਆਂ ਤੱਕ ਪੁੱਜਦਾ ਹੈ ਅਤੇ ਨਾ ਹੀ ਟੈਲੀਵਿਜ਼ਨ ਦੀਆਂ ਚਮਕਦੀਆਂ ਸਕਰੀਨਾਂ 'ਤੇ ਇਸ ਬਾਰੇ ਬਹਿਸਾਂ ਹੁੰਦੀਆਂ ਹਨ। ਹਾਲ ਹੀ 'ਚ ਉੱਚ ਅਹੁਦਿਆਂ 'ਤੇ ਬੈਠੇ ਦਲਿਤ ਵਰਗ ਦੇ ਦੋ ਵਿਅਕਤੀਆਂ ਨਾਲ ਵਾਪਰੇ ਘਟਨਾਕ੍ਰਮ ਤੋਂ ਸਾਡੇ ਸਮਾਜ ਦਾ ਇਸ ਵਰਗ ਪ੍ਰਤੀ ਵਤੀਰਾ ਜ਼ਾਹਰ ਹੁੰਦਾ ਹੈ। ਪਹਿਲਾ ਘਟਨਾਕ੍ਰਮ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬੀ ਆਰ ਗਵੱਈ 'ਤੇ ਭਰੀ ਅਦਾਲਤ ਵਿੱਚ ਰਾਕੇਸ਼ ਕਿਸ਼ੋਰ ਨਾਂ ਦੇ ਵਕੀਲ ਵੱਲੋਂ ਜੁੱਤੀ ਸੁੱਟਣ ਦਾ ਹੈ। ਦੂਜਾ ਮਾਮਲਾ ਹਰਿਆਣਾ ਦੇ ਦਲਿਤ ਆਈਪੀਐੱਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਖ਼ੁਦਕੁਸ਼ੀ ਦਾ ਹੈ। ਚੀਫ਼ ਜਸਟਿਸ ਗਵੱਈ ਨੇ ਤਾਂ ਉਨ੍ਹਾਂ 'ਤੇ ਜੁੱਤੀ ਸੁੱਟਣ ਦੇ ਮਾਮਲੇ ਨੂੰ ਬਹੁਤੀ ਤੂਲ ਨਾ ਦਿੰਦਿਆਂ ਉਸ ਵਕੀਲ ਨੂੰ ਮੁਆਫ਼ ਕਰਨ ਦੀ ਗੱਲ ਕੀਤੀ ਪਰ ਹੈਰਾਨੀ ਦੀ ਗੱਲ ਇਹ ਰਹੀ ਕਿ ਦਿੱਲੀ ਪੁਲੀਸ ਨੇ ਵੀ ਉਸ ਖ਼ਿਲਾਫ਼ ਨਾ ਕੋਈ ਐੱਫ ਆਈ ਆਰ ਦਰਜ ਕੀਤੀ ਅਤੇ ਨਾ ਹੀ ਉਸ ਨੂੰ ਗ੍ਰਿਫ਼ਤਾਰ ਕੀਤਾ। ਏਨਾ ਹੀ ਨਹੀਂ, ਜੁੱਤੀ ਸੁੱਟਣ ਵਾਲੇ ਵਕੀਲ ਦੀ ਸੋਸ਼ਲ ਮੀਡੀਆ 'ਤੇ ਸ਼ਲਾਘਾ ਹੁੰਦੀ ਰਹੀ। ਚੀਫ਼ ਜਸਟਿਸ ਦੇ ਵੱਖ-ਵੱਖ ਮੀਮ ਬਣਾ ਕੇ ਉਨ੍ਹਾਂ ਦੀ ਖਿੱਲੀ ਉਡਾਈ ਜਾਂਦੀ ਰਹੀ। ਦੇਸ਼ ਵਿੱਚ 'ਆਈ ਲਵ ਮੁਹੰਮਦ' ਮੁਹਿੰਮ ਦੇ ਹਮਾਇਤੀਆਂ 'ਤੇ ਤਾਂ ਮੁਕੱਦਮੇ ਦਰਜ ਹੋ ਜਾਂਦੇ ਹਨ, ਲਾਠੀਆਂ ਵਰ੍ਹਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਜੇਲ੍ਹ 'ਚ ਡੱਕਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਘਰ ਤੇ ਦੁਕਾਨਾਂ ਢਾਹੀਆਂ ਜਾਂਦੀਆਂ ਹਨ; ਜਦੋਂਕਿ ਚੀਫ਼ ਜਸਟਿਸ ਵੱਲ ਜੁੱਤੀ ਸੁੱਟਣ ਅਤੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਖਿੱਲੀ ਉਡਾਉਣ ਵਾਲਿਆਂ ਖ਼ਿਲਾਫ਼ ਕੋਈ ਵੀ ਕਾਰਵਾਈ ਨਹੀਂ ਹੁੰਦੀ। ਜ਼ਰਾ ਸੋਚੋ, ਸਭ ਨੂੰ ਨਿਆਂ ਦੇਣ ਵਾਲੇ ਚੀਫ਼ ਜਸਟਿਸ ਨੂੰ ਇਸ ਮਾਮਲੇ 'ਚ ਨਿਆਂ ਕੌਣ ਦੇਵੇਗਾ ? ਉਨ੍ਹਾਂ ਆਪਣੇ ਵੱਲੋਂ ਇੱਕ ਵਾਰ ਮੁੜ ਇਸ ਮੁੱਦੇ 'ਤੇ ਗੱਲ ਕਰਦਿਆਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਲਈ ਖ਼ਤਮ ਹੋ ਚੁੱਕਾ ਹੈ। ਪਰ ਕੀ ਇਹ ਕਹਿ ਦੇਣ ਨਾਲ ਗੱਲ ਮੁੱਕ ਜਾਂਦੀ ਹੈ ? ਜਿਸ ਲੋਕਤੰਤਰ ਦੀ ਮਾਂ ਅਤੇ ਨਵੇਂ ਤੇ ਵਿਕਸਿਤ ਭਾਰਤ ਦੀ ਗੱਲ ਅਸੀਂ ਹੁੱਬ-ਹੁੱਬ ਕੇ ਕਰਦੇ ਹਾਂ, ਉਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਭਰੀ ਅਦਾਲਤ ਵਿੱਚ ਚੀਫ਼ ਜਸਟਿਸ 'ਤੇ ਜੁੱਤੀ ਸੁੱਟੀ ਗਈ ਹੈ। ਜਸਟਿਸ ਗਵੱਈ ਨੇ ਭਾਵੇਂ ਜੁੱਤੀ ਸੁੱਟਣ ਵਾਲੇ ਨੂੰ ਮੁਆਫ਼ ਕਰਨ ਦੀ ਗੱਲ ਆਖੀ ਹੈ ਪਰ ਉਸ ਦਿਨ ਬੈਂਚ 'ਚ ਉਨ੍ਹਾਂ ਨਾਲ ਬੈਠੇ ਜਸਟਿਸ ਉੱਜਲ ਭੂਈਆਂ ਦੇ ਵਿਚਾਰ ਇਸ ਤੋਂ ਵੱਖਰੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਦੇ ਚੀਫ਼ ਜਸਟਿਸ 'ਤੇ ਜੁੱਤੀ ਸੁੱਟੀ ਗਈ ਹੈ ਅਤੇ ਇਹ ਕੋਈ ਮਜ਼ਾਕ ਦੀ ਗੱਲ ਨਹੀਂ। ਇਸ ਤੋਂ ਇਲਾਵਾ ਜੁੱਤੀ ਸੁੱਟਣ ਵਾਲੇ ਨੂੰ ਇਸ ਗੱਲ ਦਾ ਕੋਈ ਮਲਾਲ ਵੀ ਨਹੀਂ ਅਤੇ ਨਾ ਹੀ ਉਸ ਨੇ ਇਸ ਲਈ ਮੁਆਫ਼ੀ ਮੰਗੀ ਹੈ। ਇਹ ਨਿਆਂਪਾਲਿਕਾ ਬਾਰੇ ਗ਼ਲਤ ਸੰਦੇਸ਼ ਦਿੰਦਾ ਹੈ। ਉਸ ਦਾ ਇਹ ਕਾਰਾ ਮੁਆਫ਼ੀਯੋਗ ਨਹੀਂ ਹੈ। ਮੀਡੀਆ 'ਤੇ ਵੀ ਆਪਣੇ ਆਪ ਨੂੰ 'ਉੱਚ ਜਾਤੀ ਦੇ' ਕਹਾਉਣ ਵਾਲਿਆਂ ਦਾ ਹੀ ਦਬਦਬਾ ਹੈ। ਇਹੀ ਕਾਰਨ ਹੈ ਕਿ ਮੀਡੀਆ ਦੇ ਬਿਰਤਾਂਤ ਵਿੱਚ ਵੀ ਦਲਿਤ ਭਾਈਚਾਰੇ ਦੇ ਮੁੱਦੇ ਹਾਸ਼ੀਏ 'ਤੇ ਧੱਕ ਦਿੱਤੇ ਜਾਂਦੇ ਹਨ। ਮੀਡੀਆ ਵਿੱਚ ਰਿਪੋਰਟ ਹੋਣ ਲਈ ਕਦੇ ਹੈਦਰਾਬਾਦ ਯੂਨੀਵਰਸਿਟੀ ਦੇ ਰੋਹਿਤ ਵੇਮੁਲਾ ਅਤੇ ਹਿਮਾਚਲ ਪ੍ਰਦੇਸ਼ ਦੇ 11 ਸਾਲਾਂ ਦੇ ਮਾਸੂਮ ਬੱਚੇ ਨੂੰ ਮਰਨਾ ਪੈਂਦਾ ਹੈ ਅਤੇ ਕਦੇ ਉੱਚ ਅਹੁਦੇ 'ਤੇ ਬੈਠੇ ਆਈਪੀਐੱਸ ਅਧਿਕਾਰੀ ਨੂੰ ਜਾਤੀਗਤ ਹਿੰਸਾ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀ ਲਈ ਮਜਬੂਰ ਹੋਣਾ ਪੈਂਦਾ ਹੈ।

### ਬਾਇਓਮਾਸ ਪਲਾਂਟ'

ਅਸੀਂ ਕਿੰਨੇ ਵੀ ਦਮਗਜ਼ੇ ਮਾਰ ਲਈਏ ਕਿ ਅਸੀਂ ਇੱਕ ਅਗਾਂਹਵਧੂ ਸਮਾਜ ਦਾ ਹਿੱਸਾ ਹਾਂ, ਪਰ ਹਕੀਕਤ ਇਹ ਹੈ ਕਿ ਅਜੇ ਵੀ ਹਜ਼ਾਰਾਂ ਸਾਲਾਂ ਦੀ ਦਕਿਆਨੂਸੀ ਸੋਚ ਸਾਡੀ ਮਾਨਸਿਕਤਾ 'ਚੋਂ ਮਨਫ਼ੀ ਨਹੀਂ ਹੋਈ। ਧਰਮ ਅਤੇ ਜਾਤ ਸਾਡੀ ਮਾਨਸਿਕਤਾ ਅਤੇ ਵਿਹਾਰ ਦਾ ਹਿੱਸਾ ਹਨ। ਸਾਡੀ ਆਪਣੀ ਨਿਆਂਪਾਲਿਕਾ ਦੇ ਸਭ ਤੋਂ ਉੱਚੇ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਵੀ ਅਸੀਂ ਜਾਤੀਵਾਦੀ ਨਜ਼ਰੀਏ ਨਾਲ ਹੀ ਦੇਖਦਿਆਂ ਸੋਸ਼ਲ ਮੀਡੀਆ 'ਤੇ ਉਸ ਲਈ ਤਰ੍ਹਾਂ ਤਰ੍ਹਾਂ ਦੇ ਅਪਸ਼ਬਦ ਵਰਤਦੇ ਹਾਂ। ਫਿਰ ਜਦੋਂ ਚੀਫ਼ ਜਸਟਿਸ 'ਤੇ ਜੁੱਤੀ ਸੁੱਟਣ ਵਾਲਾ ਵਿਅਕਤੀ ਇਹ ਕਹਿੰਦਾ ਹੈ ਕਿ 'ਮੈਨੂੰ ਤਾਂ ਇਹ ਆਦੇਸ਼ ਪਰਮਾਤਮਾ ਤੋਂ ਮਿਲਿਆ ਹੈ' ਤਾਂ ਤੁਸੀਂ ਸੋਚਣ ਲੱਗ ਜਾਂਦੇ ਹੋ ਕਿ ਇਹ ਕਿਹੋ ਜਿਹਾ ਤੇ ਕਿਸ ਦਾ ਪਰਮਾਤਮਾ ਹੈ, ਜੋ ਕਿਸੇ ਨੂੰ ਆਪਣੇ ਹੀ ਸਿਰਜੇ ਦੂਜੇ ਮਨੁੱਖ ਨੂੰ ਜੁੱਤੀ ਮਾਰਨ ਦਾ ਆਦੇਸ਼ ਦਿੰਦਾ ਹੈ। ਜੁੱਤੀ ਸੁੱਟਣ ?ਵਾਲੇ ਵਕੀਲ ਰਾਕੇਸ਼ ਕਿਸ਼ੋਰ ਵੱਲੋਂ ਮੁਆਫ਼ੀ ਮੰਗੇ ਜਾਣਾ ਤਾਂ ਦੂਰ ਸਗੋਂ ਉਸ ਨੇ ਤਾਂ ਵੱਖ-ਵੱਖ ਮੀਡੀਆ ਚੈਨਲਾਂ 'ਤੇ ਇੰਟਰਵਿਊਜ਼ ਦੇ ਕੇ ਆਪਣੇ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ। ਉਧਰ ਮੀਡੀਆ ਨੇ ਵੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨਾਲ ਅਜਿਹੇ ਮਾੜੇ ਵਿਹਾਰ 'ਤੇ ਤਿੱਖੇ ਸਵਾਲ ਖੜ੍ਹੇ ਕਰਨ ਦੀ ਬਜਾਏ ਜੁੱਤੀ ਸੁੱਟਣ ਵਾਲੇ ਦੀਆਂ ਇੰਟਰਵਿਊਜ਼ ਚਲਾਈਆਂ ਹਨ। ਕਰਨਾਟਕ ਸਰਕਾਰ ਨੇ ਜੁੱਤੀ ਸੁੱਟਣ ਦੇ ਮਾਮਲੇ 'ਚ 8 ਅਕਤੂਬਰ ਨੂੰ ਬੰਗਲੂਰੂ ਦੇ ਵਿਧਾਨ ਸੌਦਾ (ਵਿਧਾਨ ਸਭਾ) ਪੁਲੀਸ ਸਟੇਸ਼ਨ 'ਚ ਜ਼ੀਰੋ ਐੱਫ ਆਈ ਆਰ ਦਰਜ ਕਰਵਾਈ ਜਦੋਂਕਿ ਪੰਜਾਬ ਸਰਕਾਰ ਨੇ ਪਹਿਲ ਕਰਦਿਆਂ ਚੀਫ਼ ਜਸਟਿਸ ਵਿਰੁੱਧ ਇਤਰਾਜ਼ਯੋਗ ਪੋਸਟਾਂ ਪਾਉਣ ਵਾਲੇ ਸੌ ਤੋਂ ਵੱਧ ਸੋਸ਼ਲ ਮੀਡੀਆ ਹੈਂਡਲਾਂ ਖ਼ਿਲਾਫ਼ ਸ਼ਾਂਤੀ ਭੰਗ ਕਰਨ, ਵੱਖ-ਵੱਖ ਭਾਈਚਾਰਿਆਂ ਵਿਚਕਾਰ ਨਫ਼ਰਤ ਫੈਲਾਉਣ, ਨਿਆਂਇਕ ਅਦਾਰਿਆਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਐੱਸ ਸੀ/ਐੱਸ ਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਕਰਨ ਦੇ ਆਦੇਸ਼ ਦਿੱਤੇ।ਚੀਫ਼ ਜਸਟਿਸ ਹੀ ਨਹੀਂ, ਹਰਿਆਣਾ ਦੇ ਉੱਚ ਪੁਲੀਸ ਅਧਿਕਾਰੀ ਵਾਈ ਪੂਰਨ ਕੁਮਾਰ ਦੇ ਖ਼ੁਦਕੁਸ਼ੀ ਨੋਟ ਵਿੱਚ ਉਨ੍ਹਾਂ ਸਾਰੇ ਹਾਲਾਤ ਦਾ ਜ਼ਿਕਰ ਹੈ ਕਿ ਉੱਚ ਜਾਤੀ ਦੇ ਸੀਨੀਅਰ ਅਧਿਕਾਰੀਆਂ ਹੱਥੋਂ ਕਿਵੇਂ ਉਸ ਨੂੰ ਕਦਮ-ਕਦਮ 'ਤੇ ਜ਼ਲੀਲ ਹੋਣਾ ਪਿਆ। ਦੋ ਧੀਆਂ ਦੇ ਪਿਤਾ ਲਈ ਮੌਤ ਨੂੰ ਗਲ਼ ਲਾਉਣਾ ਕੋਈ ਸੌਖਾ ਤਾਂ ਨਹੀਂ ਹੋਵੇਗਾ ਪਰ ਜਾਤ- ਪਾਤ ਕਾਰਨ ਉਸ ਨੂੰ ਜੋ ਅਪਮਾਨ ਲਗਾਤਾਰ ਸਹਿਣਾ ਪਿਆ, ਇੱਕ ਹੱਦ 'ਤੇ ਆ ਕੇ ਉਸ ਲਈ ਹੋਰ ਬਰਦਾਸ਼ਤ ਕਰਨਾ ਔਖਾ ਹੋ ਗਿਆ। ਇਸ ਵਧੀਕੀ ਨੂੰ ਜੱਗ-ਜ਼ਾਹਰ ਕਰਨ ਲਈ ਉਸ ਨੂੰ ਜ਼ਿੰਦਗੀ ਦੀ ਬਜਾਏ ਮੌਤ ਦਾ ਰਾਹ ਚੁਣਨਾ ਪਿਆ ਪਰ ਦੋਸ਼ੀਆਂ ਖ਼ਿਲਾਫ਼ ਢੁੱਕਵੀਂ ਕਾਰਵਾਈ ਲਈ ਪਰਿਵਾਰ ਨੂੰ ਅਜੇ ਵੀ ਜਦੋਜਹਿਦ ਕਰਨੀ ਪੈ ਰਹੀ ਹੈ। ਸਿੱਖਿਆ ਹਾਸਲ ਕਰ ਕੇ ਆਪਣੀ ਮਿਹਨਤ ਸਦਕਾ ਉੱਚ ਅਹੁਦਿਆਂ 'ਤੇ ਪਹੁੰਚਣ ਵਾਲੇ ਦਲਿਤ ਵਰਗ ਦੇ ਇਨ੍ਹਾਂ ਦੋ ਅਧਿਕਾਰੀਆਂ ਦੀ ਹੋਣੀ ਅਤੇ ਉਨ੍ਹਾਂ ਨਾਲ ਹੁੰਦੇ ਵਿਹਾਰ ਤੋਂ ਦਲਿਤ ਵਰਗ ਦੇ ਗ਼ਰੀਬ, ਨਿਤਾਣੇ ਅਤੇ ਅਨਪੜ੍ਹ ਲੋਕਾਂ ਨਾਲ ਹੁੰਦੇ ਵਿਹਾਰ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਦਲਿਤ ਵਰਗ ਦੇ ਬਾਰ੍ਹਾਂ ਸਾਲਾ ਮਾਸੂਮ ਨੂੰ ਇਸ ਕਾਰਨ ਆਪਣੀ ਜਾਨ ਗੁਆਉਣੀ ਪਈ ਕਿ ਉੱਚ ਵਰਗ ਦੀ ਇੱਕ ਔਰਤ ਨੇ ਉਸ 'ਤੇ ਆਪਣਾ ਘਰ 'ਭਿੱਟ ਦੇਣ' ਦਾ ਦੋਸ਼ ਲਾਇਆ ਸੀ। ਇਸ ਬੱਚੇ ਨੇ ਗ਼ਲਤੀ ਨਾਲ ਉਸ ਦੇ ਵਿਹੜੇ 'ਚ ਪੈਰ ਧਰ ਲਿਆ ਸੀ, ਜਿਸ ਪਿੱਛੋਂ ਕੁੱਟਮਾਰ ਕਰਕੇ ਉਸ ਨੂੰ ਪਸ਼ੂਆਂ ਦੇ ਵਾੜੇ 'ਚ ਬੰਦ ਕਰ ਦਿੱਤਾ ਗਿਆ। ਘਰ ਨੂੰ 'ਪਵਿੱਤਰ' ਕਰਨ ਲਈ ਬੱਚੇ ਦੇ ਮਾਪਿਆਂ ਤੋਂ ਬੱਕਰੀ ਦੀ ਬਲੀ ਮੰਗੀ ਗਈ ਪਰ ਮਾਸੂਮ ਇਸ ਨਮੋਸ਼ੀ ਅਤੇ ਪਰਿਵਾਰ ਦੀ ਮਾੜੀ ਆਰਥਿਕਤਾ ਕਰਕੇ ਇਹ ਮੰਗ ਪੂਰੀ ਨਾ ਕਰ ਸਕਣ ਕਾਰਨ ਜ਼ਹਿਰ ਨਿਗਲ ਗਿਆ, ਜਿਸ ਪਿੱਛੋਂ ਉਸ ਦੀ ਮੌਤ ਹੋ ਗਈ। ਇਹ ਸਾਰਾ ਕੁਝ ਇੱਕੀਵੀਂ ਸਦੀ ਵਿੱਚ ਵਾਪਰ ਰਿਹਾ ਹੈ। ਦੂਰ-ਦੁਰਾਡੇ ਦੇ ਪੱਛੜੇ ਇਲਾਕਿਆਂ ਤੋਂ ਲੈ ਕੇ ਦੇਸ਼ ਦੇ ਚੀਫ਼ ਜਸਟਿਸ ਤੱਕ ਕੋਈ ਵੀ ਦਲਿਤ ਇਸ ਵਰਤਾਰੇ ਦੀ ਮਾਰ ਹੇਠ ਆ ਸਕਦਾ ਹੈ। ਸਾਡਾ ਸੰਵਿਧਾਨ ਸਾਰਿਆਂ ਨੂੰ ਬਰਾਬਰ ਅਧਿਕਾਰ ਦਿੰਦਾ ਹੈ, ਜਿਸ 'ਚ ਜਾਤ-ਪਾਤ ਜਾਂ ਊਚ-ਨੀਚ ਲਈ ਕੋਈ ਜਗ੍ਹਾ ਨਹੀਂ, ਪਰ ਅਮਲੀ ਤੌਰ 'ਤੇ ਸਮਾਜ ਵਿੱਚ ਇਹ ਸਾਰੇ ਵਿਤਕਰੇ ਮੌਜੂਦ ਹਨ। ਜੇਕਰ ਇਸ ਵਰਗ ਦੇ ਪੜ੍ਹੇ-ਲਿਖੇ ਅਤੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਵਿਅਕਤੀ ਵੀ ਸਮਾਜ ਦੀ ਸੰਕੀਰਨ ਮਾਨਸਿਕਤਾ ਅੱਗੇ ਬੇਵੱਸ ਹੋ ਜਾਂਦੇ ਹਨ ਤਾਂ ਆਮ ਵਿਅਕਤੀ ਦੀ ਬੇਵੱਸੀ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਹਕੀਕੀ ਤੌਰ 'ਤੇ ਅਸੀਂ ਅਜੇ ਉਸ ਮੁਕਾਮ 'ਤੇ ਨਹੀਂ ਪਹੁੰਚ ਸਕੇ ਜਿੱਥੇ ਮਨੁੱਖ ਦਾ ਮਨੁੱਖ ਵਜੋਂ ਸਤਿਕਾਰ ਹੋਵੇ। ਸਦੀਆਂ ਤੋਂ ਹੁੰਦੇ ਆਏ ਇਸ ਵਿਤਕਰੇ ਦੇ ਦਾਗ਼ਾਂ ਨੂੰ ਧੋਣ ਲਈ ਪਤਾ ਨਹੀਂ ਸਾਨੂੰ ਅਜੇ ਹੋਰ ਕਿੰਨੀਆਂ ਸਦੀਆਂ ਦੀ ਉਡੀਕ ਕਰਨੀ ਪਵੇਗੀ !

## ਰੂਪਨਗਰ ਦੇ ਖਿਡਾਰੀਆਂ ਨੇ ਛੱਤੀਸਗੜ੍ਹ 'ਚ ਚਮਕਾਇਆ ਗੱਤਕੇ ਦਾ ਨਾਂ, 25 ਤਮਗੇ ਹਾਸਲ ਕੀਤੇ

**ਰੂਪ ਨਗਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਛੱਤੀਸਗੜ੍ਹ ਦੇ ਭਿਲਾਈ ਵਿਖੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨਜੀਏਆਈ) ਵੱਲੋਂ ਆਯੋਜਿਤ 13ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ ਵਿੱਚ ਪੰਜਾਬ ਟੀਮ ਦੀ ਨੁਮਾਇੰਦਗੀ ਕਰਦੇ ਹੋਏ ਜ਼ਿਲ੍ਹਾ ਰੂਪਨਗਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 25 ਤਮਗੇ ਜਿੱਤੇ। ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਦੇ 20 ਖਿਡਾਰੀ ਇਸ ਚੈਂਪੀਅਨਸ਼ਿਪ ਲਈ ਚੁਣੇ ਗਏ ਸਨ ਜਿਨ੍ਹਾਂ ਨੇ ਵੱਖ-ਵੱਖ ਉਮਰ ਵਰਗਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਹਾਸਲ ਕੀਤੇ।

ਅੰਡਰ-14 ਉਮਰ ਵਰਗ ਵਿੱਚ ਗਗਨਦੀਪ ਸਿੰਘ ਨੇ ਸਿੰਗਲ ਸੋਟੀ ਵਿਅਕਤੀਗਤ ਵਿੱਚ ਕਾਂਸੀ ਤਗਮਾ ਜਿੱਤਿਆ, ਜਦਕਿ ਸਿੰਗਲ ਸੋਟੀ ਟੀਮ ਸਮਰ ਧੀਮਾਨ, ਗੁਰਬਾਜ ਸਿੰਘ, ਗਗਨਦੀਪ ਸਿੰਘ ਨੇ ਚਾਂਦੀ ਤਗਮਾ ਅਤੇ ਫਰੀ ਸੋਟੀ ਟੀਮ ਬਲਜੋਤ ਸਿੰਘ, ਅਰਮਾਨ ਸਿੰਘ ਨੇ ਕਾਂਸੀ ਤਗਮਾ ਪ੍ਰਾਪਤ ਕੀਤਾ। ਅੰਡਰ-17 ਉਮਰ ਵਰਗ ਵਿੱਚ ਜੋਬਨਪ੍ਰੀਤ ਸਿੰਘ ਨੇ ਸਿੰਗਲ ਸੋਟੀ ਵਿਅਕਤੀਗਤ ਵਿੱਚ ਚਾਂਦੀ ਤਗਮਾ, ਸਿੰਗਲ ਸੋਟੀ ਟੀਮ ਜੋਬਨਪ੍ਰੀਤ ਸਿੰਘ, ਮਨਪ੍ਰੀਤ ਸਿੰਘ ਨੇ ਸੋਨ ਤਗਮਾ ਅਤੇ ਫਰੀ ਸੋਟੀ ਟੀਮ ਜਸਕਰਨ ਸਿੰਘ ਨੇ ਵੀ ਸੋਨ ਤਗਮਾ ਹਾਸਲ ਕੀਤਾ ।ਅੰਡਰ-19 ਉਮਰ ਵਰਗ ਵਿੱਚ ਸਿੰਗਲ ਸੋਟੀ ਟੀਮ ਸੁਖਮਨਦੀਪ ਸਿੰਘ ਨੇ ਸੋਨ ਤਗਮਾ ਜਿੱਤਿਆ। ਫਰੀ ਸੋਟੀ ਵਿਅਕਤੀਗਤ ਵਿੱਚ ਕਰਨਜੋਤ ਸਿੰਘ ਨੇ ਕਾਂਸੀ ਅਤੇ ਫਰੀ ਸੋਟੀ ਟੀਮ ਮਨਪ੍ਰੀਤ ਸਿੰਘ, ਕਰਨਜੋਤ ਸਿੰਘ ਨੇ ਵੀ ਕਾਂਸੀ ਤਗਮਾ ਜਿੱਤਿਆ। ਅੰਡਰ-25 ਉਮਰ ਵਰਗ ਫਰੀ ਸੋਟੀ ਵਿੱਚ ਜਸਪਾਲ ਸਿੰਘ ਨੇ ਚਾਂਦੀ ਤਗਮਾ ਹਾਸਲ ਕੀਤਾ।

ਲੜਕੀਆਂ ਦੇ ਮੁਕਾਬਲਿਆਂ ਵਿੱਚ ਅੰਡਰ-14 ਉਮਰ ਵਰਗ ਵਿੱਚ ਸਮਨਪ੍ਰੀਤ ਕੌਰ ਨੇ ਫਰੀ ਸੋਟੀ ਵਿਅਕਤੀਗਤ ਤੇ ਸਿੰਗਲ ਸੋਟੀ ਟੀਮ ਦੋਵਾਂ ਵਿੱਚ ਕਾਂਸੀ ਤਗਮਾ ਜਿੱਤਿਆ। ਅੰਡਰ-17 ਵਿੱਚ ਦਮਨਪ੍ਰੀਤ ਕੌਰ ਨੇ ਸਿੰਗਲ ਸੋਟੀ ਵਿਅਕਤੀਗਤ ਵਿੱਚ ਸੋਨ ਤਗਮਾ ਤੇ ਟੀਮ ਮੁਕਾਬਲੇ ਵਿੱਚ ਕਾਂਸੀ ਤਗਮਾ ਹਾਸਲ ਕੀਤਾ। ਅੰਡਰ-19 ਵਿੱਚ ਇਸ਼ਪ੍ਰੀਤ ਕੌਰ ਨੇ ਸਿੰਗਲ ਸੋਟੀ ਵਿਅਕਤੀਗਤ ਵਿੱਚ ਸੋਨ ਤਗਮਾ ਜਿੱਤਿਆ, ਸਿੰਗਲ ਸੋਟੀ ਟੀਮ ਹਰਪ੍ਰੀਤ ਕੌਰ, ਜੈਸਮੀਨ ਕੌਰ, ਇਸ਼ਪ੍ਰੀਤ ਕੌਰ ਨੇ ਵੀ ਸੋਨ ਤਗਮਾ ਤੇ ਫਰੀ ਸੋਟੀ ਟੀਮ ਸ਼ਰਨਜੀਤ ਕੌਰ, ਗੁਰਨੀਤ ਕੌਰ ਨੇ ਚਾਂਦੀ ਤਗਮਾ ਜਿੱਤਿਆ। ਰੂਪਨਗਰ ਜ਼ਿਲ੍ਹੇ ਦੀ ਅਕਾਲ ਅਕੈਡਮੀ ਕਮਾਲਪੁਰ ਦੀ ਖਿਡਾਰਨ ਇਸ਼ਮੀਤ ਕੌਰ ਨੇ ਬੈਸਟ ਗੱਤਕਾ ਐਵਾਰਡ ਲੜਕੀਆਂ ਹਾਸਲ ਕੀਤਾ। ਇਸ ਮੌਕੇ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਦੀ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਨੌਜਵਾਨ ਖਿਡਾਰੀ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਗੱਤਕੇ ਦੀ ਖੇਡ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਗੇ।

ਜ਼ਿਲ੍ਹਾ ਐਸੋਸੀਏਸ਼ਨ ਦੀ ਸਮੁੱਚੀ ਟੀਮ ਨੇ ਨੈਸ਼ਨਲ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਦਾ ਧੰਨਵਾਦ ਕੀਤਾ ਅਤੇ ਗੱਤਕੇ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ।

ਇਸ ਮੌਕੇ ਬੀਬੀ ਮਨਜੀਤ ਕੌਰ, ਗੁਰਪ੍ਰੀਤ ਸਿੰਘ ਭਾਉਵਾਲ , ਗੁਰਵਿੰਦਰ ਸਿੰਘ ਘਨੌਲੀ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ ਰੂਪਨਗਰ ਅਤੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

## ਐਸ.ਐਮ.ਐਸ ਤੋਂ ਬਿਨਾਂ ਵਰਤੀ ਜਾ ਰਹੀ ਕੰਬਾਇਨ ਦੇ ਮਾਲਕ ਦੇ ਖਿਲਾਫ ਕੀਤੀ ਜਾਵੇਗੀ ਕਾਰਵਾਈ- ਐਸ.ਡੀ.ਐਮ ਬਟਾਲਾ

**ਬਟਾਲਾ,18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟਰੇਟ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਵੱਲੋਂ ਸਟੱਬਲ ਬਰਨਿੰਗ ਦੀ ਰੋਕਥਾਮ ਲਈ ਮਾਨਯੋਗ ਸੁਪਰੀਮ ਕੋਰਟ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨਾਂ ਨੂੰ ਅਪੀਲ ਕੀਤੀ ਗਈ।

ਉਨ੍ਹਾਂ ਕਿਹਾ ਕਿ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਤੋਂ ਰੋਕਣ ਲਈ ਕਲੱਸਟਰ ਅਫਸਰ ਅਤੇ ਨੋਡਲ ਅਫਸਰ ਲਗਾਏ ਗਏ ਹਨ, ਜੋ ਸੁਨਿਸ਼ਚਤ ਕਰਨਗੇ ਕਿ ਪਿੰਡਾਂ ਵਿੱਚ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲੱਗੇ ਜੇਕਰ ਕੋਈ ਵਿਅਕਤੀ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਂਦਾ ਪਾਇਆ ਗਿਆ, ਉਸ ਖਿਲਾਫ਼ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਜਮਾਂਬੰਦੀ ਵਿੱਚ ਲਾਲ ਸਿਆਹੀ ਨਾਲ ਹਵਾਲਾ ਵੀ ਦਿੱਤਾ ਜਾਵੇਗਾ।



ਉਨਾਂ ਨੇ ਇਹ ਵੀ ਦੱਸਿਆ ਕਿ ਝੋਨੇ ਦੀ ਰਹਿੰਦ ਖੂੰਹਦ ਦੀ ਸਾਂਭ-ਸੰਭਾਲ ਲਈ ਖੇਤੀਬਾੜੀ ਵਿਭਾਗ ਵੱਲੋਂ ਬੇਲਰ, ਸੁਪਰਸੀਡਰ ਆਦਿ ਬਿਨਾ ਕਿਸੇ ਖਰਚੇ ਦੇ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਵੀ ਕਿਸਾਨ ਨੂੰ ਉਕਤ ਮਸ਼ੀਨਾ ਦਾ ਜਰੂਰਤ ਹੈ ਉਹ ਆਪਣੇ ਹਲਕੇ ਦੇ ਸਬੰਧਤ ਖੇਤੀਬਾੜੀ ਅਫਸਰ ਨਾਲ ਸੰਪਰਕ ਕਰਕੇ ਲੈ ਸਕਦਾ ਹੈ। ਇਸ ਤੋਂ ਬੇਲਜ ਦੀ ਸਾਂਭ ਲਈ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਵੱਲੋਂ ਜਗ੍ਹਾ ਉਪਲਬਧ ਕੀਤੀਆਂ ਗਈਆਂ ਹਨ। ਜੇਕਰ ਕਿਸੇ ਕਿਸਾਨ ਨੂੰ ਬੇਲਜ ਦੀ ਸਾਂਭ ਲਈ ਜਗ੍ਹਾ ਦੀ ਜਰੂਰਤ ਹੈ ਤਾਂ ਉਹ ਆਪਣੇ ਹਲਕੇ ਦੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨਾਲ ਸੰਪਰਕ ਕਰ ਸਕਦਾ ਹੈ।

ਉਨਾਂ ਨੇ ਇਹ ਵੀ ਹਦਾਇਤ ਕੀਤੀ ਕਿ ਝੋਨੇ ਦੀ ਕਟਾਈ ਲਈ ਜਿਨ੍ਹਾਂ ਕੰਬਾਇਨਾ ਦੀ ਵਰਤੋਂ ਕੀਤੀ ਜਾ ਰਹੀ ਹੈ ਉਹਨਾ ਕੰਬਇਨਾ ਤੇ ਐਸ.ਐਮ.ਐਸ (ਸਟਰਾਅ ਮੈਨੇਜਮੈਂਟ ਸਿਸਟਮ) ਲੱਗਾ ਹੋਣਾ ਚਾਹੀਦਾ ਹੈ।ਜੇਕਰ ਕੋਈ ਵੀ ਕੰਬਾਇਨ ਬਿਨਾ ਐਸ.ਐਮ.ਐਸ (ਸਟਰਾਅ ਮੈਨੇਜਮੈਂਟ ਸਿਸਟਮ) ਦੇ ਪਾਈ ਗਈ ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਉਤਸਵ 'ਤੇ ਰਕਬਾ ਭਵਨ ਵਿਖੇ 21 ਸ਼ਖਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ- ਸਮਾਗਮ ਦੀਆਂ ਤਿਆਰੀਆਂ ਮੁਕੰਮਲ : ਬਾਵਾ



**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ 16 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 355ਵਾਂ ਜਨਮ ਉਤਸਵ ਮਨਾਉਣ ਸਬੰਧੀ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਪ੍ਰਧਾਨਗੀ ਹੇਠ ਸਮੁੱਚੇ ਪ੍ਰਬੰਧਾਂ ਦੀ ਦੇਖਰੇਖ ਲਈ ਮੀਟਿੰਗ ਹੋਈ ਜਿਸ ਵਿੱਚ ਕਰਨੈਲ ਸਿੰਘ ਗਿੱਲ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ, ਭਗਵੰਤ ਸਿੰਘ ਸਾਬਕਾ ਸਰਪੰਚ, ਲਵਲੀ ਚੌਧਰੀ, ਕਾਕੂ ਚੌਧਰੀ, ਪਵਨ ਗਰਗ, ਸੁੱਚਾ ਸਿੰਘ, ਲਵਜੋਤ ਸਿੰਘ, ਮਨਜਿੰਦਰ ਸਿੰਘ ਦਾਖਾ, ਸੁਖਦੇਵ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਸਮੇਂ ਸ਼੍ਰੀ ਬਾਵਾ ਨੇ ਦੱਸਿਆ ਕਿ ਮਹਾਨ ਤਪਸਵੀ, ਤੇਜਸਵੀ ਯੋਧੇ, ਜਰਨੈਲ, ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 355ਵੀਂ ਜਨਮ ਉਤਸਵ 'ਤੇ 16 ਅਕਤੂਬਰ ਨੂੰ ਵੱਖ-ਵੱਖ ਵਰਗ ਨਾਲ ਸੰਬੰਧਿਤ 21 ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਦਿਹਾੜਾ ਸਭ ਨੂੰ ਮਿਲ ਕੇ ਮਨਾਉਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਜਗੀਰਦਾਰੀ ਸਿਸਟਮ ਦਾ ਖਾਤਮਾ ਕਰਕੇ ਮੁਜਾਰਿਆਂ ਨੂੰ ਜਮੀਨਾਂ ਦੇ ਮਾਲਕ ਬਣਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਹੀ ਸਨ।

ਇਸ ਸਮੇਂ ਕਰਨੈਲ ਸਿੰਘ ਗਿੱਲ ਨੇ ਕਿਹਾ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਰਚਣ ਵਾਲੇ ਮਹਾਨ ਸੂਰਵੀਰ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਦਿਹਾੜਾ ਹਰ ਕਿਸਾਨ ਨੂੰ ਆਪਣੇ ਘਰ ਦੇ ਬਨੇਰੇ 'ਤੇ ਦੇਸੀ ਘਿਓ ਦਾ ਦੀਵਾ ਬਾਲ ਕੇ ਮਨਾਉਣਾ ਚਾਹੀਦਾ ਹੈ।

## ਆਮ ਆਦਮੀ ਪਾਰਟੀ ਮਹਿਲ਼ਾ ਵਿੰਗ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ ਦਾ ਆਯੋਜਨ



**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਮਹਿਲ਼ਾ ਵਿੰਗ ਦੀ ਇੱਕ ਮਹੱਤਵਪੂਰਨ ਮੀਟਿੰਗ ਪਾਰਟੀ ਦਫ਼ਤਰ ਲੁਧਿਆਣਾ ਅਰਬਨ ਵਿੱਚ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਮਹਿਲ਼ਾ ਵਿੰਗ ਮਾਲਵਾ ਸੈਂਟਰਲ ਜੋਨ ਇੰਚਾਰਜ ਅਜਿੰਦਰ ਕੌਰ ਜੀ ਅਤੇ ਲੁਧਿਆਣਾ ਅਰਬਨ ਜ਼ਿਲ੍ਹਾ ਇੰਚਾਰਜ ਮਨੀਸ਼ਾ ਕਪੂਰ ਜੀ ਸਾਰੇ ਹਲਕਿਆਂ ਦੇ ਕੋਆਰਡੀਨੇਟਰ ਸਾਹਿਬਾਨ ਅਤੇ ਬਲਾਕ ਇੰਚਾਰਜਾਂ ਨਾਲ ਵਿਸਥਾਰ ਨਾਲ ਚਰਚਾ ਕਰਨ ਲਈ ਹਾਜ਼ਰ ਸਨ।

ਮੀਟਿੰਗ ਦੌਰਾਨ ਵਾਰਡ ਪ੍ਰਧਾਨਾਂ ਦੀ ਨਿਯੁਕਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਮਹਿਲ਼ਾ ਵਿੰਗ ਦੀ ਸੰਗਠਨਕ ਮਜ਼ਬੂਤੀ ਲਈ ਵਾਰਡ ਕਮੇਟੀਆਂ ਦੇ ਨਿਰਮਾਣ 'ਤੇ ਵੀ ਵਿਸਤ੍ਰਿਤ ਚਰਚਾ ਹੋਈ।ਇਸ ਮੌਕੇ ਆਮ ਆਦਮੀ ਪਾਰਟੀ ਲੁਧਿਆਣਾ ਮੇਨ ਵਿੰਗ ਦੇ ਜ਼ਿਲ੍ਹਾ ਇੰਚਾਰਜ ਜਤਿੰਦਰ ਖੰਗੂੜਾ ਜੀ ਅਤੇ ਸੰਗਠਨ ਮੰਤਰੀ ਵੀ ਹਾਜ਼ਰ ਸਨ।

ਮੀਟਿੰਗ ਦਾ ਮੁੱਖ ਉਦੇਸ਼ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ ਅਤੇ ਮਹਿਲ਼ਾ ਵਿੰਗ ਦੇ ਸੱਦਸਿਆ ਨੂੰ ਮੈਦਾਨੀ ਪੱਧਰ 'ਤੇ ਹੋਰ ਸਰਗਰਮ ਬਣਾਉਣਾ ਸੀ।ਮੀਟਿੰਗ ਦੇ ਅੰਤ ਵਿੱਚ ਇਹ ਸੰਕਲਪ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਹਰ ਵਾਰਡ ਵਿੱਚ ਸੁਚਾਰੂ ਤਰੀਕੇ ਨਾਲ ਕਮੇਟੀਆਂ ਬਣਾਈਆਂ ਜਾਣਗੀਆਂ ਤਾਂ ਜੋ ਪਾਰਟੀ ਦੇ ਵਿਚਾਰ ਅਤੇ ਨੀਤੀਆਂ ਹਰ ਘਰ ਤੱਕ ਪਹੁੰਚ ਸਕਣ।

## ਰਾਜਪੁਰਾ ਵਿੱਚ ਰੇਹੜੀ ਮਾਰਕੀਟ ਦਾ ਕੀਤਾ ਗਿਆ ਉਦਘਾਟਨ

**ਰਾਜਪੁਰਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਬੇ ਸਮੇਂ ਤੋਂ ਚਲਦੀ ਆ ਰਹੀ ਰਾਜਪੁਰਾ ਵਾਸੀਆਂ ਦੀ ਮੰਗ ਨੂੰ ਦੇਖਦੇ ਹੋਏ ਅੱਜ ਰਾਜਪੁਰਾ ਦੇ ਰੇੜੀ ਵਾਲਿਆਂ ਲਈ ਖਾਸ ਤੌਰ ਤੇ ਰੇੜੀ ਮਾਰਕੀਟ ਦਾ ਉਦਘਾਟਨ ਕੀਤਾ ਗਿਆ ਅਤੇ ਉਹਨਾਂ ਰੇੜੀ ਵਾਲਿਆਂ ਨੂੰ ਵੀ ਨਵੀਂ ਜਗਹਾ ਅਲਾਟ ਕੀਤੀ ਗਈ ਜੋ ਕਿ ਕਾਫੀ ਸਮੇਂ ਤੋਂ ਰੇੜੀਆਂ ਲਗਾ ਰਹੇ ਸਨ ।



ਇਸ ਮੌਕੇ ਰਾਜਪੁਰਾ ਦੇ ਵਿਧਾਇਕ ਸ਼੍ਰੀਮਤੀ ਨੀਨਾ ਮਿੱਤਲ ਨੇ ਕਿਹਾ ਕਿ ਅੱਜ ਉਹ ਦਿਨ ਆਇਆ ਹੈ ਜਦ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਕਿਹਾ ਸੀ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ । ਇਸ ਕਰਕੇ ਵੱਧ ਤੋਂ ਵੱਧ ਆਮ ਲੋਕਾਂ ਦੇ ਕੰਮ ਹੀ ਕੀਤੇ ਜਾਣਗੇ ।

ਇਸ ਲਈ ਰਾਜਪੁਰਾ ਵਿੱਚ ਅੱਜ ਵੈਂਡਰ ਮਾਰਕੀਟ ਅਲਾਟ ਕੀਤੀ ਜਾ ਰਹੀ ਹੈ । ਕਿਉਂਕਿ ਜਦੋਂ ਮਾਰਕੀਟ ਦੇ ਵਿੱਚ ਸੜਕਾਂ ਆਦਿ ਉੱਤੇ ਰੇੜੀਆਂ ਲੱਗਦੀਆਂ ਸੀ ਤਾਂ ਕਦੇ ਪੁਲਿਸ ਵਾਲੇ ਪਹੁੰਚ ਜਾਂਦੇ ਸੀ ਯਾ ਨਗਰ ਕੌਂਸਲ ਦੇ ਅਧਿਕਾਰੀ ਉਥੇ ਪਹੁੰਚ ਜਾਂਦੇ ਸੀ ।

ਜਿਸ ਕਰਕੇ ਉਹਨਾਂ ਰੇਹੜੀ ਵਾਲਿਆਂ ਨੂੰ ਅਤੇ ਆਮ ਜਨਤਾ ਨੂੰ ਸਭ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ । ਇਹ ਸਭ ਦੇਖਦੇ ਹੋਏ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਵਾਇਦਾ ਕੀਤਾ ਸੀ ਕਿ ਇਹਨਾਂ ਨੂੰ ਇੱਕ ਵੈਂਡਰ ਮਾਰਕੀਟ ਬਣਾ ਕੇ ਦਿੱਤੀ ਜਾਏਗੀ ।

ਇਸ ਕਰਕੇ ਅੱਜ ਆਪਣਾ ਵਾਅਦਾ ਪੂਰਾ ਕਰਦੇ ਹੋਏ ਬਕਾਇਦਾ ਸਾਰਿਆਂ ਦੇ ਸਾਹਮਣੇ ਪਰਚੀਆਂ ਕੱਢ ਕੇ ਉਸ ਮਾਰਕੀਟ ਦੀ ਅਲਾਟਮੈਂਟ ਕੀਤੀ ਜਾ ਰਹੀ ਹੈ। ਇਸ ਕਰਕੇ ਜਿਸ ਕਿਸੇ ਦੇ ਵੀ ਪਰਚੀ ਨਿਕਲ ਰਹੀ ਹੈ ।

ਉਸਨੂੰ ਉਹ ਬੂਥ ਅਲਾਟ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਨਾਲ ਉਹਨਾਂ ਨੇ ਇਹ ਵੀ ਬੇਨਤੀ ਕੀਤੀ ਕਿ ਇਸ ਤੋਂ ਬਾਅਦ ਬਾਜ਼ਾਰ ਦੇ ਵਿੱਚ ਰੇਹੜੀਆਂ ਨਾ ਲਗਾਈਆਂ ਜਾਣ ਅਤੇ ਇਸ ਕੰਮ ਲਈ ਪੁਲਿਸ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਵੀ ਸਹਾਇਤਾ ਲਈ ਜਾਵੇਗੀ

ਨਾਲ ਹੀ ਦੁਕਾਨਦਾਰ ਵੀਰਾਂ ਨੂੰ ਵੀ ਬੇਨਤੀ ਕੀਤੀ ਕਿ ਜੋ ਦੁਕਾਨਦਾਰ ਵੀਰ ਰੇੜੀਆਂ ਨੂੰ ਆਪਣੇ ਦੁਕਾਨ ਦੇ ਬਾਹਰ ਜਗ੍ਹਾ ਦਿੰਦੇ ਹਨ ਉਹ ਇਸ ਤਰ੍ਹਾਂ ਨਾ ਕਰਨ ਅਤੇ ਜਿਨਾਂ ਵੀਰਾਂ ਨੂੰ ਵੀ ਇਹ ਰੇੜੀ ਵਾਲੀ ਜਗਹਾ ਅਲਾਟ ਹੋਈ ਹੈ ।

ਉਹ ਕਦੇ ਵੀ ਆਪਣੀ ਜਗਾ ਕਿਸੇ ਹੋਰ ਨੂੰ ਅੱਗੇ ਨਾ ਵੇਚਣ ਕਿਉਂਕਿ ਅਜਿਹੀ ਸੂਰਤ ਵਿੱਚ ਉਸ ਰੇੜੀ ਦੀ ਜਗ੍ਹਾ ਕੈਂਸਲ ਹੋ ਜਾਵੇਗੀ ਅਤੇ ਖਰੀਦਣ ਵਾਲੇ ਦਾ ਅਤੇ ਵੇਚਣ ਵਾਲੇ ਦਾ ਮਾਲਿਕਾਨਾ ਹੱਕ ਉਸ ਜਗਹਾ ਤੋਂ ਖਤਮ ਹੋ ਜਾਵੇਗਾ ਅਤੇ ਕਿਸੇ ਨਵੇਂ ਵਿਅਕਤੀ ਨੂੰ ਹੀ ਉਹ ਜਗ੍ਹਾ ਦੁਬਾਰਾ ਅਲਾਟ ਕੀਤੀ ਜਾਵੇਗੀ । ਅੱਜ ਤਕਰੀਬਨ 133 ਵੇਹੜੀਆਂ ਵਾਲਿਆਂ ਨੂੰ ਜਗਹਾ ਅਲਾਟ ਹੋਈ ਹੈ ।

ਇਸ ਨਾਲ ਬਾਜ਼ਾਰ ਵੀ ਪਹਿਲਾਂ ਨਾਲੋਂ ਖੁੱਲੇ ਨਜ਼ਰ ਆਉਣਗੇ ਅਤੇ ਬਾਜ਼ਾਰਾਂ ਵਿੱਚ ਆਵਾਜਾਈ ਦੀ ਸਮੱਸਿਆ ਤੋਂ ਵੀ ਰਾਹਤ ਮਿਲੇਗੀ ਪੁਰਾਣੀ ਬੂਥ ਮਾਰਕੀਟ ਬਾਰੇ ਬੋਲਦਿਆਂ ਵੀ ਵਿਧਾਇਕਾਂ ਨੀਨਾ ਮਿੱਤਲ ਨੇ ਕਿਹਾ ਕਿ ਪਹਿਲਾਂ ਜੋ ਵੀ ਬੂਥ ਜਿਸ ਕਿਸੇ ਵਿਅਕਤੀ ਨੂੰ ਵੀ ਅਲਾਟ ਹੋਏ ਸਨ ਉਸਨੂੰ ਉਹ ਬੂਥ ਅਲਾਟ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਨਾਲ ਉਹਨਾਂ ਨੇ ਇਹ ਵੀ ਬੇਨਤੀ ਕੀਤੀ ਕਿ ਇਸ ਤੋਂ ਬਾਅਦ ਬਾਜ਼ਾਰ ਦੇ ਵਿੱਚ ਰੇਹੜੀਆਂ ਨਾ ਲਗਾਈਆਂ ਜਾਣ ਅਤੇ ਇਸ ਕੰਮ ਲਈ ਪੁਲਿਸ ਅਤੇ ਅਤੇ ਹੁਣ ਇਹਨਾਂ ਬੂਥਾਂ ਵਿੱਚ ਕਿਹੜੇ ਵਿਅਕਤੀਆਂ ਦਾ ਕਬਜ਼ਾ ਹੈ ਇਸ ਸਭ ਬਾਰੇ ਇਨਕੁਆਇਰੀ ਚੱਲ ਰਹੀ ਹੈ ਅਤੇ ਇਸ ਸਬੰਧੀ ਜਲਦ ਹੀ ਐਕਸ਼ਨ ਵੀ ਲਿਆ ਜਾਵੇਗਾ ।

## ਬੱਚਿਆਂ ਨੂੰ ਪੋਲੀਓ ਰੋਧਕ ਬੂੰਦਾਂ ਪਿਲਾਉਣ ਦਾ ਟੀਚਾ ਪੂਰਾ : ਸਿਵਲ ਸਰਜਨ



**ਬਠਿੰਡਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਿਵਲ ਸਰਜਨ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ ਮੀਨਾਕਸ਼ੀ ਸਿੰਗਲਾ ਜਿਲ੍ਹਾ ਟੀਕਾਕਰਣ ਅਫ਼ਸਰ ਦੀ ਦੇਖ-ਰੇਖ ਵਿੱਚ ਅੱਜ ਪਲਸ ਪੋਲੀਓ ਮੁਹਿੰਮ ਦੇ ਆਖਰੀ ਦਿਨ ਸਿਹਤ ਵਿਭਾਗ ਵੱਲੋਂ ਬੱਚਿਆਂ ਨੂੰ ਪੋਲੀਓ ਰੋਧਕ ਬੂੰਦਾਂ ਪਿਲਾਉਣ ਦਾ ਮਿੱਥਿਆ ਟੀਚਾ ਪੂਰਾ ਕਰ ਲਿਆ ਗਿਆ ਹੈ।

ਸਿਵਲ ਸਰਜਨ ਡਾ ਤਪਿੰਦਰਜੋਤ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 12 ਤੋਂ 14 ਅਕਤੂਬਰ ਤੱਕ ਤਿੰਨ ਦਿਨਾਂ ਦਾ ਸਪੈਸ਼ਲ ਨੈਸ਼ਨਲ ਪਲਸ ਪੋਲੀਓ ਰਾਊਂਡ ਚਲਾਇਆ ਗਿਆ ਸੀ, ਜਿਸ ਦੌਰਾਨ ਜ਼ਿਲ੍ਹੇ ਦੇ 0 ਤੋਂ 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਬੂੰਦਾ ਪਿਲਾਈਆਂ ਗਈਆਂ, ਜਿਸ ਵਿੱਚ ਸਿਹਤ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਆਂਗਣਵਾੜੀ ਵਰਕਰ-ਹੈਲਪਰ, ਸਵੈ ਸੇਵੀ ਸੰਸਥਾਵਾਂ ਅਤੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ।

ਸਿਵਲ ਸਰਜਨ ਨੇ ਦੱਸਿਆ ਕਿ ਜਨਵਰੀ 2011 ਤੋਂ ਭਾਰਤ ਵਿੱਚ ਕੋਈ ਵੀ ਪੋਲੀਓ ਦਾ ਕੇਸ ਨਹੀਂ ਮਿਲਿਆ ਅਤੇ ਵਿਸ਼ਵ ਸਿਹਤ ਸੰਸਥਾ ਵੱਲੋਂ ਭਾਰਤ ਨੂੰ ਪੋਲੀਓ ਮੁਕਤ ਦੇਸ਼ ਘੋਸ਼ਿਤ ਕਰ ਦਿੱਤਾ ਗਿਆ ਹੈ।

ਅਸੀਂ ਰਲ-ਮਿਲ ਕੇ ਪੋਲੀਓ ਦੀ ਬਿਮਾਰੀ ਨੂੰ ਦੇਸ਼ ਵਿੱਚੋਂ ਖਤਮ ਕੀਤਾ ਹੈ, ਇਸ ਖਾਤਮੇ ਨੂੰ ਬਰਕਰਾਰ ਰੱਖਣ ਦੀ ਜ਼ਰੂਰਤ ਹੈ।

## ਸੈਂਟਰਲ ਮੈੜ ਰਾਜਪੂਤ ਸਭਾ ਅਤੇ ਸਵਰਨਕਾਰ ਸੰਘ ਪਟਿਆਲਾ ਦਾ ਭਾਈਚਾਰਾ ਹੋਇਆ ਮਜ਼ਬੂਤ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਦੇ ਦਾਨਵੀਰ ਸੇਠ ਸਵਰਗੀ ਸ੍ਰੀ ਬੁੱਧ ਰਾਮ ਜੀ ਵੱਲੋਂ ਦਾਨ ਕੀਤੀ ਜ਼ਮੀਨ ਉੱਤੇ ਸੈਂਟਰਲ ਮੈੜ ਰਾਜਪੂਤ ਸਭਾ ਦੀ ਧਰਮਸ਼ਾਲਾ ਦਾ ਕੰਮ ਪਿਛਲੇ ਲਗਭਗ 23 ਸਾਲ ਤੋਂ ਰੁਕਿਆ ਹੋਇਆ ਸੀ, ਪ੍ਰੰਤੂ ਸੈਂਟਰਲ ਮੈੜ ਰਾਜਪੂਤ ਸਭਾ ਦੇ ਪ੍ਰਧਾਨ ਸ੍ਰੀ ਭੀਮ ਸੈਨ ਵਰਮਾ ਜੋਕਿ ਸਵਰਨਕਾਰ ਸੰਘ 898 ਦੇ ਜਿਲ੍ਹਾ ਪ੍ਰਧਾਨ ਵੀ ਹਨ, ਦੇ ਨਿਰਦੇਸ਼ ਉਤੇ ਸਵਰਨਕਾਰ ਸੰਘ ਤਹਿਸੀਲ ਪਟਿਆਲਾ ਦੇ ਸ਼ਹਿਰੀ ਪ੍ਰਧਾਨ ਪਰਵੀਨ ਕੁਮਾਰ ਲੱਕੀ ਦੀ ਅਗਵਾਈ ਵਿੱਚ ਸੈਂਟਰਲ ਮੈੜ ਰਾਜਪੂਤ ਸਭਾ ਅਤੇ ਸਵਰਨਕਾਰ ਸੰਘ 898 ਤਹਿਸੀਲ ਪਟਿਆਲਾ ਦੀ ਹੋਈ ਮੀਟਿੰਗ ਵਿੱਚ ਸੈਂਟਰਲ ਮੈੜ ਰਾਜਪੂਤ ਸਭਾ ਅਤੇ ਸਵਰਨਕਾਰ ਸੰਘ ਪਟਿਆਲਾ ਦਾ ਭਾਈਚਾਰਾ ਹੋਇਆ ਮਜ਼ਬੂਤ ਹੋਇਆ ਕਿਉਂਕਿ ਸਵਰਨਕਾਰ ਸੰਘ ਦੇ ਕਈ ਮੈਂਬਰ ਸੈਂਟਰਲ ਮੈੜ ਰਾਜਪੂਤ ਸਭਾ ਦੇ ਵੀ ਮੈਂਬਰ ਹਨ। ਧਰਮਸ਼ਾਲਾ ਦੀ ਉਸਾਰੀ ਲਈ ਪ੍ਰਧਾਨ ਭੀਮ ਸੈਨ ਵਰਮਾ, ਜਨਰਲ ਸਕੱਤਰ ਪ੍ਰਦੀਪ ਵਰਮਾ, ਅਰੁਣ ਵਰਮਾ ਅਤੇ ਹੋਰ ਟੀਮ ਮੈਂਬਰਾਂ ਦੀ ਅਗਵਾਈ ਵਿੱਚ ਧਰਮਸ਼ਾਲਾ ਦਾ ਕੰਮ ਸ਼ੁਰੂ ਕੀਤਾ ਗਿਆ ਜਿਸ ਵਿੱਚ ਸਵਰਨਕਾਰ ਸੰਘ ਦੇ ਮੈਂਬਰਾਂ ਨੇ ਵੀ ਵੱਧ ਚੜ੍ਹ ਕੇ ਆਪਣਾ ਆਪਣਾ ਯੋਗਦਾਨ ਪਾਇਆ ਅਤੇ ਸਭ ਦੇ ਸਹਿਯੋਗ ਨਾਲ ਧਰਮਸ਼ਾਲਾ ਦਾ ਕੰਮ ਲਗਭਗ ਮੁਕੰਮਲ ਹੋ ਗਿਆ ਹੈ।

ਲੋਕਾਂ ਵੱਲੋਂ ਇਸਦੀ ਬਹੁਤ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਧਰਮਸ਼ਾਲਾ ਪਟਿਆਲਾ ਸ਼ਹਿਰ ਵਿੱਚ ਸੈਂਟਰਲ ਮੈੜ ਰਾਜਪੂਤ ਸਭਾ ਅਤੇ ਸਵਰਨਕਾਰ ਸੰਘ 898 ਜਿਲ੍ਹਾ ਤੇ ਤਹਿਸੀਲ ਪਟਿਆਲਾ ਦੇ ਭਾਈਚਾਰੇ ਦੀ ਮਿਸਾਲ ਹੈ। ਦੋਵੇਂ ਐਸੋਸੀਏਸ਼ਨਾਂ ਨੇ ਸੁੱਖ ਦੁੱਖ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਚਲਣ ਦਾ ਵਾਅਦਾ ਕੀਤਾ ਹੈ ਅਤੇ ਭਰੋਸਾ ਦਵਾਇਆ ਹੈ ਕਿ ਉਹ ਸਭ ਇਕਜੁੱਟ ਹੋ ਕੇ ਭਾਈਚਾਰੇ ਤੇ ਮਾਨਵਤਾ ਦੀ ਭਲਾਈ ਲਈ ਕੰਮ ਕਰਨਗੇ।

## ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਈਸੀਏਆਰ-ਭਾਰਤੀ ਮੱਕਾ ਖੋਜ ਸੰਸਥਾਨ ਲੁਧਿਆਣਾ ਵਿਖੇ ਪ੍ਰਬੰਧਕੀ ਭਵਨ ਦਾ ਉਦਘਾਟਨ ਕੀਤਾ

**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈਸੀਏਆਰ) ਦੇ ਭਾਰਤੀ ਮੱਕਾ ਖੋਜ ਸੰਸਥਾਨ (ਆਈਆਈਐਮਆਰ) ਲੁਧਿਆਣਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਹਨਾਂ ਵੱਲੋਂ ਜਿੱਥੇ ਸੰਸਥਾਨ ਦੇ ਨਵੇਂ ਬਣੇ ਪ੍ਰਬੰਧਕੀ ਭਵਨ ਦਾ ਉਦਘਾਟਨ ਕੀਤਾ ਗਿਆ, ਉੱਥੇ ਮੱਕਾ ਹਿਤਧਾਰਕਾਂ, ਕਿਸਾਨਾਂ, ਗ੍ਰਾਮੀਣ ਵਿਕਾਸ ਯੋਜਨਾਵਾਂ ਦੇ ਲਾਭਪਾਤਰੀਆਂ ਅਤੇ ਮਹਿਲਾ ਸਵੈ-ਸਹਾਇਤਾ ਸਮੂਹਾਂ ਦੀਆਂ ਦੀਦੀਆਂ ਨਾਲ ਵੀ ਗੱਲਬਾਤ ਕੀਤੀ ਗਈ। ਇਸ ਤੋਂ ਬਾਅਦ ਕੇਂਦਰੀ ਮੰਤਰੀ ਵੱਲੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਗਿਆ, ਜਿਸ ਵਿੱਚ ਪੰਜਾਬ ਖੇਤਰ ਲਈ ਕੇਂਦਰ ਸਰਕਾਰ ਦੀਆਂ ਮੁੱਖ ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਪਹਿਲਕਦਮੀਆਂ ਅਤੇ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।



ਇਸ ਮੌਕੇ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਰਾਜ ਮੰਤਰੀ ਸ੍ਰੀ ਭਾਗੀਰਥ ਚੌਧਰੀ, ਕੇਂਦਰੀ ਰੇਲਵੇ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਅਤੇ ਖੇਤੀਬਾੜੀ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ।

ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਤਹਿਤ ਦੇਸ਼ ਦੇ ਖ਼ੁਰਾਕ ਉਤਪਾਦਨ ਨੂੰ ਵਧਾਉਣਾ, ਉਤਪਾਦਨ ਦੀ ਲਾਗਤ ਘਟਾ ਕੇ ਕਿਸਾਨ ਦੀ ਆਮਦਨੀ ਵਧਾਉਣਾ ਸਾਡੇ ਪ੍ਰਮੁੱਖ ਟੀਚੇ ਹਨ। ਕਣਕ ਅਤੇ ਚੌਲਾਂ ਦੀ ਖੇਤੀ ਪੱਖੋਂ ਅਸੀਂ ਪੂਰੀ ਤਰ੍ਹਾਂ ਆਤਮ-ਨਿਰਭਰ ਹਾਂ ਪਰ ਖੇਤੀ ਵਿੱਚ ਵਿਭਿੰਨਤਾ ਲਿਆਉਣੀ ਬਹੁਤ ਜ਼ਰੂਰੀ ਹੈ। ਕਣਕ ਅਤੇ ਝੋਨੇ ਤੋਂ ਬਾਅਦ ਤੀਜੀ ਸਭ ਤੋਂ ਵੱਡੀ ਫ਼ਸਲ ਮੱਕੀ ਹੈ, ਜਿਸ ਦੀ ਵਰਤੋਂ ਖਾਣ ਤੋਂ ਇਲਾਵਾ ਹੋਰ ਕਈ ਕੰਮਾਂ ਲਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਫ਼ਸਲ ਦਾ ਮੁਕਾਬਲਾ ਸਿਰਫ਼ ਮੱਕੀ ਹੀ ਕਰ ਸਕਦੀ ਹੈ ਇਸ ਨਾਲ ਪਾਣੀ ਵੀ ਬਚੇਗਾ ਅਤੇ ਕਿਸਾਨਾਂ ਨੂੰ ਜ਼ਿਆਦਾ ਮੁਨਾਫ਼ਾ ਹੋਵੇਗਾ। ਇਸ ਤਹਿਤ ਮੱਕਾ ਖੋਜ ਸੰਸਥਾਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਇੱਥੇ ਕੀਤੀਆਂ ਜਾ ਰਹੀਆਂ ਖੋਜਾਂ ਮੱਕੀ ਦੇ ਉਤਪਾਦਨ ਨੂੰ ਵਧਾਉਣ ਵਿੱਚ ਬਹੁਤ ਸਹਾਇਕ ਸਿੱਧ ਹੋ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਕਣਕ ਦੇ ਬੀਜਾਂ ਦੀ ਮੁਫ਼ਤ ਸਪਲਾਈ ਲਈ 74 ਕਰੋੜ ਜਾਰੀ ਕੀਤੇ ਹਨ ਅਤੇ ਸਰ੍ਹੋਂ ਸਮੇਤ ਹੋਰ ਬੀਜਾਂ ਲਈ ਫੰਡ ਮਨਜ਼ੂਰ ਕੀਤੇ ਗਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਅਧੀਨ 11.09 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ ?222 ਕਰੋੜ ਪਹਿਲਾਂ ਤੋਂ ਟ੍ਰਾਂਸਫਰ ਕੀਤੇ ਗਏ। ਐੱਮਆਈਡੀਐੱਚ ਸਕੀਮ ਰਾਹੀਂ ਬਾਗ਼ਬਾਨੀ ਖੇਤਰ ਵਿੱਚ ਹੋਏ ਨੁਕਸਾਨ ਦੀ ਭਰਪਾਈ ਲਈ ਵੀ ਸਹਾਇਤਾ ਭੇਜੀ ਜਾਵੇਗੀ।

ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਦੀ ਸਹਾਇਤਾ ਲਈ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਜੀ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਪ੍ਰਤੀ ਚਿੰਤਤ ਹਨ ਅਤੇ ਉਨ੍ਹਾਂ ਵੱਲੋਂ 1600 ਕਰੋੜ ਰੁਪਏ ਦਾ ਪੈਕੇਜ ਪੰਜਾਬ ਨੂੰ ਦਿੱਤਾ ਗਿਆ ਹੈ ਤਾਂ ਜੋ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਜ਼ਿੰਦਗੀ ਮੁੜ ਲੀਹ 'ਤੇ ਆ ਸਕੇ। ਕੇਂਦਰੀ ਮੰਤਰੀ ਵੱਲੋਂ ਪੰਜਾਬ ਵਿੱਚ ਹੜ੍ਹਾਂ ਕਾਰਨ ਨੁਕਸਾਨੇ ਗਏ 36703 ਘਰਾਂ ਨੂੰ ਮੁੜ ਉਸਾਰਨ ਲਈ ਪ੍ਰਤੀ ਪਰਿਵਾਰ 1 ਲੱਖ 60 ਹਜ਼ਾਰ ਰੁਪਏ ਦੀ ਮਨਜ਼ੂਰੀ ਦਿੱਤੀ ਗਈ। ਇਸ ਵਿੱਚ 1 ਲੱਖ 20 ਹਜ਼ਾਰ ਰੁਪਏ ਘਰ ਬਣਾਉਣ ਅਤੇ 40 ਹਜ਼ਾਰ ਰੁਪਏ ਮਜ਼ਦੂਰੀ ਅਤੇ ਪਖਾਨਿਆਂ ਦੀ ਉਸਾਰੀ ਲਈ ਹਨ।

ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਆਪਣੇ ਦੇਸ਼ ਵਿੱਚ ਬਣੀਆਂ ਵਸਤੂਆਂ ਹੀ ਖਰੀਦੀਏ। ਇਸ ਨਾਲ ਲੋਕਲ ਕਾਰੀਗਰਾਂ ਨੂੰ ਲਾਭ ਹੋਵੇਗਾ, ਦੇਸ਼ ਦਾ ਪੈਸਾ ਦੇਸ਼ ਵਿੱਚ ਹੀ ਰਹੇਗਾ ਅਤੇ ਦੇਸ਼ ਆਰਥਿਕ ਪੱਖੋਂ ਹੋਰ ਖੁਸ਼ਹਾਲ ਹੋਵੇਗਾ।

# ਕਈ ਬੀਮਾਰੀਆਂ ਤੋਂ ਮੁਕਤੀ ਦਿਵਾਉਂਦਾ ਹੈ ਪੀਲੀ ਮੂੰਗੀ ਦੀ ਦਾਲ ਦਾ ਪਾਣੀ

ਪੀਲੀ ਮੂੰਗੀ ਦੀ ਦਾਲ ਖਾਣ 'ਚ ਜਿੰਨੀ ਸੁਆਦ ਹੁੰਦਾ ਹੈ, ਉਸ ਤੋਂ ਕਿਤੇ ਵੱਧ ਇਹ ਸਿਹਤ ਲਈ ਫ਼ਾਇਦੇਮੰਦ ਹੈ। ਇਸ ਦਾਲ 'ਚ ਪੋਟਾਸ਼ੀਅਮ, ਮੈਗਨੀਸ਼ੀਅਮ, ਫ਼ਾਲੇਟ, ਕਾਪਰ, ਜ਼ਿੰਕ ਅਤੇ ਵਿਟਾਮਿਨਸ ਵਰਗੇ ਤੱਤ ਵੱਡੀ ਮਾਤਰਾ 'ਚ ਪਾਏ ਜਾਂਦੇ ਹਨ। ਮੂੰਗੀ ਦੀ ਦਾਲ ਦਾ ਪਾਣੀ ਪੀਣ ਨਾਲ ਸਿਹਤ ਬੀਮਾਰੀਆਂ ਤੋਂ ਮੁਕਤ ਰਹਿੰਦੀ ਹੈ। ਮੂੰਗ ਦੀ ਦਾਲ ਦੇ ਪਾਣੀ ਦਾ ਸੇਵਨ ਕਰਕੇ ਤੁਸੀਂ ਨਾ ਸਿਰਫ਼ ਮੋਟਾਪਾ ਘਟਾ ਸਕਦੇ ਹੋ ਸਗੋਂ ਕਈ ਬੀਮਾਰੀਆਂ ਤੋਂ ਵੀ ਛੁਟਕਾਰਾ ਪਾ ਸਕਦੇ ਹੋ। ਅੱਜ ਅਸੀਂ ਤੁਹਾਨੂੰ ਪੀਲੀ ਮੂੰਗ ਦੀ ਦਾਲ ਦਾ ਪਾਣੀ ਪੀਣ ਦਾ ਫ਼ਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ...

**1. ਡੇਂਗੂ ਤੋਂ ਕਰੇ ਬਚਾਅ**

ਅੱਜ ਕਲ੍ਹ ਲੋਕਾਂ 'ਚ ਡੇਂਗੂ ਦੀ ਸਮੱਸਿਆ ਕਾਫ਼ੀ ਦੇਖਣ ਨੂੰ ਮਿਲ ਰਹੀ ਹੈ। ਅਜਿਹੇ 'ਚ ਪੀਲੀ ਮੂੰਗ ਦੀ ਦਾਲ ਦਾ ਪਾਣੀ ਪੀਣਾ ਤੁਹਾਡੇ ਲਈ ਬੇਹੱਦ ਫ਼ਾਇਦੇਮੰਦ ਹੋ ਸਕਦਾ ਹੈ। ਇਸ ਨਾਲ ਇਮਿਊਨ ਸਿਸਟਮ ਸਹੀ ਹੁੰਦਾ ਹੈ, ਜਿਸ ਨਾਲ ਤੁਸੀਂ ਡੇਂਗੂ ਤੋਂ ਬਚੇ ਰਹਿ ਸਕਦੇ ਹੋ। ਇਸ ਨਾਲ ਸਰੀਰ 'ਚ ਤਾਕਤ ਵੀ ਆਉਂਦੀ ਹੈ ਅਤੇ ਥਕਾਨ ਦੂਰ ਹੁੰਦੀ ਹੈ।

**2. ਡਾਇਬਟੀਜ਼ 'ਚ ਫ਼ਾਇਦੇਮੰਦ**

ਇਸ ਨਾਲ ਬਾਡੀ ਇੰਸੁਲਿਨ ਦੇ ਪੱਧਰ ਨੂੰ ਵਧਾਉਣ 'ਚ ਮਦਦ ਮਿਲਦੀ ਹੈ। ਇਸ ਦੇ ਇਲਾਵਾ ਇਸ ਨੂੰ ਖਾਣ ਨਾਲ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ।

**3. ਬੱਚਿਆਂ ਦੇ ਲਈ ਹੈਲਦੀ**

ਪੀਲੀ ਮੂੰਗ ਦੀ ਦਾਲ 'ਚ ਕਈ ਤਰ੍ਹਾਂ ਦੇ ਮਿਨਰਲਸ ਪਾਏ ਜਾਂਦੇ ਹਨ, ਜੋ ਬੱਚਿਆਂ ਲਈ ਕਾਫ਼ੀ ਫ਼ਾਇਦੇਮੰਦ ਹੁੰਦੇ ਹਨ। ਇਸ ਦਾਲ ਦਾ ਪਾਣੀ ਆਸਾਨੀ ਨਾਲ ਪਚ



ਜਾਂਦਾ ਹੈ। ਇਸ ਦੇ ਪਾਣੀ ਨੂੰ ਪੀਣ ਨਾਲ ਬੱਚਿਆਂ ਦੀ ਇੰਮਿਊਨ ਪਾਵਰ ਵੱਧਣ ਦੇ ਨਾਲ-ਨਾਲ ਰੋਗਾਂ ਨਾਲ ਲੜਨ ਦੀ ਸਮਰਥਾ ਵੀ ਵੱਧਦੀ ਹੈ।

**4. ਸਕਿਨ 'ਤੇ ਆਉਂਦੀ ਹੈ ਚਮਕ**

ਮੂੰਗ ਦੀ ਦਾਲ ਦੇ ਪਾਣੀ 'ਚ ਸਾਈਟ੍ਰੋਜਨ ਹੁੰਦਾ ਹੈ, ਜੋ ਸਰੀਰ 'ਚ ਕੋਲੇਜ਼ਨ ਅਤੇ ਐਲਾਸਟਿਨ ਬਣਾਏ ਰੱਖਦਾ ਹੈ। ਇਸ ਨਾਲ ਉਮਰ ਦਾ ਅਸਰ ਜਲਦੀ ਚਿਹਰੇ 'ਤੇ ਦਿਖਾਈ ਨਹੀਂ ਦਿੰਦਾ।

**5. ਪੇਟ ਲਈ ਫ਼ਾਇਦੇਮੰਦ**

ਪੀਲੀ ਮੂੰਗ ਦੀ ਦਾਲ ਆਸਾਨੀ ਨਾਲ ਪਚ ਜਾਂਦੀ ਹੈ ਅਤੇ ਇਸ ਨੂੰ ਖਾਣ ਨਾਲ ਗੈਸ, ਐਸੀਡਿਟੀ ਆਦਿ ਦੀ ਸਮੱਸਿਆ ਵੀ ਨਹੀਂ ਹੁੰਦੀ।

**6. ਸਰੀਰ 'ਚੋਂ ਗੰਦਗੀ ਨੂੰ ਕੱਢਦਾ ਹੈ ਬਾਹਰ**

ਪੀਲੀ ਮੂੰਗੀ ਦੀ ਦਾਲ ਦਾ ਪਾਣੀ ਪੀਣ ਨਾਲ ਸਰੀਰ 'ਚੋਂ ਗੰਦਗੀ ਬਾਹਰ ਨਿਕਲਦੀ ਹੈ। ਇਸ ਤੋਂ ਇਲਾਵਾ ਇਸ 'ਚ ਮੌਜੂਦ ਤੱਤ ਲਿਵਰ ਅਤੇ ਖ਼ੂਨ ਨੂੰ ਸਾਫ਼ ਕਰਦਾ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਦਿਨ ਦੀ ਥਾਂ ਰਾਤ ਨੂੰ ਇਸਤੇਮਾਲ ਕਰੋ ਗੁਲਾਬ ਜਲ

ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਚਮੜੀ ਖ਼ੂਬਸੂਰਤ ਹੋਵੇ। ਠੀਕ ਉਸੇ ਤਰ੍ਹਾਂ ਚਿਹਰੇ ਦੀ ਸੁੰਦਰਤਾ ਸਾਡੀ ਪ੍ਰਸਨੈਲਿਟੀ ਦਾ ਅਹਿਮ ਹਿੱਸਾ ਹੈ। ਚਿਹਰੇ 'ਤੇ ਪਿਆ ਛੋਟਾ-ਜਿਹਾ ਦਾਗ ਖ਼ੂਬਸੂਰਤੀ ਨੂੰ ਘੱਟ ਕਰ ਦਿੰਦਾ ਹੈ। ਇਸੇ ਲਈ ਗੁਲਾਬ ਜਿਹਾ ਨਿਖਾਰ ਪਾਉਣ ਲਈ ਆਪਣੀ ਸਕਿਨ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ। ਚਿਹਰੇ ਦੀ ਖ਼ੂਬਸੂਰਤੀ ਵਧਾਉਣ ਲਈ ਗੁਲਾਬ ਜਲ ਸਭ ਤੋਂ ਬਿਹਤਰ ਹੈ। ਇਸ ਵਿੱਚ ਪਾਏ ਜਾਣ ਵਾਲੇ ਮੈਡੀਕਲੀ ਗੁਣ ਚਮੜੀ ਸਬੰਧੀ ਕਈ ਸਮੱਸਿਆਵਾਂ ਨੂੰ ਦੂਰ ਕਰਦੇ ਹਨ। ਗੁਲਾਬ ਜਲ ਹਰ ਤਰ੍ਹਾਂ ਦੀ ਸਕਿਨ (ਡ੍ਰਾਈ, ਆਇਲੀ, ਨਾਰਮਲ) ਨੂੰ ਸੂਟ ਕਰਦਾ ਹੈ। ਇਸ ਦੀ ਵਰਤੋਂ ਕੁੜੀਆਂ ਹੀ ਨਹੀਂ ਸਗੋਂ ਮੁੰਡੇ ਵੀ ਕਰਦੇ ਹਨ। ਇਸਦੇ ਐਂਟੀ ਬੈਕਟੀਰੀਅਲ ਗੁਣ ਇਨਫ਼ੈਕਸ਼ਨ ਨੂੰ ਦੂਰ ਕਰਦੇ ਹਨ। ਜੇਕਰ ਤੁਸੀਂ ਵੀ ਗਲੋਇੰਗ ਸਕਿਨ ਪਾਉਣਾ ਚਾਹੁੰਦੇ ਹੋ ਤਾਂ ਗੁਲਾਬ ਜਲ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਓ। ਦਿਨ ਦੀ ਥਾਂ ਰਾਤ ਨੂੰ ਗੁਲਾਬ ਜਲ ਦੀ ਵਰਤੋਂ ਕਰਨ ਨਾਲ ਵੱਧ ਫ਼ਾਇਦਾ ਮਿਲਦਾ ਹੈ।

**1. ਬੰਦ ਪੋਰਸ**

ਗੁਲਾਬ ਜਲ ਲਗਾਉਣ ਨਾਲ ਸਕਿਨ ਦਾ ਪੀ. ਐੱਚ. ਲੈਵਲ ਬੈਂਲੇਸ ਰਹਿੰਦਾ ਹੈ। ਜੇ ਤੁਹਾਡੀ ਸਕਿਨ ਆਇਲੀ ਹੈ ਤਾਂ ਇਸਦੀ ਵਰਤੋਂ ਜ਼ਰੂਰ ਕਰੋ। ਦਰਅਸਲ ਇਹ ਸਕਿਨ 'ਤੇ ਆਇਲ ਆਉਣ ਤੋਂ ਰੋਕਦਾ ਹੈ। ਗੁਲਾਬ ਜਲ ਇਕ ਤਰ੍ਹਾਂ ਦਾ ਕਲੀਂਜਰ ਹੈ, ਜਿਸ ਨਾਲ ਚਮੜੀ 'ਤੇ ਮੌਜੂਦ ਗੰਦਗੀ ਦੂਰ ਹੁੰਦੀ ਹੈ ਅਤੇ ਬੰਦ ਪੋਰਸ ਖੁੱਲ੍ਹਦੇ ਹਨ।

**2. ਫ਼ੇਸ਼ੀਅਲ ਟੋਨਰ**

ਗੁਲਾਬ ਜਲ ਫ਼ੇਸ਼ੀਅਲ ਟੋਨਰ ਵਾਂਗ ਕੰਮ ਕਰਦਾ ਹੈ। ਇਸ ਵਿੱਚ ਮੌਜੂਦ ਐਸਟ੍ਰੀਜੈਂਟ ਗੁਣ ਪੋਰਸ ਨੂੰ ਟਾਈਟ ਕਰਦੇ ਹਨ। ਮੂੰਹ ਧੋਣ ਤੋਂ ਬਾਅਦ ਗੁਲਾਬ ਜਲ ਨਾਲ ਚਿਹਰੇ ਨੂੰ ਸਾਫ਼ ਕਰੋ।



**3. ਮੁਹਾਸਿਆਂ ਤੋਂ ਛੁਟਕਾਰਾ**

ਲੜਕੀਆਂ ਅਕਸਰ ਚਿਹਰੇ 'ਤੇ ਹੋਣ ਵਾਲੇ ਮੁਹਾਸਿਆਂ ਤੋਂ ਪ੍ਰੇਸ਼ਾਨ ਰਹਿੰਦੀਆਂ ਹਨ। ਇਸ ਲਈ ਇੱਕ ਵੱਡੇ ਚਮਚ ਨਿੰਬੂ ਦੇ ਰਸ ਵਿੱਚ ਇੱਕ ਵੱਡਾ ਚਮਚ ਗੁਲਾਬ ਜਲ ਮਿਲਾ ਕੇ ਮੁਹਾਸਿਆਂ 'ਤੇ ਲਗਾਓ। ਅੱਧੇ ਘੰਟੇ ਬਾਅਦ ਚਿਹਰੇ ਨੂੰ ਪਾਣੀ ਨਾਲ ਧੋ ਲਓ। ਤੁਸੀਂ ਚਾਹੋ ਤਾਂ ਮੁਲਤਾਨੀ ਮਿੱਟੀ ਵਿੱਚ ਵੀ ਇਸ ਨੂੰ ਮਿਕਸ ਕਰ ਕੇ ਲਗਾ ਸਕਦੇ ਹੋ। ਇਸ ਨਾਲ ਪੋਰਸ ਸਾਫ਼ ਹੋਣਗੇ ਅਤੇ ਮੁਹਾਸਿਆਂ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ।

**4. ਝੁਰੜੀਆਂ ਕਰੇ ਘੱਟ**

ਵੱਧਦੀ ਉਮਰ ਜਾਂ ਫ਼ਿਰ ਸਰੀਰ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਕਾਰਨ ਚਿਹਰੇ 'ਤੇ ਝੁਰੜੀਆਂ ਪੈਣ ਲੱਗਦੀਆਂ ਹਨ। ਝੁਰੜੀਆਂ ਘੱਟ ਕਰਨ ਵਿੱਚ ਵੀ ਗੁਲਾਬ ਜਲ ਮਦਦਗਾਰ ਹੈ। ਨਿੰਬੂ ਦਾ ਰਸ, ਚੰਦਨ ਪਾਊਡਰ ਅਤੇ ਗੁਲਾਬ ਜਲ ਦੀ ਪੇਸਟ ਬਣਾ ਕੇ ਚਿਹਰੇ 'ਤੇ ਲਗਾਓ। ਇਸ ਨਾਲ ਝੁਰੜੀਆਂ ਘੱਟ ਹੋਣਗੀਆਂ।

**5. ਮੇਕਅਪ ਰਿਮੂਵਰ**

ਮੇਕਅਪ ਉਤਾਰਨ ਲਈ ਗੁਲਾਬ ਜਲ ਦੀ ਵਰਤੋਂ ਕਰੋ। ਨਾਰੀਅਲ ਤੇਲ ਦੀਆਂ ਕੁਝ ਬੂੰਦਾਂ 'ਚ ਗੁਲਾਬ ਜਲ ਮਿਕਸ ਕਰੋ। ਇਸ ਮਿਕਸਰ ਨੂੰ ਰੂੰ ਵਿੱਚ ਲਗਾ ਕੇ ਚਿਹਰਾ ਸਾਫ਼ ਕਰੋ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਪੋਸ਼ਟਿਕ ਤੱਤਾਂ ਨਾਲ ਭਰਪੂਰ 'ਚ ਅਮਰੂਦ 'ਚ ਹਨ ਕਈ ਗੁਣ

ਸਿਹਤ ਦਾ ਖਜ਼ਾਨਾ ਮੰਨੇ ਜਾਣ ਵਾਲੇ ਅਮਰੂਦ 'ਚ ਕਈ ਗੁਣ ਲੁੱਕੇ ਹੋਏ ਹਨ। ਗਰਮੀਆਂ ਦੇ ਮੌਸਮ 'ਚ ਜ਼ਿਆਦਾਤਰ ਲੋਕ ਅਮਰੂਦ ਦੀ ਵਰਤੋਂ ਕਰਦੇ ਹਨ। ਅਮਰੂਦ ਖਾਣ 'ਚ ਜਿਥੇ ਸੁਆਦ ਹੁੰਦੇ ਹਨ, ਉਥੇ ਹੀ ਇਨ੍ਹਾਂ 'ਚ ਬਹੁਤ ਸਾਰੇ ਪੋਸ਼ਟਿਕ ਤੱਤ ਵੀ ਪਾਏ ਜਾਂਦੇ ਹਨ। ਇਸ 'ਚ ਵਿਟਾਮਿਨ-ਏ, ਵਿਟਾਮਿਨ-ਸੀ, ਬੈਟਾਕੈਰੋਟੀਨ, ਲਾਈਕੋਪੀਨ, ਫ਼ੋਲਿਕ ਐਸਿਡ, ਪੋਟਾਸ਼ਿਅਮ, ਤਾਂਬਾ, ਮੈਗਨੀਜ਼, ਫ਼ਾਈਬਰ, ਨਿਕੋਟੀਨ, ਆਇਰਨ ਅਤੇ ਕੈਲਸ਼ਿਅਮ ਵਰਗੇ ਪੋਸ਼ਟਿਕ ਤੱਤ ਹੁੰਦੇ ਹਨ। ਇਹ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਂਦੇ ਹਨ। ਇਹ ਪੇਟ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਨ 'ਚ ਲਾਭਦਾਇੱਕ ਹੈ।

**1. ਮੂੰਹ ਦੇ ਛਾਲਿਆਂ ਨੂੰ ਕਰੇ ਠੀਕ**

ਜੇਕਰ ਤੁਹਾਡੇ ਮੂੰਹ 'ਚ ਛਾਲੇ ਹੋ ਗਏ ਹਨ ਜਾਂ ਫ਼ਿਰ ਅਕਸਰ ਤੁਹਾਨੂੰ ਮਾਊਥ ਅਲਸਰ ਦੀ ਸਮੱਸਿਆ ਰਹਿੰਦੀ ਹੈ ਤਾਂ ਅਮਰੂਦ ਦੀਆਂ ਨਵੀਆਂ-ਨਵੀਆਂ ਕੋਮਲ ਪੱਤੀਆਂ ਦਾ ਸੇਵਨ ਕਰੋ। ਇਸ ਨਾਲ ਆਰਾਮ ਮਿਲਦਾ ਹੈ।

**2. ਅੱਖਾਂ ਨੂੰ ਬਣਾਏ ਸਿਹਤਮੰਦ**

ਅਮਰੂਦ 'ਚ ਵਿਟਾਮਿਨ-ਏ ਦੀ ਕਾਫ਼ੀ ਮਾਤਰਾ ਹੁੰਦੀ ਹੈ, ਜੋ ਅੱਖਾਂ ਨੂੰ ਸਿਹਤਮੰਦ ਬਣਾਈ ਰੱਖਦਾ ਹੈ। ਇਸ ਤੋਂ ਇਲਾਵਾ ਅਮਰੂਦ ਵਿੱਚ ਵਿਟਾਮਿਨ-ਸੀ ਵੀ ਹੁੰਦਾ ਹੈ, ਜੋ ਬੀਮਾਰੀਆਂ ਨੂੰ ਸਰੀਰ ਤੋਂ ਦੂਰ ਕਰਦਾ ਹੈ।

**3. ਚਮੜੀ 'ਚ ਆਏ ਚਮਕ**

ਇਸ 'ਚ ਮੌਜੂਦ ਪੋਟਾਸ਼ੀਅਮ ਕਾਰਨ ਇਸ ਦੇ ਰੋਜ਼ਾਨਾ ਸੇਵਨ ਨਾਲ ਚਮੜੀ 'ਚ ਚਮਕ ਆ ਜਾਂਦੀ ਹੈ ਅਤੇ ਕਿੱਲ-ਮੁਹਾਸਿਆਂ ਤੋਂ ਵੀ ਛੁਟਕਾਰਾ ਮਿਲਦਾ ਹੈ।

**4. ਕਬਜ਼ ਤੋਂ ਛੁਟਕਾਰਾ**

ਅਮਰੂਦ ਸਰੀਰ ਦੇ ਮੈਟਾਬੋਲਿਜ਼ਮ ਨੂੰ ਸੰਤੁਲਿਤ ਰੱਖਦਾ ਹੈ। ਅਮਰੂਦ ਖਾਣ ਨਾਲ ਕਬਜ਼ ਤੋਂ ਛੁਟਕਾਰਾ ਮਿਲ ਜਾਂਦਾ ਹੈ। ਅਮਰੂਦ ਦੇ ਬੀਜ ਕਬਜ਼ ਦੌਰਾਨ ਪੇਟ ਨੂੰ ਨਰਮ ਕਰਦੇ ਹਨ ਅਤੇ ਆਂਟੀਨ ਦੇ ਐਮੀਸ਼ਨ ਸਿਸਟਮ ਨੂੰ ਸਹੀ ਬਣਾਉਂਦੇ ਹਨ।

**5. ਸਰੀਰ ਕਰਦਾ ਹੈ ਫ਼ਿੱਟ ਐਂਡ ਫ਼ਾਈਨ**

ਅਮਰੂਦ 'ਚ ਮੌਜੂਦ ਪੌਸ਼ਟਿਕ ਤੱਤ ਸਰੀਰ ਨੂੰ ਫ਼ਿੱਟ ਅਤੇ ਫ਼ਾਈਨ ਰੱਖਣ ਵਿੱਚ ਮਦਦ ਕਰਦੇ ਹਨ, ਜੇਕਰ ਇਸ ਨੂੰ ਸਹੀ ਸਮੇਂ 'ਤੇ ਖਾਧਾ ਜਾਵੇ। ਉਦਾਹਰਣ ਦੇ ਤੌਰ 'ਤੇ ਜੇਕਰ ਸਰਦੀਆਂ 'ਚ ਜੇਕਰ ਇਸ ਨੂੰ ਰਾਤ ਸਮੇਂ ਖਾਧਾ ਜਾਵੇ ਤਾਂਇਸ ਨਾਲ ਖਾਂਸੀ ਵੀ ਹੋ



ਸਕਦੀ ਹੈ।

**6. ਮੋਟਾਪਾ ਘਟਾਉਣ ਵਿੱਚ ਕਰੇ ਮਦਦ**

ਸਰੀਰ 'ਚ ਮੋਟਾਪਾ ਹੋਣ ਦਾ ਮੁੱਖ ਕਾਰਨ ਕੋਲੈਸਟ੍ਰਾਲ ਹੁੰਦਾ ਹੈ। ਅਮਰੂਦ ਵਿੱਚ ਪਾਏ ਜਾਣ ਵਾਲੇ ਤੱਤ ਸਰੀਰ 'ਚ ਕੋਲੈਸਟ੍ਰਾਲ ਨੂੰ ਘੱਟ ਕਰ ਦਿੰਦੇ ਹਨ, ਜਿਸ ਨਾਲ ਮੋਟਾਪਾ ਘੱਟ ਜਾਂਦਾ ਹੈ।

**7. ਕੈਂਸਰ**

ਅਮਰੂਦ ਵਿੱਚ ਲਾਈਕੋਪੀਨ ਨਾਂ ਦਾ ਫ਼ਾਇਟੋ ਨਿਊਟ੍ਰੀਐਸ ਮੌਜੂਦ ਹੁੰਦਾ ਹੈ। ਇਸ ਦੀ ਵਰਤੋਂ ਕਰਨ ਨਾਲ ਸਰੀਰ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਦੇ ਖਤਰੇ ਤੋਂ ਹਮੇਸ਼ਾ ਦੂਰ ਰਹਿੰਦਾ ਹੈ।

**8. ਸਰਦੀ-ਜ਼ੁਕਾਮ**

ਜੇਕਰ ਤੁਹਾਨੂੰ ਸਰਦੀ-ਜ਼ੁਕਾਮ ਵਰਗੀਆਂ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਤੁਹਾਨੂੰ ਰੋਜ਼ ਅਮਰੂਦ ਖਾਣਾ ਚਾਹੀਦਾ ਹੈ। ਅਮਰੂਦ ਦੀ ਵਰਤੋਂ ਕਰਨ ਨਾਲ ਸਰਦੀ-ਜ਼ੁਕਾਮ ਦੂਰ ਹੋ ਜਾਂਦਾ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਲੀਵਰ ਨੂੰ ਠੀਕ ਰੱਖਣਾ ਹੈ ਤਾਂ ਆਪਣੀ ਡਾਈਟ 'ਚ ਸ਼ਾਮਲ ਕਰੋ ਇਹ ਚੀਜ਼ਾਂ, ਹਮੇਸ਼ਾ ਰਹੋਗੇ ਤੰਦਰੁਸਤ

ਸਾਡਾ ਲਾਈਫ਼ ਸਟਾਈਲ ਅਜਿਹਾ ਬਣ ਗਿਆ ਹੈ ਕਿ ਅਸੀਂ ਲੋਕ ਸਿਰਫ਼ ਪੇਟ ਭਰਨ ਅਤੇ ਸਵਾਦ ਲੈਣ ਲਈ ਹੀ ਖਾਂਦੇ ਹਾਂ। ਭੋਜਨ 'ਚ ਪੌਸ਼ਟਿਕ ਤੱਤਾਂ ਨੂੰ ਅਸੀਂ ਲੋਕਾਂ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ ਅਤੇ ਜੰਕ ਫ਼ੂਡ ਨੂੰ ਆਪਣੀ ਡਾਈਟ 'ਚ ਸ਼ਾਮਲ ਕਰ ਲਿਆ ਹੈ। ਸਾਡੇ ਖਾਣ-ਪੀਣ ਦਾ ਸਭ ਤੋਂ ਜ਼ਿਆਦਾ ਅਸਰ ਸਾਡੇ ਲੀਵਰ 'ਤੇ ਦੇਖਣ ਨੂੰ ਮਿਲਦਾ ਹੈ। ਕਈ ਵਾਰ ਸਾਡੇ ਸਰੀਰ 'ਚ ਫ਼ੈਟ ਦਾ ਪੱਧਰ ਇੰਨਾ ਵੱਧ ਜਾਂਦਾ ਹੈ ਕਿ ਸਾਡਾ ਲੀਵਰ ਫ਼ੈਟੀ ਹੋ ਜਾਂਦਾ ਹੈ।

ਕੀ ਤੁਸੀਂ ਜਾਣਦੇ ਹੋ ਕਿ ਫ਼ੈਟੀ ਲੀਵਰ ਕੀ ਹੈ?

ਲੀਵਰ 'ਚ ਫ਼ੈਟ ਦੀ ਕੁਝ ਮਾਤਰਾ ਦਾ ਵੱਧ ਹੋਣਾ ਆਮ ਗੱਲ ਹੈ ਪਰ ਜਦੋਂ ਫ਼ੈਟ ਦੀ ਮਾਤਰਾ ਲੀਵਰ ਦੇ ਭਾਰ ਤੋਂ 10 ਪ੍ਰਤੀਸ਼ਤ ਵੱਧ ਹੋ ਜਾਂਦੀ ਹੈ ਤਾਂ ਤੁਹਾਡਾ ਲੀਵਰ ਫ਼ੈਟੀ ਹੋ ਜਾਂਦਾ ਹੈ। ਅਜਿਹੀ ਸਥਿਤੀ 'ਚ ਲੀਵਰ ਆਮ ਰੂਪ ਨਾਲ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਅਨੇਕਾਂ ਲੱਛਣ ਤੁਹਾਡੇ ਸਰੀਰ 'ਚ ਦਿਖਣ ਲੱਗਦੇ ਹਨ।

ਫ਼ੈਟੀ ਲਿਵਰ ਦੇ ਲੱਛਣ :-

1. ਭੋਜਨ ਹਜ਼ਮ ਨਹੀਂ ਹੁੰਦਾ, ਜਿਸ ਕਾਰਨ ਐਸੀਡਿਟੀ (ਗੈਸ) ਰਹਿੰਦੀ ਹੈ।
2. ਪੇਟ ਦੇ ਸੱਜੇ ਹਿੱਸੇ ਦੇ ਉੱਪਰੀ ਹਿੱਸੇ 'ਚ ਦਰਦ ਰਹਿੰਦਾ ਹੈ।
3. ਭਾਰ ਘੱਟ ਹੁੰਦਾ ਹੈ।
4. ਕਮਜ਼ੋਰੀ ਮਹਿਸੂਸ ਹੁੰਦੀ ਹੈ।



5. ਅੱਖਾਂ ਅਤੇ ਸਕਿਨ (ਚਮੜੀ) 'ਚ ਪੀਲਾਪਨ ਦਿਖਾਈ ਦਿੰਦਾ ਹੈ।
6. ਪੇਟ 'ਚ ਸੋਜ ਰਹਿੰਦੀ ਹੈ।

ਜੇਕਰ ਤੁਸੀਂ ਵੀ ਇਸ ਤਰ੍ਹਾਂ ਦੇ ਲੱਛਣ ਮਹਿਸੂਸ ਕਰ ਰਹੇ ਹੋ ਤਾਂ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਸਭ ਤੋਂ ਪਹਿਲਾਂ ਆਪਣੇ ਖਾਣ-ਪੀਣ 'ਚ ਸੁਧਾਰ ਕਰੋ। ਤੁਹਾਡਾ ਖਾਣ-ਪੀਣ ਤੁਹਾਡੇ ਫ਼ੈਟੀ ਲੀਵਰ ਲਈ ਜ਼ਿੰਮੇਵਾਰ ਹੈ। ਆਓ ਜਾਣਦੇ ਹਾਂ ਕਿ ਤੁਸੀਂ ਫ਼ੈਟੀ ਲੀਵਰ ਹੋਣ 'ਤੇ ਆਪਣੀ ਡਾਈਟ ਕਿਵੇਂ ਪਲਾਨ ਕਰ ਸਕਦੇ ਹੋ।

ਭੋਜਨ 'ਚ ਫ਼ਲ ਅਤੇ ਸਬਜ਼ੀਆਂ ਨੂੰ ਕਰੋ ਸ਼ਾਮਲ :-

- ਵੱਧ ਫ਼ਾਈਬਰ ਯੁਕਤ ਅਹਾਰ ਦਾ ਸੇਵਨ ਕਰੋ, ਜਿਵੇਂ ਫ਼ਲੀਆਂ ਅਤੇ ਸਾਬੁਤ ਅਨਾਜ।
- ਵੱਧ ਨਮਕ, ਟ੍ਰਾਂਸਫ਼ੈਟ, ਰਿਫ਼ਾਇੰਡ ਕਾਰਬੋਹਾਈਡ੍ਰੇਟਸ ਅਤੇ ਸਫ਼ੈਦ ਚੀਨੀ ਦਾ ਪ੍ਰਯੋਗ ਬਿਲਕੁੱਲ ਬੰਦ ਕਰ ਦਿਓ।
- ਅਲਕੋਹਲ ਜਾਂ ਸ਼ਰਾਬ ਦਾ ਸੇਵਨ ਬਿਲਕੁੱਲ ਨਾ ਕਰੋ।
- ਭੋਜਨ 'ਚ ਲੱਸਣ ਨੂੰ ਸ਼ਾਮਲ ਕਰੋ, ਇਹ ਫ਼ੈਟ ਜਮ੍ਹਾਂ ਹੋਣ ਤੋਂ ਰੋਕਦਾ ਹੈ।
- ਗ੍ਰੀਨ-ਟੀ ਦਾ ਸੇਵਨ ਕਰੋ। ਸੋਧ ਅਨੁਸਾਰ ਗ੍ਰੀਨ-ਟੀ ਲੀਵਰ 'ਚ ਜਮ੍ਹਾਂ ਫ਼ੈਟ ਨੂੰ ਘੱਟ ਕਰਦੀ ਹੈ ਅਤੇ ਲੀਵਰ ਨੂੰ ਤੰਦਰੁਸਤ ਰੱਖਦੀ ਹੈ।



- ਤਲੇ-ਭੁੱਜੇ ਤੇ ਜੰਕ ਫ਼ੂਡ ਤੋਂ ਪਰਹੇਜ ਕਰੋ।
- ਇਨ੍ਹਾਂ ਸਬਜ਼ੀਆਂ ਦਾ ਪ੍ਰਯੋਗ ਜ਼ਿਆਦਾ ਕਰੋ ਜਿਵੇਂ ਪਾਲਕ, ਬ੍ਰੋਕਲੀ, ਕਰੇਲਾ, ਲੌਕੀ, ਟਿੰਡਾ, ਤੋਰੀ, ਗਾਜਰ, ਚੁਕੰਦਰ, ਪਿਆਜ਼, ਅਦਰਕ ਆਦਿ ਖਾਓ।
- ਰਾਜਮਾ, ਸਫ਼ੈਦ ਚਨਾ, ਕਾਲੀ ਦਾਲ ਇਨ੍ਹਾਂ ਸਾਰਿਆਂ ਦਾ ਸੇਵਨ ਬਹੁਤ ਘੱਟ ਕਰਨਾ ਚਾਹੀਦਾ ਅਤੇ ਹਰੀ ਮੂੰਗੀ ਦੀ ਦਾਲ ਅਤੇ ਮਸੁਰ ਦਾਲ ਦਾ ਸੇਵਨ ਕਰਨਾ ਚਾਹੀਦਾ ਹੈ।
- ਮੱਖਣ, ਮੇਓਨੀਜ਼, ਚਿਪਸ, ਕੇਕ, ਪਿਜ਼ਾ, ਮਠਿਆਈ, ਚੀਨੀ ਇਨ੍ਹਾਂ ਦਾ ਪ੍ਰਯੋਗ ਬਿਲਕੁੱਲ ਨਹੀਂ ਕਰਨਾ ਚਾਹੀਦਾ।
- ਨਿਯਮਿਤ ਰੂਪ ਨਾਲ ਪ੍ਰਾਣਾਯਾਮ (ਯੋਗ) ਕਰੋ ਅਤੇ ਸਵੇਰੇ ਸੈਰ ਕਰਨ ਲਈ ਜ਼ਰੂਰ ਜਾਓ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

## ਜੇਕਰ ਤੁਹਾਡੀਆਂ ਨਾੜੀਆਂ 'ਚ ਵੀ ਆਉਂਦੀ ਹੈ ਰੁਕਾਵਟ ਤਾਂ ਵਰਤੋ ਅਸਰਦਾਰ ਘਰੇਲੂ ਨੁਸਖ਼ਾ



ਅੱਜ ਕੱਲ੍ਹ ਲੋਕਾਂ ਦਾ ਖਾਣਾ-ਪੀਣਾ ਬਹੁਤ ਜ਼ਿਆਦਾ ਬਦਲ ਗਿਆ ਹੈ। ਲੋਕ ਸਿਹਤਮੰਦ ਭੋਜਨ ਦੀ ਥਾਂ ਸੁਆਦੀ ਭੋਜਨ ਨੂੰ ਤਵੱਜੋ ਦੇਣ ਲੱਗ ਗਏ ਹਨ। ਜਿਸ ਕਾਰਨ ਲੋਕ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਸਮੱਸਿਆਵਾਂ ਵਿੱਚੋਂ ਇੱਕ ਹੈ ਨਾੜ ਦੀ ਰੁਕਾਵਟ, ਜੋ ਕਿ ਨੌਜਵਾਨਾਂ ਵਿੱਚ ਵੀ ਬਹੁਤ ਜ਼ਿਆਦਾ ਵੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਇਸਦਾ ਇੱਕ ਕਾਰਨ ਹੈ ਵੱਧ ਰਿਹਾ ਪ੍ਰਦੂਸ਼ਣ। ਪਹਿਲਾਂ ਜਿੱਥੇ ਇਹ ਸਮੱਸਿਆ 60-70 ਸਾਲ ਦੀ ਉਮਰ ਵਿੱਚ ਵੇਖੀ ਜਾਂਦੀ ਸੀ। ਹੁਣ ਇਹ ਅੱਜ ਕੱਲ 30-35 ਸਾਲ ਦੀ ਉਮਰ ਵਿੱਚ ਵੀ ਸਾਹਮਣੇ ਆ ਰਹੀ ਹੈ। ਨਾੜੀ ਵਿੱਚ ਰੁਕਾਵਟ ਆਉਣ 'ਤੇ ਧਮਣੀ ਬਿਮਾਰੀ, ਅਧਰੰਗ ਅਤੇ ਦਿਲ ਦਾ ਦੌਰਾ ਪੈਣ ਦਾ ਜੋਖਮ ਕਾਫ਼ੀ ਵੱਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਇਸ ਸਮੱਸਿਆ ਦਾ ਸਮੇਂ ਸਿਰ ਹੱਲ ਕੀਤਾ ਜਾਵੇ ਨਸਾਂ 'ਚ ਰੁਕਾਵਟ ਕਾਰਨ 60% ਭਾਰਤੀ ਪ੍ਰੇਸ਼ਾਨ

ਖੋਜ ਅਨੁਸਾਰ ਲਗਭਗ 40-60% ਲੋਕਾਂ ਦੀਆਂ ਨਾੜੀਆਂ ਕਮਜ਼ੋਰ ਹੁੰਦੀਆਂ ਹਨ। 20% ਔਰਤਾਂ ਨੂੰ ਗਰਭ ਅਵਸਥਾ ਤੋਂ ਬਾਅਦ ਇਹ ਸਮੱਸਿਆ ਸ਼ੁਰੂ ਹੁੰਦੀ ਹੈ। ਜੇਕਰ ਸਹੀ ਸਮੇਂ 'ਤੇ ਇਸ ਬੀਮਾਰੀ ਦੀ ਪਛਾਣ ਨਾ ਕੀਤੀ ਜਾਵੇ, ਤਾਂ ਇਸ ਦਾ ਅਸਰ ਵੈਰੀਕਾਜ਼ ਵੇਂਸ(ਡ ਡਕਜਅਤ) ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਦਰਅਸਲ ਮਾੜੇ ਕੋਲੈਸਟ੍ਰੋਲ ਦੀ ਮਾਤਰਾ ਵਿੱਚ ਵਾਧਾ ਹੋਣ ਕਾਰਨ ਨਾੜੀਆਂ ਵਿੱਚ ਖ਼ੂਨ ਦਾ ਪ੍ਰਵਾਹ ਸਹੀ ਤਰੀਕੇ ਨਾਲ ਨਹੀਂ ਹੁੰਦਾ, ਜਿਸ ਕਾਰਨ ਲੱਤਾਂ ਅਤੇ ਨਾੜੀਆਂ ਵਿੱਚ ਸੋਜ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਕਾਰਨ ਇਹ ਬਾਅਦ ਵਿੱਚ ਨਾੜੀਆਂ 'ਚ ਰੁਕਾਵਟ ਦਾ ਕਾਰਨ ਬਣਦੀ ਹੈ।

ਬੰਦ ਨਸਾਂ ਜਾਂ ਨਾੜੀਆਂ ਨੂੰ ਖੋਲ੍ਹਣ ਲਈ ਸਰਜਰੀ ਅਤੇ ਦਵਾਈਆਂ ਦਾ ਸਹਾਰਾ ਲਿਆ ਜਾਂਦਾ ਹੈ, ਜੋ ਕਿ ਬਹੁਤ ਮਹਿੰਗਾ ਇਲਾਜ ਹੈ। ਦੂਜੇ ਪਾਸੇ ਇਸ ਦੀ ਕੋਈ ਗਰੰਟੀ ਵੀ ਨਹੀਂ ਹੈ ਕਿ ਇਹ ਇਸ ਸਮੱਸਿਆ ਤੋਂ ਛੁਟਕਾਰਾ ਪਾ ਦੇਵੇਗਾ। ਅਜਿਹੀ ਸਥਿਤੀ ਵਿੱਚ ਤੁਸੀਂ ਰਸੋਈ ਵਿੱਚ ਮੌਜੂਦ ਚੀਜ਼ਾਂ ਨੂੰ ਮਿਲਾ ਕੇ ਆਪਣੇ ਸਰੀਰ ਵਿੱਚ ਕੋਈ ਵੀ ਬੰਦ ਨਾੜੀ ਨੂੰ ਖੋਲ੍ਹ ਸਕਦੇ ਹੋ। ਆਓ ਜਾਣਦੇ ਹਾਂ ਇੱਕ ਘਰੇਲੂ ਨੁਸਖ਼ਾ ਜੋ ਤੁਹਾਡੀ ਬੰਦ ਨਾੜੀਆਂ ਨੂੰ ਖੋਲ੍ਹਣ ਵਿੱਚ ਸਹਾਇਤਾ ਕਰੇਗਾ।

**ਜ਼ਰੂਰੀ ਸਮੱਗਰੀ**

1 ਗ੍ਰਾਮ - ਦਾਲਚੀਨੀ
10 ਗ੍ਰਾਮ - ਕਾਲੀ ਮਿਰਚ (ਸਾਰਾ)
10 ਗ੍ਰਾਮ - ਤੇਜ ਪੱਤਾ
10 ਗ੍ਰਾਮ - ਮਗਜ਼ (ਤਰਬੂਜ ਦੇ ਬੀਜ)
10 ਗ੍ਰਾਮ - ਮਿਸ਼ਰੀ - ਦਸ ਗ੍ਰਾਮ.
10 ਗ੍ਰਾਮ - ਅਖਰੋਟ (ਟੁੱਟਿਆ ਹੋਇਆ)
10 ਗ੍ਰਾਮ - ਅਲਸੀ ਦੇ ਬੀਜ

**ਬਣਾਉਣ ਦਾ ਤਰੀਕਾ**

ਇਸ ਸਾਰੀ ਸਮੱਗਰੀ ਨੂੰ ਪੀਸ ਕੇ ਮਿਸ਼ਰਣ ਬਣਾ ਲਓ। ਇਸ ਮਿਸ਼ਰਣ ਨੂੰ 10 ਬਰਾਬਰ ਹਿੱਸਿਆਂ ਵਿੱਚ ਵੰਡ ਲਓ। ਇਨ੍ਹਾਂ 10 ਹਿੱਸਿਆਂ ਨੂੰ 10 ਵੱਖੋ-ਵੱਖਰੇ ਕਾਗਜ਼ ਦੇ ਟੁਕੜਿਆਂ ਵਿੱਚ ਪਾ ਕੇ ਇੱਕ ਮਰਤਬਾਨ ਵਿੱਚ ਰੱਖ ਲਓ।

**ਇਸਤੇਮਾਲ ਕਰਨ ਦੀ ਤਰੀਕਾ**

ਰੋਜ਼ਾਨਾ ਖਾਲੀ ਢਿੱਡ ਇਸ ਦੀ ਇੱਕ ਖੁਰਾਕ ਹਲਕੇ ਕੋਸੇ ਪਾਣੀ ਨਾਲ ਲਗਾਤਾਰ 10 ਦਿਨ ਲਓ। ਧਿਆਨ ਰੱਖੋ ਕਿ ਦਵਾਈ ਖਾਣ ਤੋਂ ਬਾਅਦ ਅੱਧੇ ਘੰਟੇ ਲਈ ਕੁਝ ਵੀ ਸੇਵਨ ਨਾ ਕਰੋ। ਚਾਹ ਵੀ ਨਹੀਂ ਪੀਓ। ਨਾਸ਼ਤਾ ਵੀ 2-3 ਘੰਟਿਆਂ ਬਾਅਦ ਹੀ ਕਰੋ। ਜੇ ਤੁਸੀਂ ਇਸਦਾ ਰੋਜ਼ਾਨਾ ਇਸਤੇਮਾਲ ਕਰਦੇ ਹੋ, ਤਾਂ ਤੁਸੀਂ ਖ਼ੁਦ ਆਪਣੇ ਆਪ 'ਚ ਫ਼ਰਕ ਮਹਿਸੂਸ ਕਰੋਗੇ।

**ਦਿਲ ਦੀ ਬਿਮਾਰੀ ਅਤੇ ਅਧਰੰਗ ਤੋਂ ਛੁਟਕਾਰਾ ਮਿਲੇਗਾ**

ਇਸ ਮਿਸ਼ਰਣ ਦਾ ਰੋਜ਼ਾਨਾ ਸੇਵਨ ਕਰਨ ਨਾਲ ਬੰਦ ਨਾੜੀਆਂ ਖੁੱਲ੍ਹ ਜਾਣਗੀਆਂ, ਜੋ ਦਿਲ ਦੀ ਬਿਮਾਰੀ ਦੇ ਨਾਲ-ਨਾਲ ਅਧਰੰਗ ਦੇ ਜੋਖਮ ਨੂੰ ਕਾਫ਼ੀ ਹੱਦ ਤੱਕ ਘਟਾ ਦੇਵੇਗਾ। ਦਿਲ ਦੀਆਂ ਬਿਮਾਰੀਆਂ ਅਤੇ ਅਧਰੰਗ ਕਿਸੇ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਅਜਿਹੀ ਬਿਹਤਰ ਹੋਵੇਗਾ ਕਿ ਮੁਸ਼ਕਲ ਸਥਿਤੀ ਵਿੱਚ ਪਹਿਲਾਂ ਹੀ ਰੋਗ ਨੂੰ ਨਿਯੰਤਰਣ ਵਿੱਚ ਰੱਖਿਆ ਜਾਵੇ।

# ਸਰੀਰ ਨੂੰ ਤੰਦਰੁਸਤ ਤੇ ਬੀਮਾਰੀਆਂ ਤੋਂ ਬਚਾਉਣ ਲਈ ਖਾਓ ਆਂਵਲੇ ਦਾ ਮੁਰਬਾ, ਹੋਣਗਾ ਲਾਹੇਵੰਦ ਸਿੱਧ

ਆਂਵਲੇ ਦਾ ਮੁਰੱਬਾ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਸਰੀਰ ਨੂੰ ਤੰਦਰੁਸਤ ਰੱਖਣ ਅਤੇ ਬੀਮਾਰੀਆਂ ਤੋਂ ਬਚਾਉਣ ਲਈ ਇਸ ਦਾ ਸੇਵਨ ਕਰਨਾ ਬਹੁਤ ਜ਼ਰੂਰ ਹੈ। ਆਂਵਲੇ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਇਹ ਇਸ ਤਰ੍ਹਾਂ ਦਾ ਫ਼ਲ ਹੈ, ਜਿਸ ਨੂੰ ਧੁੱਪੇ ਸੁਕਾਉਣ ਨਾਲ ਗੁਣਾਂ 'ਚ ਕੋਈ ਕਮੀ ਨਹੀਂ ਹੁੰਦੀ। ਆਂਵਲੇ ਨੂੰ ਸੁੱਕਾ ਕੱਚਾ ਜਾਂ ਫ਼ਿਰ ਮੁਰੱਬੇ ਦੇ ਰੂਪ 'ਚ ਵੀ ਖਾਇਆ ਜਾ ਸਕਦਾ ਹੈ। ਇਸ 'ਚ ਵਿਟਾਮਿਨ-ਸੀ, ਈ, ਆਇਰਨ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫ਼ਾਈਬਰ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਰੋਜ਼ਾਨਾਂ 1 ਤੋਂ 2 ਪੀਸ ਆਂਵਲੇ ਦੇ ਮੁਰੱਬੇ ਦੇ ਖਾਣ ਨਾਲ ਸਿਹਤ ਨੂੰ ਬਹੁਤ ਸਾਰੇ ਲਾਭ ਹੁੰਦੇ ਹਨ। ਇਹ ਖ਼ੂਨ, ਅੱਖਾਂ ਦੀ ਰੋਸ਼ਨੀ ਅਤੇ ਇਮਿਊਨੀਟੀ ਦਾ ਵਿਕਾਸ ਕਰਨ ਵਿੱਚ ਮਦਦ ਕਰਦਾ ਹੈ। ਇਹ ਵਾਲਾਂ ਨਾਲ ਜੁੜੀ ਸੱਮਸਿਆਵਾਂ ਨੂੰ ਵੀ ਦੂਰ ਕਰਦਾ ਹੈ।

ਆਂਵਲਾ ਦਾ ਮੁਰੱਬਾ ਖਾਣ ਨਾਲ ਹੋਣ ਵਾਲੇ ਫ਼ਾਇਦੇ...

1. ਚਮੜੀ ਲਈ ਫ਼ਾਇਦੇਮੰਦ

ਲੋਕ ਆਪਣੀ ਚਮੜੀ ਨੂੰ ਸੁੰਦਰ ਅਤੇ ਚਮਕਦਾਰ ਬਣਾਉਣ ਲਈ ਬਹੁਤ ਸਾਰੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ। ਜੇਕਰ ਰੋਜ਼ਾਨਾ 1 ਜਾਂ 2 ਆਂਵਲੇ ਦੇ ਮੁਰੱਬੇ ਦਾ ਸੇਵਨ ਕੀਤਾ ਜਾਵੇ ਤਾਂ ਚਮੜੀ ਚਮਕਦਾਰ ਅਤੇ ਸੁੰਦਰ ਹੋ ਜਾਂਦੀ ਹੈ।

2. ਆਇਰਨ ਦੀ ਕਮੀ



ਔਰਤਾਂ 'ਚ ਆਇਰਨ ਦੀ ਕਮੀ ਬਹੁਤ ਪਾਈ ਜਾਂਦੀ ਹੈ। ਇਸੇ ਲਈ ਔਰਤਾਂ ਨੂੰ ਆਂਵਲੇ ਦੇ ਮੁਰੱਬੇ ਦਾ ਸੇਵਨ ਕਰਨਾ ਚਾਹੀਦਾ ਹੈ, ਜਿਸ ਨਾਲ ਸਰੀਰ 'ਚ ਆਇਰਨ ਦੀ ਕਮੀ ਪੂਰੀ ਹੋ ਜਾਂਦੀ ਹੈ।

3. ਖ਼ੂਨ ਦੀ ਕਮੀ

ਸਰੀਰ 'ਚ ਖ਼ੂਨ ਦੀ ਕਮੀ ਨੂੰ ਦੂਰ ਕਰਨ ਲਈ ਆਂਵਲੇ ਦਾ ਮੁਰੱਬਾ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ। ਜਿਨ੍ਹਾਂ ਲੋਕਾਂ 'ਚ ਖ਼ੂਨ ਦੀ ਕਮੀ ਹੁੰਦੀ ਹੈ, ਉਨ੍ਹਾਂ ਲਈ ਆਂਵਲੇ ਦਾ ਮੁਰੱਬਾ ਬਹੁਤ ਵਧੀਆ ਹੈ।

4. ਪੇਟ ਦੀਆਂ ਸਮੱਸਿਆਵਾਂ

ਜੇਕਰ ਤੁਹਾਨੂੰ ਪੇਟ ਦੀ ਕੋਈ ਸਮੱਸਿਆ ਹੈ ਤਾਂ ਤੁਸੀਂ ਰੋਜ਼ਾਨਾ ਆਂਵਲੇ ਦੇ ਮੁਰੱਬੇ ਦਾ ਸੇਵਨ ਕਰੋ। ਇਸ ਨਾਲ ਪੇਟ ਦੀਆਂ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਹ ਮੁਰੱਬਾ ਜਿਗਰ ਲਈ ਬਹੁਤ ਫ਼ਾਇਦੇਮੰਦ ਹੈ। ਬਦਹਜ਼ਮੀ ਅਤੇ ਪੇਟ ਦਾ ਭਾਰੀਪਨ ਮਹਿਸੂਸ ਹੋਣ 'ਤੇ ਰੋਜ਼ਾਨਾ ਆਂਵਲੇ ਦੇ ਮੁਰੱਬੇ ਦਾ ਸੇਵਨ ਕਰੋ।

5. ਮੁਹਾਸੇ ਅਤੇ ਦਾਗ ਧੱਬੇ

ਬਹੁਤ ਸਾਰੇ ਲੋਕ ਅਜਿਹੇ ਹਨ, ਜਿਨ੍ਹਾਂ ਦੇ ਚਿਹਰੇ 'ਤੇ ਮੁਹਾਸੇ ਅਤੇ ਦਾਗ ਧੱਬੇ ਹਨ। ਦਾਗ ਧੱਬਿਆਂ ਤੋਂ ਛੁਟਕਾਰਾ ਪਾਉਣ ਲਈ ਉਹ ਕਈ ਤਰ੍ਹਾਂ ਦੀਆਂ ਕ੍ਰੀਮਾਂ ਦੀ ਵਰਤੋਂ ਕਰਦੇ ਹਨ, ਜਿਸ ਠੀਕ ਨਹੀਂ ਹੁੰਦੇ। ਅਜਿਹੇ



ਲੋਕਾਂ ਨੂੰ ਆਂਵਲੇ ਦਾ ਮੁਰੱਬਾ ਖਾਣਾ ਚਾਹੀਦਾ ਹੈ, ਜਿਸ ਨਾਲ ਮੁਹਾਸੇ ਅਤੇ ਦਾਗ ਧੱਬਿਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

6. ਜੋੜਾਂ ਦੇ ਦਰਦ

ਗਠੀਆ ਅਤੇ ਸੋਜ ਦਾ ਇਲਾਜ ਕਰਨ ਲਈ ਆਂਵਲੇ ਦੇ ਮੁਰੱਬੇ ਦਾ ਉਪਯੋਗ ਕੀਤਾ ਜਾ ਸਕਦਾ ਹੈ। ਇਹ ਗੋਡਿਆਂ ਅਤੇ ਜੋੜਾਂ ਦੇ ਦਰਦ ਤੋਂ ਛੁਟਕਾਰਾ ਦਿਵਾਉਂਦਾ ਹੈ। ਜੋੜਾਂ ਦੇ ਦਰਦ ਨੂੰ ਠੀਕ ਕਰਨ ਲਈ ਆਂਵਲੇ ਦੇ ਮੁਰੱਬੇ ਨੂੰ ਦਿਨ 'ਚ 2 ਵਾਰ ਖਾ ਸਕਦੇ ਹੋ।

7. ਰੋਗ ਪ੍ਰਤੀਰੋਧਕ ਸ਼ਮਤਾ ਵਧਾਵੇ

ਆਂਵਲੇ ਦਾ ਮੁਰੱਬਾ ਰੋਗ ਪ੍ਰਤੀਰੋਧਕ ਸ਼ਮਤਾ ਵਧਾਉਣ ਲਈ ਸਹਾਇੱਕ ਹੁੰਦਾ ਹੈ। ਇਸ 'ਚ ਵਿਟਾਮਿਨ-ਸੀ ਕਾਫ਼ੀ ਮਾਤਰਾ 'ਚ ਹੁੰਦਾ ਹੈ। ਇਸ 'ਚ ਐਂਟੀਆਕਸੀਡੈਂਟ ਗੁਣ ਵੀ ਹੁੰਦੇ ਹਨ, ਜੋ ਰੋਗ ਪ੍ਰਤੀਰੋਧਕ ਸ਼ਮਤਾ ਨੂੰ ਵਧਾਉਣ ਲਈ ਫ਼ਾਇਦੇਮੰਦ ਹਨ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਮੁੱਖ ਮੰਤਰੀ ਵੱਲੋਂ ਬੰਗਲੁਰੂ ਦੇ ਉਦਯੋਗਿਕ ਦਿੱਗਜ਼ਾਂ ਨਾਲ ਮੁਲਾਕਾਤ ਕਰਕੇ ਪੰਜਾਬ ਵਿੱਚ ਨਿਵੇਸ਼ ਦਾ ਸੱਦਾ

## ➢ ਸਾਡੀ ਸਰਕਾਰ ਨੇ ਉਦਯੋਗ ਲਈ ਪਾਰਦਰਸ਼ੀ ਨੀਤੀਆਂ ਬਣਾਈਆਂ
## ➢ ਵਿਸ਼ਵ ਭਰ ਤੋਂ ਉਦਯੋਗਪਤੀ ਪੰਜਾਬ ਵਿੱਚ ਕਰ ਰਹੇ ਹਨ ਨਿਵੇਸ਼: ਮੁੱਖ ਮੰਤਰੀ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ ਪੰਜਾਬ ਨੂੰ ਨਿਵੇਸ਼ ਲਈ ਤਰਜੀਹੀ ਸਥਾਨ ਦੱਸਦਿਆਂ ਉਦਯੋਗਪਤੀਆਂ ਨੂੰ ਆਪਣੇ ਕਾਰੋਬਾਰ ਨੂੰ ਹੁਲਾਰਾ ਦੇਣ ਲਈ ਸੂਬੇ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ।

ਇੱਥੇ ਉੱਘੇ ਉਦਯੋਗਪਤੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਦੱਖਣੀ ਭਾਰਤੀ ਸੂਬੇ ਕਰਨਾਟਕ ਦੀ ਰਾਜਧਾਨੀ ਵਿਖੇ ਉਦਯੋਗਿਕ ਖੇਤਰ ਦੇ ਦਿੱਗਜਾਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਬੰਗਲੂਰੂ ਨੂੰ ਭਾਰਤ ਦੇ ਸੂਚਨਾ ਤਕਨਾਲੋਜੀ ਹੱਬ ਅਤੇ ਭਾਰਤ ਦੀ ਸਿਲੀਕਾਨ ਵੈਲੀ ਵਜੋਂ ਜਾਣਿਆ ਜਾਂਦਾ ਹੈ। ਉੱਦਮੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ, ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਵਿੱਤਰ ਧਰਤੀ ਨੂੰ ਮਹਾਨ ਗੁਰੂਆਂ, ਸੰਤਾਂ-ਮਹਾਂਪੁਰਸ਼ਾਂ ਅਤੇ ਸ਼ਹੀਦਾਂ ਦੀ ਬਖਸ਼ਿਸ਼ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਇੱਕ ਅਮੀਰ ਅਤੇ ਵਿਲੱਖਣ ਸੱਭਿਆਚਾਰਕ ਵਿਰਾਸਤ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਬਹਾਦਰੀ, ਸਖ਼ਤ ਮਿਹਨਤ ਅਤੇ ਉੱਦਮੀ ਭਾਵਨਾ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿੱਚ ਸਮੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਲੰਬੇ ਸਮੇਂ ਤੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਦੇ ਨਾਲ-ਨਾਲ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਕਾਰਨਾਂ ਕਰਕੇ ਪੰਜਾਬ ਨੂੰ ਅਕਸਰ ਭਾਰਤ ਦਾ ਅੰਨਦਾਤਾ ਅਤੇ ਭਾਰਤ ਦੀ ਖੜਗਭੁਜਾ ਕਿਹਾ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮਿਹਨਤੀ ਲੋਕ ਆਪਣੇ ਸਮਰਪਣ ਅਤੇ ਲਗਨ ਲਈ ਜਾਣੇ ਜਾਂਦੇ ਹਨ, ਜਿਸ ਕਾਰਨ ਸੂਬੇ ਵਿੱਚ ਉਦਯੋਗ ਅਤੇ ਉੱਦਮ ਲਗਾਤਾਰ ਪ੍ਰਫੁੱਲਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਲਗਾਤਾਰ ਉਦਯੋਗਿਕ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਅਤੇ ਸੂਬੇ ਦੀਆਂ ਉਦਯੋਗ-ਪੱਖੀ ਨੀਤੀਆਂ, ਪਾਰਦਰਸ਼ੀ ਪ੍ਰਸ਼ਾਸਨ ਅਤੇ ਕਾਰੋਬਾਰ-ਪੱਖੀ ਮਾਹੌਲ ਸਦਕਾ ਵੱਡੀ ਗਿਣਤੀ ਵਿੱਚ ਨਿਵੇਸ਼ ਸੂਬੇ ਵੱਲ ਆਕਰਸ਼ਿਤ ਹੋ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੇਹੱਦ ਖੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਸਦਭਾਵਨਾ ਅਤੇ ਸ਼ਾਂਤੀ ਵਾਲੇ ਮਾਹੌਲ ਨੇ ਉਦਯੋਗਿਕ ਨਿਵੇਸ਼ ਨੂੰ ਵੱਡਾ ਹੁਲਾਰਾ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਚ, 2022 ਤੋਂ ਲੈ ਕੇ ਹੁਣ ਤੱਕ ਪੰਜਾਬ ਨੂੰ 1.23 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਸ ਨਾਲ ਲਗਭਗ 4.7 ਲੱਖ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਫੂਡ ਪ੍ਰੋਸੈਸਿੰਗ, ਟੈਕਸਟਾਈਲ, ਆਟੋ ਕੰਪੋਨੈਂਟ, ਹੈਂਡ ਟੂਲ, ਸਾਈਕਲ, ਆਈਟੀ ਅਤੇ ਸੈਰ-ਸਪਾਟਾ ਵਰਗੇ ਖੇਤਰ ਹੋਰਨਾਂ ਸੂਬਿਆਂ ਲਈ ਮਿਸਾਲ ਬਣ ਰਹੇ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਵਿੱਚ ਨੈਸਲੇ, ਕਲਾਸ, ਫਰੂਡੇਨਬਰਗ, ਕਾਰਗਿਲ, ਵਰਬੀਓ, ਡੈਨੋਨ ਅਤੇ ਵਿਸ਼ਵ ਪੱਧਰ ਦੀਆਂ ਹੋਰਨਾਂ ਪ੍ਰਮੁੱਖ ਕੰਪਨੀਆਂ ਵੱਲੋਂ ਆਪਣੀਆਂ ਯੂਨਿਟਾਂ ਸਥਾਪਤ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਦਿਆਂ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਜਮਸ਼ੇਦਪੁਰ ਤੋਂ ਬਾਅਦ ਟਾਟਾ ਦਾ ਭਾਰਤ ਵਿੱਚ ਦੂਜਾ ਸਭ ਤੋਂ ਵੱਡਾ ਸਟੀਲ ਪਲਾਂਟ ਲੁਧਿਆਣਾ ਵਿਖੇ ਵਿਕਸਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ, ਜੋ ਕਿ ਵਿਸ਼ਵ ਪੱਧਰ 'ਤੇ ਇੱਕ ਉਦਯੋਗਿਕ ਹੱਬ ਵਜੋਂ ਜਾਣਿਆ ਜਾਂਦਾ ਹੈ, ਸੂਬੇ ਦੀ ਆਰਥਿਕਤਾ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਇਸ ਨੂੰ ਸਹੀ ਅਰਥਾਂ ਵਿੱਚ ਪੰਜਾਬ ਦੀ ਵਪਾਰਕ ਰਾਜਧਾਨੀ ਮੰਨਿਆ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵੱਲੋਂ ਜਾਪਾਨ, ਅਮਰੀਕਾ, ਜਰਮਨੀ, ਯੂਕੇ, ਯੂਏਈ, ਸਵਿਟਜ਼ਰਲੈਂਡ, ਫਰਾਂਸ ਅਤੇ ਸਪੇਨ ਵਰਗੇ ਵਿਕਸਤ ਦੇਸ਼ਾਂ ਤੋਂ ਨਿਵੇਸ਼ ਆਕਰਸ਼ਿਤ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਸਿਰਫ਼ ਸ਼ੁਰੂਆਤ ਹੈ ਕਿਉਂਕਿ ਪੰਜਾਬ ਨਿਵੇਸ਼ ਲਈ ਨਾ ਸਿਰਫ਼ ਭਾਰਤ ਦੇ ਸਗੋਂ ਦੁਨੀਆ ਦੇ ਤਰਜੀਹੀ ਸਥਾਨ ਵਜੋਂ ਉੱਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸਿਰਫ਼ ਸਾਢੇ ਤਿੰਨ ਸਾਲਾਂ ਦੇ ਅੰਦਰ ਉਦਯੋਗਪਤੀਆਂ ਨੂੰ ਦਿੱਤੀਆਂ ਬਹੁਤ ਸਾਰੀਆਂ ਗਾਰੰਟੀਆਂ ਨੂੰ ਪੂਰਾ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਹੁਣ ਕਾਰੋਬਾਰ ਕਰਨ ਵਿੱਚ ਆਸਾਨੀ ਸਬੰਧੀ ਸਿਖਰਲੇ ਸਥਾਨ 'ਤੇ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਫਾਸਟ ਟ੍ਰੈਕ ਪੰਜਾਬ ਪੋਰਟਲ ਭਾਰਤ ਦੀ ਅਤਿ-ਆਧੁਨਿਕ ਸਿੰਗਲ-ਵਿੰਡੋ ਸਿਸਟਮ ਹੈ, ਜਿਸ ਵਿੱਚ 150 ਤੋਂ ਵੱਧ ਵਪਾਰਕ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਇਸ ਨਾਲ ਆਫ਼ਲਾਈਨ ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਕਿਹਾ ਕਿ ਪੰਜਾਬ ਰਾਈਟ ਟੂ ਬਿਜ਼ਨਸ ਐਕਟ ਤਹਿਤ, ਸੂਬਾ ਸਰਕਾਰ ਨੇ 125 ਕਰੋੜ ਰੁਪਏ ਤੱਕ ਦੇ ਨਿਵੇਸ਼ ਵਾਲੇ ਪ੍ਰੋਜੈਕਟਾਂ ਨੂੰ ਤਿੰਨ ਦਿਨਾਂ ਦੇ ਅੰਦਰ ਸਿਧਾਂਤਕ ਪ੍ਰਵਾਨਗੀ ਦਿੱਤੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਪ੍ਰਵਾਨਗੀਆਂ ਦੇਣ ਲਈ 45 ਦਿਨਾਂ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਗਈ ਹੈ ਅਤੇ ਜੇਕਰ ਇਸ ਮਿਆਦ ਦਰਮਿਆਨ ਪ੍ਰਵਾਨਗੀਆਂ ਜਾਰੀ ਨਹੀਂ ਕੀਤੀਆਂ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ ਆਪਣੇ ਆਪ ਹੀ ਪ੍ਰਵਾਨ ਮੰਨਿਆ ਜਾਂਦਾ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਨਿਵੇਸ਼ਕਾਂ ਨੂੰ ਵਟਸਐਪ, ਏ.ਆਈ. ਚੈਟਬੋਟਸ ਅਤੇ ਕਾਲ ਸੈਂਟਰਾਂ ਰਾਹੀਂ ਸਹਾਇਤਾ ਨਿਯਮਿਤ ਤੌਰ 'ਤੇ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਫਾਇਰ ਐਨ.ਓ.ਸੀ. ਨਵਿਆਉਣ ਲਈ ਸਮਾਂ ਮਿਆਦ ਵਧਾ ਦਿੱਤੀ ਗਈ ਹੈ ਅਤੇ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਦੀਲੀ ਸਬੰਧੀ ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦਾ ਦ੍ਰਿੜ ਵਿਸ਼ਵਾਸ ਹੈ ਕਿ ਅਸਲ ਉਦਯੋਗਿਕ ਤਰੱਕੀ ਉਦੋਂ ਹੀ ਸੰਭਵ ਹੈ ਜਦੋਂ ਸਰਕਾਰ ਅਤੇ ਉਦਯੋਗ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਇਸੇ ਲਈ ਨਿਵੇਸ਼ਕਾਂ ਅਤੇ ਉੱਦਮੀਆਂ ਨੂੰ ਪੰਜਾਬ ਦੇ ਉਦਯੋਗਿਕ ਭਵਿੱਖ ਲਈ ਮੁੱਖ ਭਾਈਵਾਲ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 24 ਵੱਖ-ਵੱਖ ਉਦਯੋਗਿਕ ਖੇਤਰਾਂ ਲਈ ਕਮੇਟੀਆਂ ਸਥਾਪਤ ਕੀਤੀਆਂ ਹਨ, ਜਿਨ੍ਹਾਂ ਦਾ ਉਦੇਸ਼ ਹਰੇਕ ਲਈ ਟੀਚਾਗਤ ਰਣਨੀਤੀਆਂ ਅਤੇ ਰੋਡਮੈਪ ਤਿਆਰ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਿਵੇਸ਼ ਪੰਜਾਬ ਦੇ ਸਮਰਪਿਤ ਅਧਿਕਾਰੀ ਸਨਅਤਕਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਹਮੇਸ਼ਾ ਉਪਲਬਧ ਹਨ।

ਮੁੱਖ ਮੰਤਰੀ ਨੇ ਨਿਵੇਸ਼ਕਾਂ ਨੂੰ ਅੱਗੇ ਦੱਸਿਆ ਕਿ ਛੇਵਾਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 13, 14 ਅਤੇ 15 ਮਾਰਚ 2026 ਨੂੰ ਮੋਹਾਲੀ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਮਹੱਤਵਪੂਰਨ ਸਮਾਗਮ ਵਿੱਚ ਹਿੱਸਾ ਲੈਣ ਲਈ ਸਾਰੇ ਨਿਵੇਸ਼ਕਾਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸੰਮੇਲਨ ਉਦਯੋਗਪਤੀਆਂ, ਨੀਤੀ ਘਾੜਿਆਂ ਅਤੇ ਖੋਜਕਰਤਾਵਾਂ ਨੂੰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਅਤੇ ਆਪਣੇ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕਰੇਗਾ। ਭਗਵੰਤ ਸਿੰਘ ਮਾਨ ਨੇ ਸਾਰੇ ਉਦਯੋਗਪਤੀਆਂ ਨੂੰ ਉਦਯੋਗ-ਪੱਖੀ ਨੀਤੀਆਂ ਘੜਨ ਵਿੱਚ ਸਰਗਰਮੀ ਨਾਲ ਆਪਣਾ ਯੋਗਦਾਨ ਪਾਉਣ ਅਤੇ ਆਪਣੇ ਕੀਮਤੀ ਸੁਝਾਅ ਸਾਂਝੇ ਕਰਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਆਰਥਿਕ ਅਤੇ ਉਦਯੋਗਿਕ ਵਿਕਾਸ ਲਈ ਅਥਾਹ ਸੰਭਾਵਨਾਵਾਂ ਹਨ ਪਰ ਪੰਜਾਬ ਦੇ ਵਿਕਾਸ ਲਈ ਉਦਯੋਗਪਤੀਆਂ ਦਾ ਸਮਰਥਨ ਅਤਿ ਲੋੜੀਂਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਭਾਈਵਾਲੀ ਨਾਲ, ਸੂਬਾ ਸਰਕਾਰ ਪੰਜਾਬ ਨੂੰ ਖੁਸ਼ਹਾਲੀ ਅਤੇ ਤਰੱਕੀ ਦੀਆਂ ਨਵੀਆਂ ਲੀਹਾਂ 'ਤੇ ਲੈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਕੱਠੇ ਮਿਲ ਕੇ, ਉਹ ਜਲਦ ਹੀ ਪੰਜਾਬ ਨੂੰ ਇੱਕ ਵਾਰ ਫਿਰ ਤੋਂ 'ਰੰਗਲਾ ਪੰਜਾਬ' ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨਗੇ।

ਇਸ ਮੌਕੇ ਉਦਯੋਗ ਮੰਤਰੀ ਸੰਜੀਵ ਅਰੋੜਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਰਾਵੀ, ਸਤਲੁਜ ਅਤੇ ਬਿਆਸ ਦਰਿਆਵਾਂ ਦੀ ਕੀਤੀ ਜਾਵੇਗੀ ਸਫ਼ਾਈ: ਹਰਪਾਲ ਸਿੰਘ ਚੀਮਾ

## ➢ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨੂੰ ਬੀਬੀਐਮਬੀ ਦੇ ਸਥਾਈ ਮੈਂਬਰ ਵਜੋਂ ਸ਼ਾਮਲ ਕਰਨ ਦੇ ਪ੍ਰਸਤਾਵ ਦਾ ਸਖ਼ਤ ਵਿਰੋਧ ਕੀਤਾ ➢ ਦਿੜ੍ਹਬਾ ਲਈ ਦੀਵਾਲੀ ਦੇ ਤੋਹਫ਼ੇ ਵਜੋਂ 11.46 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਐਲਾਨ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਹੜ੍ਹਾਂ ਤੋਂ ਸੂਬੇ ਦੀ ਸਥਾਈ ਸੁਰੱਖਿਆ ਲਈ ਬਹੁਤ ਗੰਭੀਰ ਹੈ।

ਇਸ ਉਦੇਸ਼ ਲਈ ਰਾਵੀ ਅਤੇ ਸਤਲੁਜ ਦਰਿਆਵਾਂ ਦੇ ਪੰਜਾਬ ਵਿਚਲੇ ਹਿੱਸਿਆਂ ਨੂੰ ਸਾਫ਼ ਕਰਨ, ਡੂੰਘਾ ਕਰਨ ਅਤੇ ਚੌੜਾ ਕਰਨ ਦੀਆਂ ਯੋਜਨਾ ਹੈ, ਜਦੋਂ ਕਿ ਰਾਮਸਰ ਸਾਈਟ ਵਜੋਂ ਮਨੋਨੀਤ ਬਿਆਸ ਦਰਿਆ ਨੂੰ ਸਾਫ਼ ਕਰਨ ਲਈ ਕੇਂਦਰ ਸਰਕਾਰ ਤੋਂ ਇਜਾਜ਼ਤ ਮੰਗੀ ਗਈ ਹੈ। ਦਿੜ੍ਹਬਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ. ਚੀਮਾ ਨੇ ਸਾਲ 2023 ਅਤੇ 2025 ਵਿੱਚ ਹੜ੍ਹਾਂ ਕਾਰਨ ਪੰਜਾਬ ਨੂੰ ਹੋਏ ਵੱਡੇ ਨੁਕਸਾਨ ਨੂੰ ਉਜਾਗਰ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੰਬੇ ਸਮੇਂ ਲਈ ਹੜ੍ਹਾਂ ਤੋਂ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਰਿਆਵਾਂ ਨੂੰ ਸਾਫ਼ ਕਰਨ ਦੀ ਅਹਿਮ ਲੋੜ ਹੈ।

ਉਨ੍ਹਾਂ ਕਿਹਾ ਕਿ ਬਿਆਸ ਦਰਿਆ ਦੀਆਂ 28 ਥਾਵਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਨੂੰ ਤੁਰੰਤ ਸਫ਼ਾਈ ਦੀ ਲੋੜ ਹੈ ਅਤੇ ਕੇਂਦਰ ਸਰਕਾਰ ਨੂੰ ਇਸ ਪਹਿਲਕਦਮੀ ਲਈ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰਨ ਦੀ ਅਪੀਲ ਕੀਤੀ।

ਸ. ਚੀਮਾ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਵਿੱਚ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨੂੰ ਸਥਾਈ ਮੈਂਬਰਸ਼ਿਪ ਦੇਣ ਦੇ ਕੇਂਦਰ ਸਰਕਾਰ ਦੇ ਪ੍ਰਸਤਾਵ ਦਾ ਸਖ਼ਤ ਵਿਰੋਧ ਕਰਦਿਆਂ ਇਸਨੂੰ ਪੰਜਾਬ ਦੇ ਲੋਕਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੂਜੇ ਰਾਜਾਂ ਨੂੰ ਬੀਬੀਐਮਬੀ 'ਤੇ ਕੰਟਰੋਲ ਨਹੀਂ ਕਰਨ ਦੇਵੇਗੀ।



ਚੀਮਾ ਨੇ ਆਪਣੇ ਦਿੜ੍ਹਬਾ ਵਿਧਾਨ ਸਭਾ ਹਲਕੇ ਦੇ ਵਸਨੀਕਾਂ ਨੂੰ 11.46 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖ ਕੇ ਅਤੇ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਦੀਵਾਲੀ ਦਾ ਤੋਹਫ਼ਾ ਦਿੱਤਾ। ਇਨ੍ਹਾਂ ਵਿੱਚ ਛਾਜਲੀ ਪਿੰਡ ਵਿੱਚ 2.5 ਕਰੋੜ ਰੁਪਏ ਦਾ ਨਹਿਰੀ ਪਾਣੀ ਪ੍ਰੋਜੈਕਟ ਸ਼ਾਮਲ ਹੈ, ਜੋ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਕਰਕੇ ਬੰਦ ਪਏ ਟਿਊਬਵੈੱਲਾਂ ਦੀ ਸਮੱਸਿਆ ਦੇ ਹੱਲ ਲਈ 13 ਕਿਲੋਮੀਟਰ ਪਾਈਪਲਾਈਨ ਰਾਹੀਂ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ।

ਇਸ ਤੋਂ ਇਲਾਵਾ 8.81 ਕਰੋੜ ਰੁਪਏ ਦੀ ਲਾਗਤ ਨਾਲ 17.35 ਕਿਲੋਮੀਟਰ ਸੜਕਾਂ 'ਤੇ ਕੰਮ ਸ਼ੁਰੂ ਹੋ ਗਿਆ ਹੈ, ਜਿਸ ਵਿੱਚ ਢੰਡਿਆਲ ਤੋਂ ਪਾਤੜਾਂ ਤੱਕ 4 ਕਿਲੋਮੀਟਰ ਸੜਕ ਦੇ ਹਿੱਸੇ ਨੂੰ 18 ਫੁੱਟ ਚੌੜਾ ਕਰਨਾ ਅਤੇ ਢੰਡਿਆਲ ਤੋਂ ਹਰਿਆਉ (4.25 ਕਿਲੋਮੀਟਰ), ਢੰਡਿਆਲ ਤੋਂ ਸ਼ਾਦੀਹਰੀ (3.10 ਕਿਲੋਮੀਟਰ), ਢੰਡਿਆਲ ਤੋਂ ਚੁਨੱਗਰਾ (3 ਕਿਲੋਮੀਟਰ) ਅਤੇ ਖੇਤਲਾ ਤੋਂ ਕਾਕੂਵਾਲਾ (3 ਕਿਲੋਮੀਟਰ) ਤੱਕ ਨਵੀਆਂ ਸੜਕਾਂ ਦਾ ਨਿਰਮਾਣ ਸ਼ਾਮਲ ਹੈ। ਇਸ ਦੇ ਨਾਲ ਹੀ ਉਹਨਾਂ ਨੇ ਮੈਦੇਵਾਸ ਪਿੰਡ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਲਈ 15 ਲੱਖ ਰੁਪਏ ਦੀ ਲਾਗਤ ਨਾਲ ਬਣੀ ਇੱਕ ਧਰਮਸ਼ਾਲਾ ਵੀ ਲੋਕਾਂ ਨੂੰ ਸਮਰਪਿਤ ਕੀਤੀ।

ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਸ. ਚੀਮਾ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਅਣਥੱਕ ਮਿਹਨਤ ਕਰ ਰਹੀ ਹੈ। ਉਨ੍ਹਾਂ ਸਿਹਤ ਸੰਭਾਲ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਯਤਨਾਂ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਨੇ ਸੂਬੇ ਦੀ ਤਰੱਕੀ ਵਿੱਚ ਰੁਕਾਵਟ ਪਾਈ ਸੀ। ਸੂਬਾ ਸਰਕਾਰ ਇਹ ਯਕੀਨੀ ਬਣਾਉਂਦਿਆਂ ਕਿ ਵਿਕਾਸ ਪ੍ਰੋਜੈਕਟਾਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ, ਪੂਰੀ ਇਮਾਨਦਾਰੀ ਨਾਲ ਜਨਤਾ ਦੀਆਂ ਉਮੀਦਾਂ 'ਤੇ ਖਰ੍ਹਾ ਉਤਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਠੇਕੇਦਾਰ ਪੰਜ ਸਾਲਾਂ ਲਈ ਪਿੰਡਾਂ ਦੀਆਂ ਨਵੀਆਂ ਸੜਕਾਂ ਦੀ ਰੱਖ-ਰਖਾਵ ਕਰਨਗੇ। ਸ. ਚੀਮਾ ਨੇ ਹਲਕੇ ਦੇ ਵਸਨੀਕਾਂ ਨੂੰ ਪ੍ਰੋਜੈਕਟਾਂ ਦੇ ਤਸੱਲੀਬਖਸ਼ ਪੂਰਾ ਹੋਣ ਨੂੰ ਯਕੀਨੀ ਬਣਾਉਣ ਲਈ ਇਸਦੀ ਨਿਗਰਾਨੀ ਕਰਨ ਦੀ ਅਪੀਲ ਕੀਤੀ।

ਇਹਨਾਂ ਸਮਾਗਮਾਂ ਵਿੱਚ ਐਸਡੀਐਮ ਦਿੜ੍ਹਬਾ ਰਾਜੇਸ਼ ਕੁਮਾਰ ਸ਼ਰਮਾ, ਪ੍ਰੀਤਮ ਸਿੰਘ ਪੀਤੂ (ਚੇਅਰਮੈਨ, ਇੰਪਰੂਵਮੈਂਟ ਟਰੱਸਟ, ਸੰਗਰੂਰ), ਤਪਿੰਦਰ ਸਿੰਘ ਸੋਹੀ (ਵਿੱਤ ਮੰਤਰੀ ਦੇ ਓਐਸਡੀ), ਜਸਵੀਰ ਕੌਰ ਸ਼ੇਰਗਿੱਲ (ਚੇਅਰਪਰਸਨ, ਮਾਰਕੀਟ ਕਮੇਟੀ, ਦਿੜ੍ਹਬਾ) ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲਾਭਪਾਤਰੀਆਂ ਲਈ 8.76 ਕਰੋੜ ਰੁਪਏ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 1718 ਲਾਭਪਾਤਰੀਆਂ ਲਈ 8.76 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ ਜਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ ਅਤੇ ਮਾਲੇਰਕੋਟਲਾ ਦੇ ਕੁੱਲ 1718 ਲਾਭਪਾਤਰੀਆਂ ਦੀਆਂ ਦਰਖ਼ਾਸਤਾਂ ਪ੍ਰਾਪਤ ਹੋਈਆਂ ਸਨ। ਇਹਨਾਂ ਸਭ ਨੂੰ ਕਵਰ ਕਰਨ ਲਈ 8.76 ਕਰੋੜ ਰੁਪਏ ਜਾਰੀ ਕੀਤੇ ਗਏ ਹਨ।



ਡਾ. ਬਲਜੀਤ ਕੌਰ ਨੇ ਦੱਸਿਆ ਕਿ ਜਿਲ੍ਹਾ ਬਰਨਾਲਾ ਦੇ 7, ਬਠਿੰਡਾ ਦੇ 171, ਫਰੀਦਕੋਟ ਦੇ 14, ਫਿਰੋਜ਼ਪੁਰ ਦੇ 46, ਸ੍ਰੀ ਫਤਹਿਗੜ੍ਹ ਸਾਹਿਬ ਦੇ 61, ਗੁਰਦਾਸਪੁਰ ਦੇ 344, ਹੁਸ਼ਿਆਰਪੁਰ ਦੇ 23, ਜਲੰਧਰ ਦੇ 174, ਮੋਗਾ ਦੇ 163, ਸ੍ਰੀ ਮੁਕਤਸਰ ਸਾਹਿਬ ਦੇ 42, ਪਟਿਆਲਾ ਦੇ 148, ਰੂਪਨਗਰ ਦੇ 154, ਐਸ.ਏ.ਐਸ. ਨਗਰ ਦੇ 52, ਐਸ.ਬੀ.ਐਸ. ਨਗਰ ਦੇ 123, ਸੰਗਰੂਰ ਦੇ 101 ਅਤੇ ਮਾਲੇਰਕੋਟਲਾ ਦੇ 95 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ ਘੱਟ ਆਮਦਨੀ ਵਾਲੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਦਾ ਸਥਾਈ ਨਿਵਾਸੀ ਹੋਵੇ, ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਹੋਵੇ, ਅਤੇ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ। ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਤੱਕ ਇਹ ਸਕੀਮ ਦਾ ਲਾਭ ਲੈ ਸਕਦੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਡੀ.ਬੀ.ਟੀ. ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਿੱਥੇ ਹੋਰ ਵਰਗਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ, ਉਥੇ ਹੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵੀ ਲਗਾਤਾਰ ਯਤਨਸ਼ੀਲ ਹੈ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਤੁਰੰਤ ਕੋਸ਼ਿਸ਼ਾਂ ਨਾਲ ਕੈਨੇਡਾ ਹਾਦਸੇ ਵਿੱਚ ਮਾਰੇ ਗਏ ਪੁੱਤਰ ਦੀ ਦੇਹ ਪਰਿਵਾਰ ਨੂੰ ਦੇਸ਼ ਵਾਪਿਸ ਲਿਆਉਣ ਵਿੱਚ ਸਫਲਤਾ ਮਿਲੀ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਇਕ ਦੁਖੀ ਪਰਿਵਾਰ ਲਈ ਪੰਜਾਬ ਸਰਕਾਰ ਦੇ NRI ਮਾਮਲਿਆਂ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਸਮੇਂ ਸਿਰ ਕੀਤੀ ਗਈ ਕਾਰਵਾਈ ਵੱਡਾ ਸਹਾਰਾ ਸਾਬਤ ਹੋਈ। ਕੈਨੇਡਾ ਵਿੱਚ ਹੋਏ ਸੜਕ ਹਾਦਸੇ 'ਚ ਮਾਰੇ ਗਏ 27 ਸਾਲਾ ਹਰਨੂਰ ਸਿੰਘ ਦੀ ਦੇਹ ਨੂੰ ਸਮੇਂ ਸਿਰ ਲੁਧਿਆਣਾ ਲਿਆਉਣ ਨਾਲ ਪਰਿਵਾਰ ਨੂੰ ਆਪਣੇ ਪੁੱਤਰ ਨੂੰ ਅਖੀਰਲਾ ਵਿਦਾ ਦੇਣ ਦਾ ਮੌਕਾ ਮਿਲਿਆ।

ਹਰਨੂਰ ਸਿੰਘ, ਪ੍ਰਸਿੱਧ ਉਦਯੋਗਪਤੀ ਸ. ਗੁਰਚਰਨ ਸਿੰਘ ਦੇ ਪੁੱਤਰ ਸਨ। 6 ਅਕਤੂਬਰ ਨੂੰ ਓਰੋ-ਮੇਡੋਂਟੇ (ਓਨਟਾਰੀਓ) ਵਿੱਚ ਮੋਟਰਸਾਈਕਲ 'ਤੇ ਜਾ ਰਹੇ ਸਨ ਜਦੋਂ ਨਸ਼ੇ ਵਿੱਚ ਡਰਾਈਵ ਕਰ ਰਿਹਾ ਟਰੱਕ ਟਕਰਾ ਗਿਆ। ਇਸ ਅਚਾਨਕ ਘਟਨਾ ਨਾਲ ਪਰਿਵਾਰ ਗਹਿਰੇ ਸੋਕ ਵਿੱਚ ਡੁੱਬ ਗਿਆ ਅਤੇ ਵਿਦੇਸ਼ ਤੋਂ ਦੇਹ ਲਿਆਉਣ ਦੀ ਪ੍ਰਕਿਰਿਆ ਵਿੱਚ ਕਈ ਰੁਕਾਵਟਾਂ ਆ ਗਈਆਂ, ਜੋ ਆਮ ਤੌਰ 'ਤੇ ਕਈ ਦਿਨ ਲੈਂਦੀ ਹੈ।

ਪਰਿਵਾਰ ਵੱਲੋਂ 8 ਅਕਤੂਬਰ ਦੀ ਰਾਤ ਨੂੰ ਵਰਲਡ MSM5 ਫੋਰਮ ਦੇ ਪ੍ਰਧਾਨ ਬਦਿਸ਼ ਜਿੰਦਲ ਰਾਹੀਂ ਮੰਤਰੀ ਸੰਜੀਵ ਅਰੋੜਾ ਨਾਲ ਸੰਪਰਕ ਕੀਤਾ ਗਿਆ। ਨਾਲ ਹੀ 393" ਦੇ ਪ੍ਰਧਾਨ ਉਪਕਾਰ ਸਿੰਘ ਅਹੂਜਾ ਨੇ ਵੀ ਪਰਿਵਾਰ ਵੱਲੋਂ ਤੁਰੰਤ ਸਹਾਇਤਾ ਦੀ ਅਪੀਲ ਕੀਤੀ। ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ, ਮੰਤਰੀ ਅਰੋੜਾ ਨੇ ਵਿਦੇਸ਼ ਮੰਤਰਾਲੇ ($51) ਅਤੇ ਭਾਰਤੀ ਹਾਈ ਕਮਿਸ਼ਨ ਓਟਾਵਾ ਨਾਲ ਰਾਤੋਂ ਰਾਤ ਕੋਆਰਡੀਨੇਸ਼ਨ ਕਰਕੇ ਸਾਰੀ ਪ੍ਰਕਿਰਿਆ ਤੇਜ਼ ਕਰਵਾਈ।

ਆਪਣੇ ਪੱਤਰ ਵਿੱਚ ਮੰਤਰੀ ਅਰੋੜਾ ਨੇ ਲਿਖਿਆ - ਪਰਿਵਾਰ ਗਹਿਰੇ ਦੁੱਖ ਵਿੱਚ ਹੈ। ਪੰਜਾਬ ਸਰਕਾਰ ਦੇ NR9 ਮਾਮਲਿਆਂ ਦੇ ਕੈਬਨਿਟ ਮੰਤਰੀ ਹੋਣ ਦੇ ਨਾਤੇ ਮੈਂ ਬੇਨਤੀ ਕਰਦਾ ਹਾਂ ਕਿ ਹਰਨੂਰ ਸਿੰਘ ਦੀ ਦੇਹ ਨੂੰ ਜਲਦੀ ਤੋਂ ਜਲਦੀ ਭਾਰਤ ਵਾਪਸ ਲਿਆਉਣ ਲਈ ਦਇਆਪੂਰਵਕ ਦਖ਼ਲਅੰਦਾਜ਼ੀ ਕੀਤੀ ਜਾਵੇ।

ਮੰਤਰੀ ਦੀ ਇਸ ਤੁਰੰਤ ਕਾਰਵਾਈ ਤੋਂ ਬਾਅਦ ਭਾਰਤੀ ਦੂਤਾਵਾਸ ਨੇ ਕੈਨੇਡੀਆਈ ਅਧਿਕਾਰੀਆਂ ਨਾਲ ਮਿਲ ਕੇ ਫਾਸਟ ਟਰੈਕ ਪ੍ਰਕਿਰਿਆ ਰਾਹੀਂ ਮੌਤ ਪ੍ਰਮਾਣ ਪੱਤਰ ਜਾਰੀ ਕਰਵਾਇਆ ਅਤੇ ਦੇਹ ਦੀ ਕਲੀਅਰੈਂਸ ਦਿੱਤੀ। ਇਸ ਕਾਰਨ ਹਰਨੂਰ ਸਿੰਘ ਦੀ ਦੇਹ ਕੁਝ ਹੀ ਦਿਨਾਂ ਵਿੱਚ ਲੁਧਿਆਣਾ ਪਹੁੰਚ ਗਈ ਅਤੇ ਪਰਿਵਾਰ ਨੇ ਸਿੱਖ ਰਸਮਾਂ ਅਨੁਸਾਰ ਅੰਤਿਮ ਸੰਸਕਾਰ ਕੀਤਾ।

ਵਰਲਡ MSME ਫੋਰਮ ਦੇ ਪ੍ਰਧਾਨ ਬਦਿਸ਼ ਜਿੰਦਲ, ਫਾਸਟਨਰਜ਼ ਮੈਨੂਫੈਕਚਰਰਜ਼ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਨਰਿੰਦਰ ਭੰਮਰਾ ਅਤੇ ਲੁਧਿਆਣਾ ਵਾਇਰ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਮਿਗਲਾਨੀ ਨੇ ਮੰਤਰੀ ਸੰਜੀਵ ਅਰੋੜਾ ਦਾ ਸੰਕਟ ਦੀ ਇਸ ਘੜੀ ਵਿੱਚ ਜਿੰਮੇਵਾਰ ਅਤੇ ਤੁਰੰਤ ਕਾਰਵਾਈ ਕਰਨ ਲਈ ਧੰਨਵਾਦ ਕੀਤਾ। ਇਹ ਘਟਨਾ ਸਾਬਤ ਕਰਦੀ ਹੈ ਕਿ ਆਦਰਨੀਯ ਅਰਵਿੰਦ ਕੇਜਰੀਵਾਲ ਅਤੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ NRIs ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਹਮੇਸ਼ਾ ਤਿਆਰ ਅਤੇ ਵਚਨਬੱਧ ਹੈ। ਵਿਦੇਸ਼ੀ ਦੂਤਾਵਾਸਾਂ ਨਾਲ ਮਿਲ ਕੇ ਪੰਜਾਬ ਸਰਕਾਰ ਸੰਕਟਕਾਲੀਨ ਹਾਲਾਤਾਂ ਵਿੱਚ ਤੁਰੰਤ ਸਹਿਯੋਗ ਯਕੀਨੀ ਬਣਾਉਂਦੀ ਹੈ।

# ਕਾਂਗਰਸ ਸਰਕਾਰਾਂ ਸਮੇਂ ਹਮੇਸ਼ਾਂ ਸੂਬੇ ਦੇ ਨੌਜਵਾਨਾਂ ਨੂੰ ਵਧੇਰੇ ਰੋਜਗਾਰ ਦੇ ਮੌਕੇ ਮਿਲੇ: ਬੰਨੀ ਕੰਗ

**ਖਰੜ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਚ ਜਦੋਂ ਵੀ ਸਮੇ ਸਮੇਂ ਸਿਰ ਕਾਂਗਰਸ ਸਰਕਾਰ ਸੱਤਾ ਵਿਚ ਰਹੀ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਵਧੇਰੇ ਰੋਜ਼ਗਾਰ ਦੇ ਮੌਕੇ ਮਿਲੇ। ਇਹ ਪ੍ਰਗਟਾਵਾ ਪੰਜਾਬ ਇਨਫੋਟੈਕ ਦੇ ਸਾਬਕਾ ਚੇਅਰਮੈਨ ਯਾਦਵਿੰਦਰਾ ਸਿੰਘ ਬੰਨੀ ਕੰਗ ਨੇ ਕਰਦਿਆ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਸੱਤਾ ਵਿਚ ਆਉਣ ਤੋਂ ਬਾਅਦ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਵਧੇਰੇ ਮੌਕੇ ਮਿਲਣਗੇ । ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਮੌਜੂਦਾ 'ਆਪ' ਸਰਕਾਰ ਦੀ ਕਾਰਜਗਾਰੀ ਤੋਂ ਬੇਹੱਦ ਤੰਗ ਹਨ ਅਤੇ ਸਰਕਾਰ ਵਲੋ ਸੂਬੇ ਵਿਚ ਕੀਤੇ ਜਾ ਰਹੇ ਸਮਾਗਮਾਂ ਦਾ ਸੂਬੇ ਦੇ ਲੋਕਾਂ ਵਲੋਂ ਜਬਰਦਸਤ ਵਿਰੋਧ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕ ਹੁਣ ਜਾਣ ਚੁੱਕੇ ਹਨ ਕਿ ਮੌਜੂਦਾ 'ਆਪ' ਸਰਕਾਰ ਵਲੋਂ ਇਹ ਪੰਜਾਬ ਦੇ ਭਲੇ ਦੀ ਗੱਲ ਨਹੀ ਕਰ ਸਕਦੇ ਬਲਕਿ 'ਆਪ' ਦੀ ਦਿੱਲੀ ਲਾਬੀ ਵਲੋਂ ਪੰਜਾਬ ਨੂੰ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 2027 ਦੀਆਂ ਚੋਣਾਂ ਵਿਚ ਕਾਂਗਰਸ ਦੀ ਹਮਾਇਤ ਕਰਕੇ ਸਾਫ ਸੁੱਥਰੀ ਸਰਕਾਰ ਬਣਾਉਣ ਤਾਂ ਕਿ ਨੌਜਵਾਨਾਂ ਲਈ ਵਧੇਰੇ ਰੋਜ਼ਗਾਰ ਦੇ ਮੌਕੇ ਮਿਲ ਸਕਣ।

# ਇੰਦਰਜੀਤ ਸਿੰਘ ਬੋਪਾਰਾਏ (ਡੀ.ਐਸ.ਪੀ.) ਦਾ ਕੀਤਾ ਸਨਮਾਨ : ਸੁਖਵਿੰਦਰ ਸਿੰਘ ਸੋਹਲ



**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਡੀ.ਐਸ.ਪੀ. (ਡੀ) ਜਗਰਾਓਂ ਤੋਂ ਤਬਾਦਲਾ ਹੋ ਕੇ ਥਾਣਾ ਜਮਾਲਪੁਰ ਵਿੱਚ ਤਾਇਨਾਤ ਹੋਣ ਦੇ ਮੌਕੇ 'ਤੇ ਪਾਵਰ ਟੂ ਸੇਵ ਹਿਊਮਨ ਰਾਈਟਸ ਵੱਲੋਂ ਡੀ.ਐਸ.ਪੀ. ਇੰਦਰਜੀਤ ਸਿੰਘ ਬੋਪਾਰਾਏ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਰੋਹ ਦੌਰਾਨ ਸੰਗਠਨ ਦੇ ਚੇਅਰਮੈਨ ਸ. ਸੁਖਵਿੰਦਰ ਸਿੰਘ ਸੋਹਲ ਅਤੇ ਸ. ਸਰਬਜੀਤ ਸਿੰਘ ਵੱਲੋਂ ਡੀ.ਐਸ.ਪੀ. ਸਾਹਿਬ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ।

ਇਸ ਮੌਕੇ ਸ਼ਹਿਰ ਦੇ ਪ੍ਰਸਿੱਧ ਉਦਯੋਗਪਤੀ ਸ. ਘਨਸ਼ਾਮ ਸਿੰਘ ਲੋਟੇ ਵੱਲੋਂ ਡੀ.ਐਸ.ਪੀ. ਇੰਦਰਜੀਤ ਸਿੰਘ ਬੋਪਾਰਾਏ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਵਿੱਤਰ ਸਰੂਪ ਚਿੰਨ੍ਹ ਭੇਂਟ ਕਰਕੇ ਸਤਿਕਾਰਿਆ ਗਿਆ।

ਇਸ ਮੌਕੇ ਤੇ ਜਥੇਦਾਰ ਸ. ਦਲੀਪ ਸਿੰਘ ਵੀ ਹਾਜ਼ਿਰ ਸਨ।

ਡੀ.ਐਸ.ਪੀ. ਇੰਦਰਜੀਤ ਸਿੰਘ ਬੋਪਾਰਾਏ ਨੇ ਸਨਮਾਨ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹ ਸਮਾਜ ਵਿੱਚ ਸ਼ਾਂਤੀ, ਭਾਈਚਾਰੇ ਅਤੇ ਕਾਨੂੰਨ-ਵਿਵਸਥਾ ਦੀ ਮਜ਼ਬੂਤੀ ਲਈ ਹਮੇਸ਼ਾਂ ਪ੍ਰਤਿਬੱਧ ਰਹਿਣਗੇ।

# ਪਿੰਡਾਂ ਦੀਆਂ ਬਰੂੰਹਾਂ 'ਤੇ ਜਾ ਕੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦਾ ਦਿੱਤਾ ਸੱਦਾ



**ਮਲੇਰਕੋਟਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਕਟਾਈ ਦੇ ਮੌਸਮ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਗਰੂਕਤਾ ਮੁਹਿਮ ਲਗਾਤਾਰ ਚਲਾਈ ਜਾ ਰਹੀ ਹੈ। ਇਸੇ ਕੜੀ ਤਹਿਤ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਅਤੇ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਪਿੰਡ ਮੁਹੰਮਦਗੜ੍ਹ ਅਤੇ ਬੁਰਜ ਵਿਖੇ ਕਿਸਾਨਾਂ ਦੀਆਂ ਬਰੂੰਹਾਂ 'ਤੇ ਪਹੁੰਚ ਕੇ ਉਨ੍ਹਾਂ ਨਾਲ ਸਿੱਧਾ ਰੂ-ਬ-ਰੂ ਹੋ ਕੇ ਪਰਾਲੀ ਨਾ ਸਾੜਨ ਦਾ ਸੱਦਾ ਦਿੱਤਾ। ਦੋਹਾਂ ਅਧਿਕਾਰੀਆਂ ਨੇ ਕਿਸਾਨਾਂ ਨਾਲ ਖੁੱਲ੍ਹੇ ਮਨ ਨਾਲ ਗੱਲਬਾਤ ਕਰਦੇ ਹੋਏ ਪਰਾਲੀ ਨੂੰ ਅੱਗ ਲਗਾਉਣ ਦੇ ਵਾਤਾਵਰਣ, ਸਿਹਤ ਅਤੇ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ। ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਉੱਨਤ ਕਿਸਾਨ ਮੋਬਾਈਲ ਐਪ ਤਿਆਰ ਕੀਤੀ ਗਈ ਹੈ, ਜਿਸ ਰਾਹੀਂ ਕਿਸਾਨ ਘਰ ਬੈਠੇ ਹੀ ਵੱਖ-ਵੱਖ ਸੀ.ਆਰ.ਐਮ. ਮਸ਼ੀਨਾਂ ਜਿਵੇਂ ਬੇਲਰ, ਮਲਚਰ, ਹੈਪੀ ਸੀਡਰ, ਸੁਪਰ ਲੀਡਰ, ਰੀਵਰਸ ਪਲਾਅ ਆਦਿ ਨੂੰ ਆਸਾਨੀ ਨਾਲ ਬੁੱਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 1375 ਤੋਂ ਵੱਧ ਮਸ਼ੀਨਾਂ ਦੀ ਮੈਪਿੰਗ ਕੀਤੀ ਗਈ ਹੈ, ਜਿਨ੍ਹਾਂ ਦੀ ਜਾਣਕਾਰੀ ਉੱਨਤ ਕਿਸਾਨ ਪਲੇਟਫ਼ਾਰਮ 'ਤੇ ਉਪਲਬਧ ਹੈ। ਇਹ ਐਪ ਮਸ਼ੀਨਾਂ ਦੇ ਮਾਲਕਾਂ ਨੂੰ ਆਪਣੇ ਉਪਕਰਨ ਰਜਿਸਟਰ ਕਰਨ ਦੀ ਵੀ ਸਹੂਲਤ ਦਿੰਦਾ ਹੈ ਤਾਂ ਜੋ ਮਸ਼ੀਨਰੀ ਦੀ ਉਪਲਬਧਤਾ ਲਗਾਤਾਰ ਬਣੀ ਰਹੇ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨਾਂ ਨਾਲ ਵਾਢੀ ਨਾ ਕੀਤੀ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕੰਬਾਈਨ ਸੁਪਰ ਐਸ.ਐਮ.ਐੱਸ. ਤਕਨਾਲੋਜੀ ਨਾਲ ਹੀ ਚਲਾਈ ਜਾਵੇ ਤਾਂ ਜੋ ਪਰਾਲੀ ਖੇਤ ਵਿੱਚ ਹੀ ਸੁਚੱਜੇ ਢੰਗ ਨਾਲ ਵਿਖੇਰੀ ਜਾ ਸਕੇ।

ਇਸ ਮੌਕੇ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ, ਸਾਨੂੰ ਸਾਰਿਆਂ ਨੂੰ ਮਿਲਕੇ ਆਪਣੇ ਕੁਦਰਤੀ ਸਰੋਤਾਂ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਜੇ ਅਸੀਂ ਅੱਜ ਜ਼ਿੰਮੇਵਾਰੀ ਨਾਲ ਕਦਮ ਚੁੱਕਾਂਗੇ ਤਾਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਸਾਫ਼ ਹਵਾ, ਸੁਰੱਖਿਅਤ ਮਿੱਟੀ ਅਤੇ ਪਾਣੀ ਦੀ ਵਿਰਾਸਤ ਛੱਡ ਸਕਾਂਗੇ।

# ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਚੋਣ ਕਮਿਸ਼ਨ ਦੇ ਸੋਸ਼ਲ ਮੀਡੀਆ ਹੈਂਡਲ ਬਾਰੇ ਕੀਤਾ ਜਾਗਰੂਕ

**ਮਲੇਰਕੋਟਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਅਫਸਰ, ਪੰਜਾਬ ਦੇ ਹੁਕਮਾਂ ਅਤੇ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ, ਜ਼ਿਲ੍ਹਾ ਸਵੀਪ ਟੀਮ ਮਾਲੇਰਕੋਟਲਾ ਵੱਲੋਂ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਚੋਣ ਕਮਿਸ਼ਨ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਬਾਰੇ ਜਾਣੂ ਕਰਵਾਉਣ ਦੀ ਖ਼ਾਸ ਕਵਾਇਦ ਚਲਾਈ ਗਈ। ਇਸ ਮੁਹਿੰਮ ਦੀ ਅਗਵਾਈ ਜ਼ਿਲ੍ਹਾ ਸਵੀਪ ਨੋਡਲ ਅਫਸਰ ਕਾਲਜਾਂ ਮੁਹੰਮਦ ਇਰਫਾਨ ਅਤੇ ਸਹਾਇਕ ਨੋਡਲ ਅਫਸਰ ਮੁਹੰਮਦ ਬਸ਼ੀਰ ਨੇ ਕੀਤੀ।

ਉਨ੍ਹਾਂ ਵੱਲੋਂ ਸਰਕਾਰੀ ਕਾਲਜ ਮਾਲੇਰਕੋਟਲਾ, ਇਸਲਾਮੀਆਂ ਗਰਲਜ਼ ਕਾਲਜ, ਸਰਕਾਰੀ ਮਿਡਲ ਸਕੂਲ ਕਿਲ੍ਹਾ ਰਹਿਮਤਗੜ੍ਹ, ਸਰਕਾਰੀ ਹਾਈ ਸਕੂਲ ਜਮਾਲਪੁਰਾ ਅਤੇ ਇਸਲਾਮੀਆਂ ਲੜਕੀਆਂ/ਲੜਕੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਸੰਪਰਕ ਕੀਤਾ ਗਿਆ। ਮੌਕੇ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਚੋਣ ਕਮਿਸ਼ਨ ਦੇ ਅਧਿਕਾਰਤ ਪੇਜਾਂ ਨੂੰ ਫਾਲੋ ਕਰਵਾਉਣ ਦੇ ਨਾਲ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਵੋਟਿੰਗ ਪ੍ਰਕਿਰਿਆ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਦੌਰਾਨ ਮੁਹੰਮਦ ਇਰਫਾਨ ਨੇ ਦੱਸਿਆ ਕਿ ਮੁੱਖ ਚੋਣ ਅਫ਼ਸਰ, ਪੰਜਾਬ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟਸ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ ਅਤੇ ਐਕਸ (Twitter) @The CEOPunjab ਅਤੇ ਵਟਸਐਪ ਚੈਨਲ @The CEOPunjab 'ਤੇ ਵੋਟਰਾਂ ਲਈ ਚੋਣ ਪ੍ਰਕਿਰਿਆ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ, ਨਵੀਆਂ ਹਦਾਇਤਾਂ ਅਤੇ ਜਾਗਰੂਕਤਾ ਸੰਦੇਸ਼ ਨਿਯਮਿਤ ਤੌਰ 'ਤੇ ਸਾਂਝੇ ਕੀਤੇ ਜਾਂਦੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ

**➢ ਜ਼ਿਲ੍ਹੇ ਦੀਆਂ ਮੰਡੀਆਂ 'ਚ 3 ਲੱਖ 17,661 ਮੀਟ੍ਰਿਕ ਟਨ ਝੋਨੇ ਦੀ ਆਮਦ, 3 ਲੱਖ 5,735 ਮੀਟ੍ਰਿਕ ਟਨ ਫ਼ਸਲ ਦੀ ਖਰੀਦ ➢ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦਾ ਵੀ ਸੱਦਾ ਦਿੱਤਾ**



**ਪਟਿਆਲਾ, 18 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੱਖ-ਵੱਖ ਖਰੀਦ ਏਜੰਸੀਆਂ ਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਬੈਠਕ ਕਰਦਿਆਂ ਹਦਾਇਤ ਕੀਤੀ ਕਿ ਖਰੀਦੀ ਫ਼ਸਲ ਦੀ ਨਾਲੋ-ਨਾਲ ਅਦਾਇਗੀ ਤੇ ਲਿਫਟਿੰਗ ਕਰਵਾਈ ਜਾਵੇ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕੀ ਫ਼ਸਲ ਹੀ ਲਿਆਉਣ ਤਾਂ ਕਿ ਉਹਨਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦਾ ਵੀ ਸੱਦਾ ਦਿੱਤਾ ਹੈ।

ਡਿਪਟੀ ਕਮਿਸ਼ਨਰ ਨੇ ਸਮੂਹ ਕੰਬਾਇਨ ਚਾਲਕਾਂ ਨੂੰ ਹਦਾਇਤ ਕੀਤੀ ਕਿ ਝੋਨੇ ਦੀ ਕਟਾਈ ਸ਼ਾਮ 6 ਵਜੇ ਤੋਂ ਬਾਅਦ ਅਤੇ ਸਵੇਰੇ 10 ਵਜੇ ਤੋਂ ਪਹਿਲਾਂ ਨਹੀਂ ਹੋ ਸਕੇਗੀ ਅਤੇ ਕੰਬਾਇਨਾਂ ਉਤੇ ਸੁਪਰ ਐਸ.ਐਮ.ਐਸ ਲੱਗੇ ਹੋਣੇ ਚਾਹੀਦੇ ਹਨ ਪਰੰਤੂ ਜੇਕਰ ਕੋਈ ਕੰਬਾਇਨ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦੀ ਪਾਈ ਗਈ ਤਾਂ ਕੰਬਾਇਨ ਜ਼ਬਤ ਕਰ ਲਈ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਝੋਨੇ ਦੀ ਫ਼ਸਲ ਦੀ ਖਰੀਦ ਨਿਰਵਿਘਨ ਢੰਗ ਨਾਲ ਕਰਵਾਉਣ ਅਤੇ ਖਰੀਦੀ ਜਿਣਸ ਦੀ 48 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਅਤੇ ਲਿਫਟਿੰਗ ਯਕੀਨੀ ਬਣਾਉਣ। ਉਨ੍ਹਾਂ ਨੇ ਖਰੀਦ ਕੇਂਦਰਾਂ 'ਚ ਝੋਨੇ ਦੀ ਖਰੀਦ ਅਤੇ ਇਸਦੀ ਲਿਫਟਿੰਗ ਦੇ ਪ੍ਰਬੰਧਾਂ ਦਾ ਇਕੱਲੇ-ਇਕੱਲੇ ਕਰਕੇ ਜਾਇਜ਼ਾ ਲਿਆ ਅਤੇ ਖਰੀਦ ਏਜੰਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਨਾ ਵਰਤਣ ਦੇ ਆਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 108 ਖਰੀਦ ਕੇਂਦਰਾਂ ਵਿੱਚੋਂ ਹੁਣ ਤੱਕ 102 ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋਈ ਹੈ ਅਤੇ ਅੱਜ ਤੱਕ 3 ਲੱਖ 17,661 ਮੀਟ੍ਰਿਕ ਟਨ ਦੀ ਆਮਦ ਹੋਈ ਹੈ ਅਤੇ ਇਸ ਵਿੱਚੋਂ 3 ਲੱਖ 5,735 ਮੀਟ੍ਰਿਕ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ 12 ਲੱਖ 35 ਹਜ਼ਾਰ 773 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦਾ ਅਨੁਮਾਨ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 144259 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 65982 ਮੀਟ੍ਰਿਕ ਟਨ, ਪਨਸਪ ਵੱਲੋਂ 56287 ਮੀਟ੍ਰਿਕ ਟਨ, ਪੰਜਾਬ ਰਾਜ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 39207 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ। ਇਸ ਮੌਕੇ ਏ.ਡੀ.ਸੀ. ਨਵਰੀਤ ਕੌਰ ਸੇਖੋਂ, ਡੀ.ਐਫ.ਐਸ.ਸੀ ਡਾ. ਰਵਿੰਦਰ ਕੌਰ ਸਮੇਤ ਜ਼ਿਲ੍ਹਾ ਮੰਡੀ ਅਫ਼ਸਰ ਤੇ ਖਰੀਦ ਏਜੰਸੀਆਂ ਦੇ ਨੁਮਾਇੰਦੇ ਮੌਜੂਦ ਸਨ।

# ਨਗਰ ਪੰਚਾਇਤ ਘੱਗਾ ਵੱਲੋਂ ਪੀ.ਐੱਮ. ਸਵਨਿਧੀ ਯੋਜਨਾ ਤਹਿਤ ਲੋਕ ਕਲਿਆਣ ਮੇਲਾ ਆਯੋਜਿਤ



**ਘੱਗਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਪੰਚਾਇਤ ਘੱਗਾ ਵੱਲੋਂ ਪ੍ਰਧਾਨ ਮੰਤਰੀ ਸਵਨਿਧੀ ਯੋਜਨਾ ਦੇ ਅਧੀਨ ਲੋਕ ਕਲਿਆਣ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਮੇਲੇ ਵਿੱਚ ਸ਼ਹਿਰ ਦੇ ਰੇਹੜੀ-ਫੜ੍ਹੀ ਵਾਲਿਆਂ ਨੂੰ ਰੁਜ਼ਗਾਰ ਸਮਰਥਨ ਲਈ ਬੈਂਕਾਂ ਰਾਹੀਂ ਲੋਨ ਪ੍ਰਦਾਨ ਕੀਤੇ ਗਏ।

ਇਹ ਪ੍ਰੋਗਰਾਮ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਅਤੇ ਸੀ.ਐੱਮ.ਐੱਮ. ਵਿਜੇ ਕੋਹਲੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।

ਮੇਲੇ ਵਿੱਚ ਘੱਗਾ ਸ਼ਹਿਰ ਦੇ ਸਾਰੇ ਬੈਂਕਾਂ ਦੇ ਕਰਮਚਾਰੀਆਂ ਨੇ ਭਾਗ ਲਿਆ ਅਤੇ ਪੀ.ਐੱਮ. ਸਵਨਿਧੀ ਯੋਜਨਾ ਨਾਲ ਸੰਬੰਧਤ ਲਾਭਪਾਤਰੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਮੇਲੇ ਦੌਰਾਨ ਡਿਸਪੈਂਸਰੀ ਘੱਗਾ, ਬਲਾਕ ਵਿਕਾਸ ਅਤੇ ਪ੍ਰੋਜੈਕਟ ਅਫ਼ਸਰ ਦਫ਼ਤਰ, ਖੁਰਾਕ ਸਪਲਾਈ ਵਿਭਾਗ, ਜ਼ਿਲ੍ਹਾ ਕਿਰਤ ਅਤੇ ਉਸਾਰੀ ਵਿਭਾਗ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦਫ਼ਤਰ, ਜ਼ਿਲ੍ਹਾ ਮੈਨੇਜਰ ਸੀ.ਐਚ ਸੀ ਸੈਂਟਰ, ਸਾਰੇ ਬੈਂਕ ਮੈਨੇਜਰ ਅਤੇ ਅਫ਼ਸਰ ਸਹਿਬਾਨ ਵੱਲੋਂ ਸਰਗਰਮ ਵਿੱਚ ਹਿੱਸਾ ਲਿਆ ਗਿਆ।

ਲੋਕ ਕਲਿਆਣ ਮੇਲੇ ਵਿੱਚ ਪੀ.ਐੱਮ. ਸਵਨਿਧੀ ਯੋਜਨਾ ਦੇ ਤਹਿਤ ਲੋਨ ਲਈ ਅਰਜ਼ੀ ਕਰਨ ਵਾਲੇ ਲਾਭਪਾਤਰੀਆਂ ਨੂੰ ਵੱਖ-ਵੱਖ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਹੋਰ ਸਕੀਮਾਂ ਅਧੀਨ ਲਾਭ ਵੀ ਦਿਵਾਏ ਗਏ।

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸ਼ਹਿਰ ਦੇ ਛੋਟੇ ਵਪਾਰੀਆਂ, ਰੇਹੜੀ-ਫੜ੍ਹੀ ਵਾਲਿਆਂ ਅਤੇ ਆਮ ਜਨਤਾ ਤੱਕ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦੇ ਲਾਭ ਪਹੁੰਚਾਉਣਾ ਅਤੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣਾ ਸੀ।

# 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਅੰਡਰ 19 ਲੜਕੀਆਂ ਪਟਿਆਲਾ ਨੇ ਫਿਰੋਜ਼ਪੁਰ ਨੂੰ ਹਰਾਇਆ



**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਈਓ(ਸ) ਸੰਜੀਵ ਸ਼ਰਮਾ ਤੇ ਡਿਪਟੀ ਡੀਈਓ ਡਾ ਰਵਿੰਦਰਪਾਲ ਸਿੰਘ ਦੀ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਡੀਐਸਸੀ ਡਾ ਦਲਜੀਤ ਸਿੰਘ, ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 19 ਲੜਕੀਆਂ ਦੇ ਖੋਖੋ ਅੰਤਰ ਜ਼ਿਲ੍ਹਾ ਮੁਕਾਬਲੇ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਖੇਡ ਇੰਚਾਰਜ ਰਾਜੇਸ਼ ਮੋਦੀ ਪ੍ਰਿੰਸੀਪਲ ਮਾਡ੍ਹ,ਮੈਸ ਕਮੇਟੀ ਇੰਚਾਰਜ ਰਾਜ ਕੁਮਾਰ ਪ੍ਰਿੰਸੀਪਲ ਨੋਗਾਵਾਂ, ਟੂਰਨਾਮੈਂਟ ਰਜਿਸਟਰੇਸ਼ਨ ਕਮੇਟੀ ਇੰਚਾਰਜ ਜਗਤਾਰ ਸਿੰਘ ਟਿਵਾਣਾ ਡਿਊਟੀ ਨਿਭਾ ਰਹੇ ਹਨ। ਅੱਜ ਦੇ ਹੋਏ ਮੁਕਾਬਲਿਆਂ ਵਿੱਚ ਮਾਨਸਾ ਨੇ ਗੁਰਦਾਸਪੁਰ,ਬਠਿੰਡਾ ਨੇ ਬਰਨਾਲਾ, ਸ੍ਰੀ ਮੁਕਤਸਰ ਸਾਹਿਬ ਨੇ ਤਰਨਤਾਰਨ, ਸੰਗਰੂਰ ਨੇ ਫਾਜ਼ਿਲਕਾ, ਫਰੀਦਕੋਟ ਨੇ ਫਤਿਹਗੜ੍ਹ ਸਾਹਿਬ ਨੇ ਰੂਪਨਗਰ ਨੇ ਕਪੂਰਥਲਾ, ਹੁਸ਼ਿਆਰਪੁਰ ਨੇ ਜਲੰਧਰ, ਪਟਿਆਲਾ ਨੇ ਫਿਰੋਜ਼ਪੁਰ ਨੂੰ ਹਰਾਇਆ। ਇਸ ਮੌਕੇ ਤੇ ਜੋਨਲ ਸਕੱਤਰ ਅਮਨਿੰਦਰ ਸਿੰਘ ਬਾਬਾ ਪਟਿ 1. ਬਲਵਿੰਦਰ ਸਿੰਘ ਜੱਸਲ ਪਟ 2. ਸ਼ਸ਼ੀ ਮਾਨ ਪਟ 3. ਜਸਵਿੰਦਰ ਸਿੰਘ ਚੱਪੜ ਸਟੇਟ ਅਵਾਰਡੀ ਘਨੌਰ, ਦਵਿੰਦਰ ਸਿੰਘ ਪਾਤੜਾਂ, ਰਜਿੰਦਰ ਸੈਣੀ ਰਾਜਪੁਰਾ, ਗੁਰਪ੍ਰੀਤ ਸਿੰਘ ਟਿਵਾਣਾ ਭਾਦਸੋਂ, ਬਲਜੀਤ ਸਿੰਘ ਧਾਰੋਂਕੀ ਨਾਭਾ, ਤਰਸੇਮ ਸਿੰਘ ਭੁੰਨਰਹੇੜੀ, ਭਰਪੂਰ ਸਿੰਘ ਸਮਾਣਾ, ਵਿਨੋਦ ਕੁਮਾਰ, ਸਰਬਜੀਤ ਸਿੰਘ ਡਕਾਲਾ, ਬਲਕਾਰ ਸਿੰਘ, ਜਪਾਲ ਸਿੰਘ, ਸੁਖਵੰਤ ਸਿੰਘ, ਸੁਖਦੀਪ ਸਿੰਘ ਕੋਚ, ਹਰਦੀਪ ਕੌਰ, ਕਿਰਨਜੀਤ ਕੌਰ, ਕਰਮਜੀਤ ਕੌਰ, ਸੁਰਿੰਦਰ ਪਾਲ ਕੌਰ, ਅਮਨਦੀਪ ਕੌਰ,ਤ ਨਵੀਰ ਸਿੰਘ, ਮੱਖਣ ਸਿੰਘ, ਕਮਲਦੀਪ ਸਿੰਘ ਕੋਚ, ਰਜਿੰਦਰ ਸਿੰਘ, ਰਾਮ ਕੁਮਾਰ, ਗੌਰਵ ਵਿਰਦੀ, ਗੁਰਪ੍ਰੀਤ ਸਿੰਘ ਝੰਡਾ, ਜਰਨੈਲ ਸਿੰਘ, ਗੁਰਪਿਆਰ ਸਿੰਘ, ਕੁਲਵੰਤ ਸਿੰਘ, ਦੀਦਾਰ ਸਿੰਘ, ਕੇਸ਼ ਲਚਕਾਣੀ, ਸ਼ਿਵ ਪੰਡੀਰ,ਪ੍ਰੇਮ ਸਿੰਘ, ਕਰਨ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਛੁੱਟੀ ਤੋਂ ਬਾਅਦ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਪੈ ਰਿਹੈ ਸਕੂਲੀ ਬੱਚਿਆਂ ਨੂੰ

**ਪਾਤੜਾਂ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਸ਼ਹਿਰ ਵਿੱਚ ਸਕੂਲੀ ਬੱਚਿਆਂ ਨੂੰ ਛੁੱਟੀ ਤੋਂ ਬਾਅਦ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ !ਅਕਤੂਬਰ 13 ਸੱਤ ਪਲ ਬਾਂਸਲ!

ਸ਼ਹਿਰ ਪਾਤਣਾ ਦੇ ਪੁਰਾਣੇ ਭਗਤ ਸਿੰਘ ਚੌਂਕ ਵਿੱਚ ਕਾਮਰੇਡ ਹਰਪਾਲ ਸਿੰਘ ਦੇ ਗੇਟ ਕੋਲ ਛੁੱਟੀ ਤੋਂ ਬਾਅਦ ਸਕੂਲੀ ਬੱਚਿਆਂ ਨੂੰ ਘਰ ਜਾਣਾ ਬਹੁਤ ਮੁਸ਼ਕਿਲ ਹੋ ਗਿਆ ਹੈ ਬੁਲਟ ਮੋਟਰਸਾਈਕਲਾਂ ਤੇ ਚਾਰ ਚਾਰ ਮੁੰਡੇ ਪਟਾਕੇ ਮਾਰਦੇ ਫਿਰਦੇ ਹਨ ਸਕੂਲ ਵਿੱਚ ਛੁੱਟੀ ਹੋਣ ਤੋਂ ਪਹਿਲਾਂ ਹੀ ਮੁੰਡੇ ਸਕੂਲ ਦੇ ਗੇਟ ਦੀ ਗਲੀ ਵਿੱਚ ਖੜੇ ਰਹਿੰਦੇ ਹਨ ਪ੍ਰਸ਼ਾਸਨ ਦਾ ਕੋਈ ਵੀ ਬੰਦਾ ਹਾਜ਼ਰ ਨਹੀਂ ਹੁੰਦਾ।

# ਸੀ.ਐਮ.ਆਟੋ ਤੇ ਗੱਡੀ ਦੀ ਡੁਪਲੀਕੇਟ ਚਾਬੀ ਨਾ ਬਣਾਉਣ ਤੇ ਤੰਗ ਪ੍ਰੇਸ਼ਾਨ ਤੇ ਸ਼ਿਕਾਇਤ ਕਰਤਾ ਨੇ ਲਗਾਏ ਇਲਜਾਮ

**ਖਰੜ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਹਿਸੀਲ ਖਰੜ ਦੇ ਪਿੰਡ ਚਹੜਮਾਜਰਾ ਦੇ ਵਸਨੀਕ ਜਤਿੰਦਰ ਕੁਮਾਰ ਨੇ ਸੀ.ਐਮ.ਆਟੋ ਖਰੜ ਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਉਨ੍ਹਾਂ ਦੇ ਕੰਪਨੀ ਦੇ ਉਚ ਅਧਿਕਾਰੀਆਂ ਨੂੰ ਭੇਜੀ ਸ਼ਿਕਾਇਤ ਵਿਚ ਲਿਖਿਆ ਕਿ ਉਨ੍ਹਾਂ ਇੱਕ ਆਰਟੀਕਾ ਕਾਰ ਖਰੀਦੀ ਜਿਸਦੀ ਚਾਬੀ ਕਿਤੇ ਗੁੰਮ ਹੋ ਗਈ। ਉਸ ਵਲੋਂ ਸੀ.ਐਮ.ਆਟੋ ਖਰੜ ਨੂੰ ਡੁਪਲੀਕੇਟ ਚਾਬੀ ਅਤੇ ਗੱਡੀ ਦਾ ਨੰਬਰ: ਪੀਬੀ65ਬੀਈ0091 ਹੈ। ਜਿਸਦਾ ਕੰਪਨੀ ਵਲੋਂ ਬੀਮਾ ਕੀਤਾ ਹੋਇਆ ਸੀਅਤੇ ਪਾਲਿਸੀ 13-10-25 ਤੱਕ ਵੈਲਿਡ ਸੀ। ਸ਼ਿਕਾਇਤ ਕਰਤਦਾ ਨੇ ਦਸਿਆ ਕਿ ਉਸ ਨੇ ਸੀ.ਐਮ.ਆਟੋ ਖਰੜ ਨਾਲ ਸੰਪਰਕ ਕਰਕੇ ਚਾਬੀ ਬਣਾਉਣ ਲਈ ਬੇਨਤੀ ਕੀਤੀ ਅਤੇ ਉਨ੍ਹਾਂ ਵਲੋਂ ਸੀ.ਐਮ.ਆਟੋ ਮੁਹਾਲੀ ਵਿਖੇ ਸੰਪਰਕ ਕਰਨ ਲਈ ਕਿਹਾ ਗਿਆ।

ਉਹ ਪਿਛਲੇ ਮਹੀਨੇ ਆਪਣੀ ਲੈ ਕੇ ਸੀ.ਐਮ.ਆਟੋ ਮੁਹਾਲੀ ਵਿਖੇ ਗਿਆ ਜਿਸ ਦੇ ਹਰਪ੍ਰੀਤ ਸਿੰਘ ਜੋ ਕੰਪਨੀ ਦਾ ਕਰਮਚਾਰੀ ਸੀ ਨੇ ਦਸਤਾਂਵੇਜ਼ਾਂ ਦੀ ਮੰਗ ਕੀਤੀ ਅਤੇ ਦਸਤਾਂਵੇਜ਼ ਦੇਣ ਤੋਂ ਬਾਅਦ ਉਸੇ ਦਿਨ ਗੱਡੀ ਉਸਨੂੰ ਸੌਂਪ ਦਿੱਤੀ ਗਈ ਅਤੇ ਇੱਕ ਹਫਤੇ ਤੋਂ ਬਾਅਦ ਉਨ੍ਹਾਂ ਵਲੋਂ ਗੱਡੀ ਅਤੇ ਚਾਬੀ ਲੈ ਕੇ ਜਾਣ ਲਈ ਆਖਿਆ ਸੀ। ਉਹ ਕੰਪਨੀ ਦੇ ਮੈਨੇਜ਼ਰ ਹਰਪ੍ਰੀਤ ਸਿੰਘਿ ਦੇ ਕਹਿਣ ਅਨੁਸਾਰ ਸੀ. ਐਮ.ਆਟੋ ਮੁਹਾਲੀ ਗਿਆ ਅਤੇ ਗੱਡੀ ਦੀ ਡੁਪਲੀਕੇਟ ਚਾਬੀ ਵੀ ਦਿੱਤੀ। ਉਨ੍ਹਾਂ ਸਿਕਾਇਤ ਵਿਚ ਲਿਖਿਆ ਕਿ ਜੋ ਕੰਪਨੀ ਵਲੋਂ ਉਸਨੂੰ ਡੁਪਲੀਕੇਟ ਚਾਬੀ ਕੀਤੀ ਗਈ ਸੀ ਉਹ ਕੰਮ ਨਹੀ ਕਰ ਰਹੀ ਸੀ। ਜਦੋ ਉਨ੍ਹਾਂ ਮੁੜ ਹਰਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਚਾਬੀ ਦਾ ਰਿਮੋਟ ਕੰਟਰੋਲਟ ਕੰਮ ਨਹੀ ਕਰ ਰਿਹਾ ਹੈ ਜਿਸ ਕਾਰਨ ਕੰਪਨੀ ਵਲੋਂ ਉਸਦਾ ਵਿੱਤੀ ਨੁਕਸਾਨ ਕੀਤਾ ਗਿਆ ਅਤੇ ਕਈ ਵਾਰ ਉਸਦੇ ਕੰਪਨੀ ਵਿਚ ਚੱਕਰ ਲਗਾਏ ਗਏ। ਉਨ੍ਹਾਂ ਕੰਪਨੀ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਹਰਪ੍ਰੀਤ ਸਿੰਘ ਦੇ ਵਿਰੁੱਧ ਉਸਨੂੰ ਤੰਗ ਪ੍ਰੇਸਾਨ ਕਰਨ ਅਤੇ ਗਲਤ ਗਾਇਡ ਕਰਨ ਤੇ ਕਾਰਵਾਈ ਕੀਤੀ ਜਾਵੇ ਅਤੇ ਉਸਨੂੰ ਰਿਮੋਟ ਕੰਟਰੋਲ ਸਮੇਤ ਕੰਮ ਕਰਨ ਵਾਲੀ ਚਾਬੀ ਦਿੱਤੀ ਜਾਵੇ। ਇਸ ਸਬੰਧ ਵਿਚ ਜਦੋ ਸੀ.ਐਮ.ਆਟੋ ਦੇ ਮੈਨੇਜਰ ਹਰਪ੍ਰੀਤ ਸਿੰਘ ਨਾਲ ਪੱਖ ਜਾਣਨ ਲਈ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਕਿਹਾ ਕਿ ਉਹ ਬਾਅਦ ਵਿਚ ਗੱਲ ਕਰਨਗੇ।

# ਵਿਧਾਇਕ ਨੇ ਬਹਿਰ ਸਾਹਿਬ ਤੋਂ ਅਰਨੋਂ ਸੜਕ ਦੀ ਮੁਰੰਮਤ ਦਾ ਨੀਂਹ ਪੱਥਰ ਰੱਖਿਆ



**ਘੱਗਾ,18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਵੱਲੋਂ ਸੜਕਾਂ ਦੀ ਮੁਰੰਮਤ ਦੀ ਸ਼ੁਰੂਆਤ ਕਰਦਿਆਂ ਇਤਿਹਾਸਿਕ ਪਿੰਡ ਬਹਿਰ ਸਾਹਿਬ ਤੋਂ ਅਰਨੋਂ ਜਾਣ ਵਾਲੀ ਸੜਕ ਦੀ ਮੁਰੰਮਤ ਦਾ ਨੀਂਹ ਪੱਥਰ ਰੱਖਣ ਮੌਕੇ ਪੀਡਬਲਿਊਡੀ ਦੇ ਅਧਿਕਾਰੀਆਂ ਨੂੰ ਹਲਕੇ ਦੀਆਂ ਸੜਕਾਂ ਦੀ ਮੁਰੰਮਤ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ। ?

ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਦੱਸਿਆ ਕਿ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਚਰਨ ਛੋਹ ਪ੍ਰਾਪਤ ਹਲਕਾ ਸ਼ੁਤਰਾਣਾ ਦੇ ਪਿੰਡ ਬਹਿਰ ਸਾਹਿਬ ਤੋਂ ਹਲਕੇ ਵਿਚਲੀਆਂ ਲਿੰਕ ਸੜਕਾਂ ਦੀ ਮੁਰੰਮਤ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਹਲਕਾ ਹਲਕਾ ਸ਼ੁਤਰਾਣਾ ਦੇ ਪਿੰਡਾਂ ਨੂੰ ਆਪਸ ਵਿੱਚ ਜੋੜਨ ਵਾਲੀਆਂ 91 ਕਿਲੋਮੀਟਰ ਲੰਬੀਆਂ 42 ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਪਿੰਡਾਂ ਦੇ ਵਿਕਾਸ ਲਈ ਵਿਸ਼ੇਸ਼ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ ਜਿਸ ਦੇ ਤਹਿਤ ਪਿੰਡ ਬਹਿਰ ਸਾਹਿਬ ਨੂੰ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਗਈ ਹੈ ਉਹਨਾਂ ਦੱਸਿਆ ਕਿ ਇਸ ਗਰਾਂਟ ਨਾਲ ਪਿੰਡ ਦੀ ਪੰਚਾਇਤ ਅਤੇ ਕਮੇਟੀ ਪਿੰਡਾਂ ਦੇ ਸਰਬਪੱਖੀ ਵਿਕਾਸ ਦੇ ਨਾਲ ਨਾਲ ਕਮਿਊਨਿਟੀ ਹਾਲ ਜਾਂ ਯਾਦਗਾਰੀ ਸਮਾਰਕ ਦੀ ਉਸਾਰੀ ਵਰਗੇ ਕੰਮ ਕਰ ਸਕੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸਡੀਓ ਪੀਡਬਲਿਯੂਡੀ , ਜੇਈ ਅਵਤਾਰ ਸਿੰਘ ਜੇਈ ਰਵੀ ਗੋਂਦਾਰਾ, ਸਰਪੰਚ ਸੁਖਵਿੰਦਰ ਸਿੰਘ ਬਹਿਰ, ਸਰਪੰਚ ਸਤਨਾਮ ਸਿੰਘ ਅਰਨੋਂ ਖੁਰਦ, ਸਰਪੰਚ ਵਰਿੰਦਰ ਸਿੰਘ ਅਰਨੋਂ, ਸਰਪੰਚ ਜਗਸੀਰ ਧਾਲੀਵਾਲ ਰਸੌਲੀ, ਮੇਜਰ ਸਿੰਘ ਰਾਮਦੀਆ ਰਾਮ ਫਲ ਸਿੰਘ ਆਦਿ ਹਾਜਰ ਸਨ।

# ਸੀ ਟੀ ਯੂਨੀਵਰਸਿਟੀ 'ਚ ਧੂਮਧਾਮ ਨਾਲ ਮਨਾਈ ਗਈ 'ਧਨਕ 2025' ਏਕਤਾ, ਖ਼ੁਸ਼ੀ ਤੇ ਰਚਨਾਤਮਕਤਾ ਦਾ ਵਿਸ਼ਾਲ ਦੀਵਾਲੀ ਕਾਰਨੀਵਲ



**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਵਿੱਚ 'ਧਨਕ 2025 - ਦਿ ਗ੍ਰੈਂਡ ਦੀਵਾਲੀ ਕਾਰਨੀਵਲ' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ 2500 ਤੋਂ ਵੱਧ ਵਿਦਿਆਰਥੀਆਂ ਨੇ ਜੋਸ਼ ਨਾਲ ਭਾਗ ਲਿਆ।

ਇਸ ਵਾਰ ਦੀ ਥੀਮ 'ਚਾਨਣਾਂ ਤੋਂ ਪਰੇ ਇੱਕ ਤਿਉਹਾਰ' ਨੇ ਪੂਰੇ ਕੈਂਪਸ ਨੂੰ ਖੁਸ਼ੀ, ਏਕਤਾ ਤੇ ਉਤਸ਼ਾਹ ਨਾਲ ਭਰ ਦਿੱਤਾ। ਰੰਗੀਲੇ ਡਾਂਸ, ਸੁਰੀਲੇ ਗੀਤ, ਸਵਾਦੀ ਭੋਜਨ ਸਟਾਲ, ਖੇਡਾਂ ਅਤੇ ਦੀਵਿਆਂ ਦੀ ਰੌਸ਼ਨੀ ਨਾਲ ਪੂਰਾ ਕੈਂਪਸ ਚਮਕ ਉਠਿਆ।

ਸਮਾਰੋਹ ਵਿੱਚ ਮਾਨਯੋਗ ਚਾਂਸਲਰ ਸ. ਚਰਨਜੀਤ ਸਿੰਘ ਚੰਨੀ, ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ, ਰਜਿਸਟਰਾਰ ਸੰਜੇ ਖੰਡੂਰੀ ਅਤੇ ਡਾਇਰੈਕਟਰ ਡੀਐਸਡਬਲਯੂ ਐਰ. ਦਵਿੰਦਰ ਸਿੰਘ ਨੇ ਖਾਸ ਹਾਜ਼ਰੀ ਭਰੀ।

ਚਾਂਸਲਰ ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ, ਧਨਕ ਵਿਦਿਆਰਥੀਆਂ ਦੀ ਏਕਤਾ ਅਤੇ ਰਚਨਾਤਮਕਤਾ ਦੀ ਨਿਸ਼ਾਨੀ ਹੈ, ਜੋ ਸੀ ਟੀ ਯੂਨੀਵਰਸਿਟੀ ਦੇ ਸੱਭਿਆਚਾਰਕ ਮੁੱਲਾਂ ਨੂੰ ਦਰਸਾਉਂਦੀ ਹੈ।

ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਕਿਹਾ, ਧਨਕ ਵਰਗੇ ਸਮਾਰੋਹ ਸੀ ਟੀ ਯੂ ਦੀ ਸਕਾਰਾਤਮਕ ਤੇ ਉਤਸਾਹਪੂਰਨ ਆਤਮਾ ਨੂੰ ਪ੍ਰਗਟਾਉਂਦੇ ਹਨ। ਜਦੋਂ ਮਨਾਉਣਾ ਹੀ ਹੈ, ਤਾਂ ਸਿਰਫ ਦੀਵਾਲੀ ਕਿਉਂ — ਮਨਾਓ ਧਨਕ! ਇਸ ਨਾਅਰੇ ਨਾਲ ਧਨਕ 2025 ਨੇ ਖੁਸ਼ੀਆਂ, ਏਕਤਾ ਅਤੇ ਉਮੀਦ ਦਾ ਸੁਨੇਹਾ ਸਾਰੇ ਕੈਂਪਸ ਵਿੱਚ ਫੈਲਾ ਦਿੱਤਾ।

# ਕੁਲਾਰ ਨੂੰ ਪੰਜਾਬ ਬਿਜ਼ਨਸ ਅਵਾਰਡ 2025 ਵਿੱਚ ਕੀਤਾ ਗਿਆ ਸਨਮਾਨਿਤ




**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਦੱਖਣੀ ਵਿੱਚ ਰਾਹੁਲ ਗਾਂਧੀ ਦਾ ਸੁਨੇਹਾ ਲੈ ਕੇ ਪੁੱਜੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ (ਏ.ਆਈ.ਸੀ.ਸੀ) (ਓ.ਬੀ. ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ÷ਵੋਟ ਚੋਰ ਗੱਦੀ ਛੋੜ÷ ਸਬੰਧੀ ਸੁਚੇਤ ਕਰਦੇ ਹੋਏ ਘਰ ਘਰ ਜਾ ਕੇ ਫਾਰਮ ਭਰੇ ਜੋ ਕਿ ਭਾਰਤੀ ਲੋਕਤੰਤਰ ਦੀ ਰਾਖੀ ਕਰਨਾ ਹੈ ਕਿਉਂਕਿ ਵੋਟ ਦਾ ਅਧਿਕਾਰ ਮਹਾਨ ਦੇਸ਼ ਭਗਤਾਂ ਨੇ ਫਾਂਸੀ ਦੇ ਰੱਸੇ ਚੁੰਮ ਕੇ, ਜੇਲਾਂ ਕੱਟ ਕੇ, ਸ਼ਹੀਦ-ਏ-ਆਜ਼ਮ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਚੰਦਰਸ਼ੇਖਰ ਆਜ਼ਾਦ, ਰਾਜਗੁਰੂ, ਸੁਖਦੇਵ ਨੇ ਸਾਨੂੰ ਲੈ ਕੇ ਦਿੱਤਾ ਜਿਸ ਨੂੰ ਭਾਜਪਾ ਦੀ ਸਰਕਾਰ ਚੋਣ ਕਮਿਸ਼ਨ ਦੇ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਆਮ ਲੋਕਾਂ ਤੋਂ ਖੋਹ ਰਹੀ ਹੈ। ਇਹ ਸਾਡੇ ਮੁੱਢਲੇ ਅਧਿਕਾਰਾਂ 'ਤੇ ਸਿੱਧਾ ਸਿੱਧਾ ਡਾਕਾ ਹੈ।

ਬਾਵਾ ਨੇ ਕਿਹਾ ਕਿ ਪਿਛਲੇ ਦਿਨੀ ਪੂਰਨ ਕੁਮਾਰ (ਆਈ.ਪੀ.ਐੱਸ) ਸੀਨੀਅਰ ਪੁਲਸ ਅਧਿਕਾਰੀ ਹਰਿਆਣਾ ਵੱਲੋਂ ਜਾਤੀ ਵਿਤਕਰੇ ਕਾਰਨ ਆਤਮ ਹੱਤਿਆ ਕਰਨਾ, ਇਹ ਡਾ. ਭੀਮ ਰਾਓ ਅੰਬੇਡਕਰ ਵੱਲੋਂ ਰਚੇ ਸੰਵਿਧਾਨ ਨੂੰ ਕਲੰਕਿਤ ਕਰਨਾ ਹੈ। ਉਹਨਾਂ ਮੰਗ ਕੀਤੀ ਕਿ ਪੀੜਿਤ ਪਰਿਵਾਰ ਨੂੰ ਭਾਰਤ ਅਤੇ ਹਰਿਆਣਾ ਦੀ ਸਰਕਾਰ ਇਨਸਾਫ ਦਿਵਾਵੇ।

ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਹਰ ਵਰਗ ਦੇ ਲੋਕਾਂ ਨਾਲ ਬੇਗਾਨਿਆਂ ਨਾਲੋਂ ਵੀ ਭੈੜਾ ਸਲੂਕ ਕਰ ਰਹੀ ਹੈ ਜਿਸ ਨੂੰ ਤਰਨਤਾਰਨ ਦੀ ਚੋਣ ਵਿੱਚ ਹਰਾਉਣ ਦੀ ਲੋੜ ਹੈ। ਇਸ ਸਮੇਂ ਬਲਾਕ ਕਾਂਗਰਸ ਪ੍ਰਧਾਨ ਹਰੀਸ਼ ਕੁਮਾਰ ਗੋਨਾ, ਸੁਖਵਿੰਦਰ ਸਿੰਘ ਜਗਦੇਵ, ਗੁਰਮੀਤ ਸਿੰਘ ਮੁਹੱਲਾ ਪ੍ਰਧਾਨ, ਸੁਖਵਿੰਦਰ ਸ਼ਰਮਾ, ਰਤਨੇਸ਼, ਸਤਵਿੰਦਰ ਸੋਨੀ, ਠਾਕੁਰ ਭੁਪਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜੰਗਲਾਤ ਵਿਭਾਗ ਦੇ ਦਿਹਾੜੀ ਕਾਮਿਆਂ ਨੂੰ ਨਖਾਹਾਂ ਦੇਣ ਵਿੱਚ ਪੰਜਾਬ ਸਰਕਾਰ ਫੇਲ੍ਹ : ਲੂੰਬਾ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਜਿ: ਦੇ ਸੂਬਾ ਜਨਰਲ ਸਕਤਰ ਸ੍ਰੀ ਵੀਰਪਾਲ ਸਿੰਘ ਲੂੰਬਾ ਨੇ ਇੱਕ ਪ੍ਰੈਸ ਨੋਟ ਜਾਰੀ ਕਰਕੇ ਦੱਸਿਆ ਜੰਗਲਾਤ ਵਿਭਾਗ ਦੇ ਦਿਹਾੜੀ ਕਾਮਿਆਂ ਨੂੰ ਲੰਮੇ ਸਮੇਂ ਤੋਂ ਪੱਕੇ ਤੇ ਕੱਚੇ ਕਾਮਿਆਂ ਨੂੰ ਤਨਖਾਹਾਂ ਦੇਣ ਵਿੱਚ ਪੰਜਾਬ ਸਰਕਾਰ ਫੇਲ ਹੋ ਚੁੱਕੀ ਹੈ। ਪੰਜਾਬ ਗੌਰਮਿੰਟ ਨੇ ਜ਼ੋ ਆਪਣੀ ਪੌਲਿਸੀ ਬਣਾ ਕੇ ਲਗਭਗ 800 ਕਿਰਤੀ ਕਾਮਿਆਂ ਨੂੰ ਪੱਕਾ ਕੀਤਾ ਸੀ, ਉਹ ਕਾਮਿਆਂ ਨੂੰ ਵੀ ਨਿਗੁਣੀ ਤਨਖਾਹ ਜ਼ੋ ਨਿਰਧਾਰਤ ਕੀਤੀ ਸੀ 15000/— ਰੁਪਏ ਉਹ ਵੀ ਨਹੀਂ ਦਿੱਤੀ ਗਈ। ਜ਼ੋ ਪੁਰਾਣੇ ਵਰਕਰ ਹਨ, ਵਿਭਾਗੀ ਕੰਮ ਕਰ ਰਹੇ ਸਨ ਉਨ੍ਹਾਂ ਕੱਚੇ ਕਿਰਤੀ ਮਿਹਨਤ ਕਸ਼ ਕਾਮਿਆਂ ਨੂੰ ਵੀ ਤਨਖਾਹ ਨਹੀਂ ਦੇ ਸਕੀ। ਜਿਸ ਕਰਕੇ ਪੰਜਾਬ ਦੇ ਸਾਰੇ ਡੇਲੀਵੇਜਿਜ਼ ਕਾਮਿਆਂ ਵਿੱਚ ਬਹੁਤ ਜਿਆਦਾ ਰੋਸ ਪਾਇਆ ਜਾ ਰਿਹਾ ਹੈ। ਬਹੁਤੇ ਕਾਮਿਆਂ ਨਾਲ ਤਾਂ ਵਿਭਾਗੀ ਮੈਨੇਜਮੈਂਟ ਵਲੋਂ ਜਾਤੀ ਤੌਰ ਤੇ ਵਿਤਕਰੇ ਕਰਕੇ ਵੀ ਬਣਦੀ ਅਦਾਇਗੀ ਨਹੀਂ ਦਿੱਤੀ ਜਾਦੀ। ਜਦੋਂ ਕਿ ਪੰਜਾਬ ਦੇ ਸਮੁੱਚੇ ਕਿਰਤੀ ਕਾਮਿਆਂ ਨੂੰ ਸੜਕਾਂ ਤੇ ਆ ਕੇ ਇਜਲਾਸ ਕਰਕੇ ਮੁਜਾਹਰੇ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਾਥੀ ਆਗੂ ਹਰਪ੍ਰੀਤ ਸਿੰਘ ਲੋਚਮਾ, ਮੇਜਰ ਸਿੰਘ, ਲਾਜੋ, ਕੁਲਵੰਤ ਸਿੰਘ, ਗੁਰਪ੍ਰੀਤ ਨੇ ਜਾਣਕਾਰੀ ਦਿੱਤੀ ਕਿਅ ਾਪ ਦੀ ਸਰਕਾਰ ਵਿੱਚ ਮਜਦੂਰਾਂ ਦਾ ਘਾਣ ਹੋ ਰਿਹਾ ਹੈ।

ਹਰ ਸਾਲ ਦੀ ਤਰ੍ਹਾਂ ਦਿਵਾਲੀ ਕਾਲੀ ਮਨਾਉਣ ਲਈ ਅਤੇ ਸੰਘਰਸ਼ ਦੇ ਰਾਹ ਤੋਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮੰਗ ਕੀਤੀ ਹੈ ਕਿ ਸਾਰੇ ਕਾਮਿਆਂ ਨੂੰ ਦਿਵਾਲੀ ਤੋਂ ਪਹਿਲਾਂ ਲੰਮੇ ਸਮੇਂ ਰੋਕੀਆਂ ਤਨਖਾਹਾਂ ਤੁਰੰਤ ਜਾਰੀ ਕਰੇ। ਜਾਤੀ ਵਿਤਕਰੇ ਦੀ ਭਾਵਨਾਵਾਂ ਨਾਲ ਠੇਸ ਪਹੁੰਚਾਉਣ ਵਾਲੇ ਦੋਸ਼ੀ ਮੁਲਾਜਮਾਂ ਵਿਰੁੱਧ ਵੀ ਤੁਰੰਤ ਐਕਸ਼ਨ ਲਿਆ ਜਾਵੇ। ਇਸ ਬਾਰੇ ਸਰਕਾਰ ਨੂੰ ਗੰਭੀਰ ਹੋ ਕੇ ਨਿਪਟਾਰਾ ਕਰਨਾ ਚਾਹੀਦਾ ਹੈ।

# ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਨੂੰ ਨਿਆਂ ਦਿਵਾਉਣ 'ਚ ਕੋਈ ਢਿੱਲ ਨਾ ਵਰਤੀ ਜਾਵੇ: ਦਮਨਜੀਤ ਸਿੰਘ ਮਾਨ




**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਏ.ਡੀ.ਸੀ. ਦਿਹਾਤੀ ਵਿਕਾਸ ਦਮਨਜੀਤ ਸਿੰਘ ਮਾਨ ਨੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਅੱਤਿਆਚਾਰ ਨਿਵਾਰਨ ਐਕਟ 1989 ਸੋਧ ਐਕਟ 2015 ਅਧੀਨ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹੇ ਅੰਦਰ ਅਦਾਲਤਾਂ 'ਚ ਚੱਲਦੇ ਕੇਸਾਂ ਤੇ ਉਨ੍ਹਾਂ ਦੇ ਫ਼ੈਸਲਿਆਂ ਤਹਿਤ ਪੀੜਤਾਂ ਨੂੰ ਮੁਆਵਜ਼ਾ ਦੇਣ ਦੇ ਕੇਸਾਂ ਦਾ ਜਾਇਜ਼ਾ ਲਿਆ।

ਏ.ਡੀ.ਸੀ. ਦਮਨਜੀਤ ਸਿੰਘ ਮਾਨ ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ 2016 ਤੋਂ ਲੈ ਕੇ ਹੁਣ ਤੱਕ 45 ਕੇਸ ਪਾਏ ਗਏ ਹਨ, ਇਨ੍ਹਾਂ ਵਿੱਚ 27 ਮਾਮਲਿਆਂ ਵਿੱਚ ਪੀੜਤਾਂ ਨੂੰ ਬਣਦਾ ਮੁਆਵਜਾ ਦਿਵਾਉਣ ਦੀ ਕਾਰਵਾਈ ਕੀਤੀ ਗਈ ਹੈ ਅਤੇ ਬਾਕੀ 18 ਕੇਸਾਂ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਪੁਲਿਸ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਨੁਸੂਚਿਤ ਜਾਤੀਆਂ ਵਿਰੁੱਧ ਵਧੀਕੀ ਦਾ ਕੋਈ ਕੇਸ ਸਾਹਮਣੇ ਆਉਣ 'ਤੇ ਪੀੜਤਾਂ ਨੂੰ ਨਿਆਂ ਦਿਵਾਉਣ ਵਿੱਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ।

ਬੈਠਕ ਦੀ ਕਾਰਵਾਈ ਚਲਾਉਂਦਿਆਂ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਪਟਿਆਲਾ ਕੁਲਵਿੰਦਰ ਕੌਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੀੜਤਾਂ ਨੂੰ ਨਿਆਂ ਦਿਵਾਉਣ ਅਤੇ ਅਦਾਲਤ ਵੱਲੋਂ ਦਿੱਤੇ ਫੈਸਲੇ ਤਹਿਤ ਮੁਆਵਜਾ ਦਿਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਬੈਠਕ ਦੌਰਾਨ ਡਿਪਟੀ ਜ਼ਿਲ੍ਹਾ ਅਟਾਰਨੀ ਵਿਕਾਸ ਗਰਗ ਨੇ ਵੱਖ-ਵੱਖ ਅਦਾਲਤਾਂ 'ਚ ਚੱਲਦੇ ਕੇਸਾਂ ਦੀ ਪੈਰਵਾਈ ਬਾਬਤ ਜਾਣਕਾਰੀ ਦਿੱਤੀ ਜਦੋਂ ਕਿ ਐਸ.ਪੀ. ਪੀ.ਬੀ.ਆਈ. ਸਵਰਨਜੀਤ ਕੌਰ ਨੇ ਪੁਲਿਸ ਵੱਲੋਂ ਐਸ.ਸੀ. ਤੇ ਐਸ.ਟੀ ਵਿਰੁੱਧ ਅੱਤਿਆਚਾਰਾਂ ਸਬੰਧੀ ਦਰਜ ਪੁਲਿਸ ਕੇਸਾਂ ਵਿੱਚ ਪੁਲਿਸ ਵੱਲੋਂ ਕੀਤੀ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਿਹੇ ਮਾਮਲਿਆਂ ਵਿੱਚ ਪੀੜਤਾਂ ਨੂੰ ਤੁਰੰਤ ਨਿਆਂ ਦਿਵਾਉਣ ਲਈ ਪੁਲਿਸ ਵਚਨਬੱਧ ਹੈ।

ਇਸ ਮੌਕੇ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਦੇ ਸਰਕਾਰੀ ਤੇ ਗੈਰ ਸਰਕਾਰੀ ਮੈਂਬਰਾਂ ਵਿੱਚ ਕੈਬਨਿਟ ਮੰਤਰੀ, ਲੋਕ ਸਭਾ ਮੈਂਬਰ ਤੇ ਵਿਧਾਇਕਾਂ ਦੇ ਨੁਮਾਇੰਦਿਆਂ ਸਮੇਤ ਹਰੀ ਚੰਦ ਬਾਂਸਲ, ਲਾਲ ਸਿੰਘ, ਗੌਰਵ, ਸਾਬਕਾ ਪ੍ਰਿੰਸੀਪਲ ਪ੍ਰਿਤਪਾਲ ਸਿੰਘ ਭੰਡਾਰੀ, ਧਰਮਵੀਰ ਸ਼ਰਮਾ, ਗੁਰਮੁਖ ਸਿੰਘ, ਸਬ ਇੰਸਪੈਕਟਰ ਕੁਲਬੀਰ ਸਿੰਘ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਪੱਤਰਕਾਰ ਕੀਰਤੀ ਗਰਗ ਨੇ ਸਮਰਾਟ ਜਾਦੂਗਰ ਪ੍ਰਿੰਸ ਜਾਦੂਗਰ ਨੂੰ ਕੀਤਾ ਸਨਮਾਨਿਤ



**ਘੱਗਾ,18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਵਿਖੇ ਪ੍ਰੈਸ ਕੀ ਤਾਕਤ ਪੱਤਰਕਾਰ ਵਲੋਂ ਕੀਰਤੀ ਗਰਗ ਨੇ ਜਾਦੂਗਰ ਸਮਰਾਟ ਪ੍ਰਿੰਸ ਜਾਦੂਗਰ ਨੂੰ ਸਨਮਾਨਿਤ ਕੀਤਾ। ਇਸ ਮੌਕੇ ਹਰਪ੍ਰੀਤ ਸਿੰਘ ਸਿੱਧੂ, ਜੈ ਮਾਂ ਨੈਣਾ ਦੇਵੀ ਜਾਗਰਣ ਮੰਡਲੀ ਪਾਤੜਾਂ ਦੇ ਮੁੱਖ ਸੰਚਾਲਕ ਰਵਿੰਦਰ ਵਸ਼ਿਸ਼ਟ ਕਲਵਾਣੂੰ ਅਤੇ ਅਜੇ ਸਾਂਵਰੀਆ ਆਦਿ ਹਾਜਰ ਸਨ।

# ਬੇਰੁਜ਼ਗਾਰ ਮਲਟੀ ਪਰਪਜ਼ ਹੈਲਥ ਵਰਕਰ ਮੇਲ ਯੂਨੀਅਨ ਵੱਲੋਂ 270 ਪੋਸਟਾਂ ਦਾ ਜਲਦੀ ਪੇਪਰ ਲੈਣ ਦੀ ਮੰਗ




**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਿੱਚ ਮਲਟੀ ਪਰਪਜ਼ ਹੈਲਥ ਵਰਕਰ ਪੁਰਸ਼ ਦੀਆਂ ਨਵੀਆਂ 270 ਪੋਸਟਾਂ ਦਾ ਇਸ਼ਤਿਹਾਰ ਜਾਰੀ ਹੋ ਗਿਆ ਹੈ, ਹੁਣ ਸਾਡੀ ਯੂਨੀਅਨ ਦੀ ਇੱਕੋ ਇੱਕ ਮੰਗ ਹੈ ਕਿ ਸਾਡਾ ਪੇਪਰ ਜਲਦੀ ਲਿਆ ਜਾਵੇ।

ਯੂਨੀਅਨ ਸੂਬਾ ਪ੍ਰਧਾਨ ਹਰਵਿੰਦਰ ਸਿੰਘ ਪਟਿਆਲਾ ਅਤੇ ਮੀਤ ਪ੍ਰਧਾਨ ਬਲਕਾਰ ਸਿੰਘ, ਨੇ ਦੱਸਿਆ ਕਿ ।ਸੂਬੇ ਅੰਦਰ ਡੇਂਗੂ ਅਤੇ ਚਿਕਨਗੁਨੀਆ ਸਮੇਤ ਅਨੇਕਾਂ ਬਿਮਾਰੀਆਂ ਕੀਮਤੀ ਜਾਨਾਂ ਲੈ ਰਹੀਆਂ ਹਨ।

ਇਸ ਕਰਕੇ ਸਾਡਾ ਪੇਪਰ ਜਲਦੀ ਲਿਆ ਜਾਵੇ ਤਾਂ ਜੋ ਪੇਪਰ ਪਾਸ ਕਰਕੇ ਸਿਹਤ ਵਰਕਰ ਸਰਕਾਰ ਦਾ ਸਾਥ ਦੇਣ। ਉਹਨਾਂ ਕਿਹਾ ਕਿ ਦਰਜਨਾਂ ਮੀਟਿੰਗਾਂ ਵਿੱਚ ਸਿਹਤ ਮੰਤਰੀ ਨੇ ਭਾਵੇਂ ਭਰੋਸਾ ਦਿੱਤਾ ਹੈ ਕਿ ਤੁਹਾਡਾ ਪੇਪਰ ਜਲਦੀ ਲਿਆ ਜਾਵੇਗਾ, ਪਰ ਲਗਾਤਾਰ ਪੇਪਰ ਲੈਣ ਵਿੱਚ ਦੇਰੀ ਕੀਤੀ ਜਾ ਰਹੀ ਹੈ। ਇਸ ਸੰਘਰਸ਼ ਵਿਚ ਬੇਰੁਜ਼ਗਾਰ ਸਾਥੀ ਆਰ ਪਾਰ ਦੀ ਲੜਾਈ ਲਈ ਤਿਆਰ ਬਰ ਤਿਆਰ ਹਨ। ਇਸ ਮੌਕੇ ਰਾਜ ਸੰਗਤੀਵਾਲਾ, ਨਾਹਰ ਸਿੰਘ, ਲਖਵਿੰਦਰ ਸਿੰਘ, ਸਾਹਿਬ ਸਿੰਘ, ਰਵਿੰਦਰ ਸਿੰਘ ਅਜਨਾਲਾ, ਨੀਰਜ਼ ਕੁਮਾਰ, ਵਿਕਰਮ ਫਿਰੋਜ਼ਪੁਰ, ਨਵਦੀਪ ਸਿੰਘ, ਗਗਨਦੀਪ ਸਿੰਘ, ਹਰਮਨ ਸਿੰਘ, ਦੀਪ ਸਿੰਘ, ਜਗਤਾਰ ਸਿੰਘ , ਮਨਪ੍ਰੀਤ ਸਿੰਘ,ਮੇਜਰ ਪਾਤੜਾਂ, ਮਨਦੀਪ ਝੁਨੀਰ ,ਹਰਕੀਰਤ ਸਿੰਘ, ਸਤਵੀਰ ਸਿੰਘ, ਭੁਪਿੰਦਰ ਸੁਨਾਮ, ਗੁਰਪਿਆਰ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਹਿਤੈਸ਼ੀ ਦਾ ਢੰਡੋਰਾ ਪਿਟਣਾ ਵਾਲੀ ਸਰਕਾਰ ਦੀ ਸ਼ਹਿ ਤੇ ਕਿਸਾਨਾਂ ਦੀ ਚਿੱਟੇ ਦਿਨ ਲੁੱਟ ਜਾਰੀ

**➢ ਬਾਜ਼ਾਰ ਚ ਵਾਧੂ ਪਰ ਸੋਸਾਇਟੀਆਂ ਚ ਨਹੀਂ ਪਹੁੰਚੀ ਖਾਦ ➢ ਕਿਸਾਨ ਬਜ਼ਾਰ ਚੋਂ ਡੇੜ ਗੁਣਾ ਭਾਅ ਤੇ ਡੀਏਪੀ ਤੇ ਯੂਰੀਆ ਖਰੀਦਣ ਲਈ ਮਜਬੂਰ**




**ਘੱਗਾ,18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੀ ਵਰਾ 2025 ਜਿੱਥੇ ਕਿਸਾਨੀ ਤੇ ਕੁਦਰਤੀ ਆਫਤਾਂ ਹੜ ਬੂਟਿਆਂ ਦਾ ਬੌਣਾ ਰੋਗ ਅਤੇ ਹਲਦੀ ਰੋਗ ਲੈ ਕੇ ਮਾਰੂ ਸਾਬਤ ਹੋ ਰਿਹਾ ਹੈ ਉੱਥੇ ਹੀ ਸਹਿਕਾਰੀ ਸਭਾਵਾਂ ਵਿੱਚ ਡੀਏਪੀ ਨਹੀਂ ਮਿਲ ਰਹੀ ਜਦਕਿ ਬਜ਼ਾਰ ਵਿਚ ਕਾਲਾਬਾਜ਼ਾਰੀ ਕਰਨ ਵਾਲਿਆਂ ਤੋਂ ਕਿਸਾਨ ਡੇਢ ਗੁਣਾ ਮਹਿੰਗੇ ਭਾਅ ਤੇ ਡੀਏਪੀ ਅਤੇ ਯੂਰੀਆ ਖਰੀਦ ਕਰ ਰਹੇ ਹਨ ਜਿਸ ਸਦਕਾ ਪੰਜਾਬ ਸਰਕਾਰ ਦੀ ਸ਼ਹਿ ਤੇ ਕਿਸਾਨਾਂ ਦੀ ਚਿੱਟੇ ਦਿਨ ਲੁੱਟ ਹੋ ਰਹੀ ਹੈ ਜਦਕਿ ਪੰਜਾਬ ਸਰਕਾਰ ਆਪਣੇ ਬਿਆਨਾਂ ਵਿੱਚ ਕਿਸਾਨ ਹਤੈਸ਼ੀ ਹੋਣ ਦਾ ਢੰਡੋਰਾ ਪਿੱਟ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਸ਼ਤਰਾਨਾ ਦੇ ਸਾਬਕਾ ਸਰਪੰਚ ਸਤਨਾਮ ਸਿੰਘ, ਸਹਿਕਾਰੀ ਸਭਾ ਸ਼ੁਤਰਾਣਾ ਦੇ ਪ੍ਰਧਾਨ ਰਾਜ ਸਿੰਘ ਝੱਬਰ ਸਾਬਕਾ ਸਰਪੰਚ ਵਧਾਵਾ ਸਿੰਘ, ਸਾਬਕਾ ਸਰਪੰਚ ਭਗਵੰਤ ਸਿੰਘ ਅਤੇ ਨੰਬਰਦਾਰ ਅਮਰੀਕ ਸਿੰਘ ਆਦਿ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਦੀ ਸਹਿਕਾਰੀ ਸਭਾ ਵਿੱਚ 1200 ਦੇ ਕਰੀਬ ਕਿਸਾਨ ਮੈਂਬਰ ਹਨ ਜਿਨਾਂ ਦੀ ਮੰਗ ਮੁਤਾਬਕ 4000 ਬੈਗ ਦੇ ਲਗਭਗ ਡੀਏਪੀ ਖਾਦ ਦੀ ਮੰਗ ਸਰਕਾਰ ਨੂੰ ਬੜਾ ਚਿਰ ਪਹਿਲਾਂ ਭੇਜੀ ਜਾ ਚੁੱਕੀ ਹੈ ਪਰ ਹੁਣ ਤੱਕ ਕੇਵਲ 1400 ਬੈਗ ਜਿਸ ਵਿੱਚ 700 ਟੀਐਸਪੀ ਅਤੇ 700 ਬੈਗ ਐਨ ਪੀ ਕੇ ਖਾਦ ਭੇਜੀ ਗਈ ਹੈ ਉਹਨਾਂ ਦੱਸਿਆ ਕਿ ਟੀਐਸਪੀ ਖਾਦ ਵਿੱਚ ਨਾਈਟ੍ਰੋਜਨ ਨਹੀਂ ਹੁੰਦੀ ਜਿਸ ਕਾਰਨ ਕਿਸਾਨਾਂ ਦੀ ਕਣਕ ਉਗਣ ਸਮੇਂ ਨਾਈਟਰੋਜਨ ਦੀ ਥੋੜ ਕਾਰਨ ਕਮਜ਼ੋਰ ਰਹਿ ਜਾਂਦੀ ਹੈ ਅਤੇ ਐਨਪੀ ਕੇ ਖਾਦ ਵਿੱਚ ਪੂਰੀ ਮਾਤਰਾ ਵਿੱਚ ਫਾਸਫੋਰਸ ਦੀ ਮਾਤਰਾ ਨਹੀਂ ਹੁੰਦੀ ਜਿਸ ਸਦਕਾ ਜਮੀਨ ਨੂੰ ਲੋੜ ਮੁਤਾਬਿਕ ਡਾਈ ਅਮੋਨੀਆ ਤੱਤ ਮੁਹਈਆ ਨਹੀਂ ਹੁੰਦਾ ਅਤੇ ਝਾੜ ਤੇ ਮਾਰੂ ਅਸਰ ਪੈਂਦਾ ਹੈ। ਇਸ ਲਈ ਕਿਸਾਨ ਇਨ੍ਹਾਂ ਖਾਦਾਂ ਨੂੰ ਨਹੀਂ ਖਰੀਦ ਰਹੇ ਹਨ। ਉਹਨਾਂ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਹਿਕਾਰੀ ਸਭਾਵਾਂ ਵਿੱਚ ਮੰਗ ਮੁਤਾਬਕ ਡੀਏਪੀ ਨਹੀਂ ਭੇਜੀ ਜਾ ਰਹੀ ਉੱਤੋਂ ਕਣਕ ਦੀ ਬਜਾਈ ਦਾ ਸਮਾਂ ਆਉਣ ਕਰਕੇ ਕਿਸਾਨ ਬਾਜ਼ਾਰ ਵਿੱਚੋਂ 1350 ਰੁਪਏ ਬੈਗ ਵਾਲਾ ਡੀਏਪੀ 1800 ਰੁਪਏ ਤੋਂ ਵੱਧ ਕੀਮਤ ਤੇ ਖਰੀਦਣ ਲਈ ਮਜਬੂਰ ਹੈ ਜਦਕਿ 267 ਰੁਪਏ ਮਿਲਣ ਵਾਲਾ ਯੂਰੀਆ ਵੀ 350 ਰੁਪਏ ਤੋਂ ਉੱਪਰ ਕਾਲਾ ਬਜਾਰੀ ਰਾਹੀਂ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਖਾਦ ਨਾਲ ਹੋਰ ਬਹੁਤ ਕੁਝ ਨਜਾਇਜ਼ ਤੌਰ ਤੇ ਦਿੱਤਾ ਜਾ ਰਿਹਾ ਹੈ ਜਿਸ ਦੀ ਕਿਸਾਨਾਂ ਨੂੰ ਕਣਕ ਦੀ ਫਸਲ ਵਿੱਚ ਕੋਈ ਜਰੂਰਤ ਨਹੀਂ ਹੁੰਦੀ ਹੈ।ਉਹਨਾਂ ਕਿਹਾ ਕਿ ਇਹ ਕਾਲਾ ਬਜਾਰੀ ਸਰਕਾਰ ਦੀ ਸ਼ਹਿ ਤੇ ਹੋ ਰਹੀ ਹੈ ਜਿਸ ਸਦਕਾ ਪਹਿਲਾਂ ਹੀ ਝੋਨੇ ਦੇ ਘੱਟ ਝਾੜ ਅਤੇ ਸਸਤੀ ਵਿਕਦੀ ਬਾਸਮਤੀ ਕਰਕੇ ਆਰਥਿਕ ਮੰਦਹਾਲੀ ਦਾ ਮਾਰਿਆ ਅੰਨਦਾਤਾ ਪੰਜਾਬ ਸਰਕਾਰ ਦੀ ਅੱਖਾਂ ਹੇਠਾਂ ਚਿੱਟੇ ਦਿਨ ਲੁੱਟਿਆ ਜਾ ਰਿਹਾ ਹੈ। ਜਦ ਕਿ ਸਰਕਾਰ ਮੂਕ ਦਰਸ਼ਕ ਬਣ ਕੇ ਕਿਸਾਨਾਂ ਦੀ ਹੋ ਰਹੀ ਲੁੱਟ ਦਾ ਤਮਾਸ਼ਾ ਵੇਖ ਰਹੀ ਹੈ। ਇਸ ਮੌਕੇ ਸੁਖਦੇਵ ਸਿੰਘ ਨੰਬਰਦਾਰ ਰਸੌਲੀ,ਜੰਗ ਸਿੰਘ, ਬਲਬੀਰ ਸਿੰਘ ਪੂਹਲੇਵਾਲ,ਸੱਤਪਾਲ ਰਸੌਲੀ, ਰਾਜ ਕੁਮਾਰ ਆਦਿ ਹਾਜ਼ਰ ਸਨ। ਡੀ ਏ ਪੀ ਖਾਦ ਸਹਿਕਾਰੀ ਸਭਾਵਾਂ ਵਿੱਚ ਨਾ ਆਉਣ ਸਬੰਧੀ ਜਦੋਂ ਇੰਸਪੈਕਟਰ ਮੋਨੂੰ ਸਿੰਗਲਾ ਨਾਲ ਫੋਨ ਰਾਹੀਂ ਗੱਲਬਾਤ ਕਰਨੀ ਚਾਹੀਦੀ ਤਾਂ ਉਹਨਾਂ ਵੱਲੋਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਗਿਆ

# ਭ੍ਰਿਸ਼ਟਾਚਾਰ ਮਾਮਲੇ ਵਿਚ ਗ੍ਰਿਫਤਾਰ ਡੀਆਈਜੀ ਹਰਚਰਨ ਸਿੰਘ ਭੁੱਲਰ ਸੀ.ਬੀ.ਆਈ. ਕੋਰਟ ਵਿਚ ਪੇਸ਼



**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਵੱਲੋਂ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਵੀਰਵਾਰ ਨੂੰ ਗ੍ਰਿਫ਼ਤਾਰ ਕੀਤੇ ਪੰਜਾਬ ਪੁਲੀਸ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਅੱਜ ਮੈਡੀਕਲ ਜਾਂਚ ਮਗਰੋਂ ਚੰਡੀਗੜ੍ਹ ਸਥਿਤ ਸੀਬੀਆਈ ਅਦਾਲਤ ਵਿਚ ਪੇਸ਼ ਕੀਤਾ ਗਿਆ।

ਸੀਬੀਆਈ ਨੇ ਭੁੱਲਰ ਦੀ ਚੰਡੀਗੜ੍ਹ ਦੇ ਸੈਕਟਰ 40 ਵਿਚਲੀ ਕੋਠੀ ’ਤੇ ਵੀਰਵਾਰ ਨੂੰ ਛਾਪਾ ਮਾਰਿਆ ਤੇ ਉਥੋਂ ਕਰੀਬ 5 ਕਰੋੜ ਰੁਪਏ ਦੀ ਨਕਦੀ ਅਤੇ ਡੇਢ ਕਿਲੋ ਸੋਨਾ ਜ਼ਬਤ ਕੀਤਾ। ਟੀਮ ਨੂੰ ਬੀਐਮਡਬਲਿਊ ਅਤੇ ਔਡੀ ਕਾਰਾਂ ਦੀਆਂ ਚਾਬੀਆਂ, ਪੰਜਾਬ ਵਿੱਚ ਕਈ ਜਾਇਦਾਦਾਂ ਦੇ ਦਸਤਾਵੇਜ਼, ਸਮਰਾਲਾ ਵਿੱਚ ਇੱਕ ਫਾਰਮ ਹਾਊਸ, 22 ਲਗਜ਼ਰੀ ਘੜੀਆਂ, 40 ਲਿਟਰ ਵਿਦੇਸ਼ੀ ਸ਼ਰਾਬ, ਇੱਕ ਡਬਲ-ਬੈਰਲ ਬੰਦੂਕ, ਪਿਸਤੌਲ, ਰਿਵਾਲਵਰ, ਏਅਰਗੰਨ ਅਤੇ ਵੱਡੀ ਮਾਤਰਾ ਵਿੱਚ ਗੋਲਾ ਬਾਰੂਦ ਵੀ ਮਿਲਿਆ।

ਸੀਬੀਆਈ ਨੇ ਡੀਆਈਜੀ ਭੁੱਲਰ ਨੂੰ ਮੁਹਾਲੀ ਸਥਿਤ ਉਨ੍ਹਾਂ ਦੇ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ। ਇਹ ਗ੍ਰਿਫ਼ਤਾਰੀ ਮੰਡੀ ਗੋਬਿੰਦਗੜ੍ਹ ਦੇ ਸਕਰੈਪ ਡੀਲਰ ਨਰੇਸ਼ ਬੱਤਾ ਦੀ ਸ਼ਿਕਾਇਤ ਦੇ ਆਧਾਰ ’ਤੇ ਕੀਤੀ ਗਈ ਸੀ, ਜਿਸ ਨੇ ਦੋਸ਼ ਲਗਾਇਆ ਸੀ ਕਿ ਭੁੱਲਰ ਨੇ ਐਫਆਈਆਰ ਦਾ ਨਿਪਟਾਰਾ ਕਰਨ ਦੇ ਬਦਲੇ 8 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਰਿਸ਼ਵਤ ਕਥਿਤ ਤੌਰ ’ਤੇ ਇਕ ਦਲਾਲ ਕ੍ਰਿਸ਼ਨੂ ਰਾਹੀਂ ਮੰਗੀ ਗਈ ਸੀ, ਜਿਸ ਨੂੰ ਸੀਬੀਆਈ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਛਾਪੇਮਾਰੀ ਦੌਰਾਨ, ਸੀਬੀਆਈ ਨੂੰ ਮਿਲੀ ਵੱਡੀ ਮਾਤਰਾ ਵਿੱਚ ਨਕਦੀ ਦਾ ਪਤਾ ਲਗਾਉਣ ਲਈ ਨੋਟ ਗਿਣਨ ਵਾਲੀਆਂ ਤਿੰਨ ਮਸ਼ੀਨਾਂ ਦੀ ਵਰਤੋਂ ਕੀਤੀ ਗਈ। ਏਜੰਸੀ ਨੇ ਕ੍ਰਿਸ਼ਨੂ ਤੋਂ 21 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ। ਅਧਿਕਾਰੀਆਂ ਅਨੁਸਾਰ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ।

ਐੱਫਆਈਆਰ ਅਨੁਸਾਰ, ਡੀਆਈਜੀ ਭੁੱਲਰ ਨੇ ‘ਸੇਵਾ ਪਾਣੀ’ ਦੇ ਨਾਮ ’ਤੇ ਕਾਰੋਬਾਰੀ ਨੂੰ ਮਹੀਨਾਵਾਰ ਭੁਗਤਾਨ ਕਰਨ ਲਈ ਕਿਹਾ ਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਝੂਠੇ ਮਾਮਲਿਆਂ ਵਿੱਚ ਫਸਾਉਣ ਦੀ ਧਮਕੀ ਦਿੱਤੀ। ਸ਼ਿਕਾਇਤ ਵਿੱਚ 11 ਅਕਤੂਬਰ ਨੂੰ ਸੈਕਟਰ 9ਡੀ ਮਾਰਕੀਟ, ਚੰਡੀਗੜ੍ਹ ਤੋਂ ਇੱਕ ਵਟਸਐਪ ਕਾਲ ਦੀ ਰਿਕਾਰਡਿੰਗ ਵੀ ਸ਼ਾਮਲ ਹੈ, ਜਿਸ ਵਿੱਚ ਭੁੱਲਰ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ, ‘8 ਫੜਨੇ ਨੇ 8... ਚੱਲ ਜਿੰਨਾ ਦਿੰਦੈ ਨਾਲ ਨਾਲ ਫੜੀ ਚੱਲ, ਓਹਨੂ ਕਹਿਦੇ 8 ਕਰ ਦੇ ਪੂਰਾ।” ਭੁੱਲਰ 2007 ਬੈਚ ਦੇ ਆਈਪੀਐਸ ਅਧਿਕਾਰੀ ਹਨ ਅਤੇ ਨਵੰਬਰ 2024 ਵਿੱਚ ਰੂਪਨਗਰ ਰੇਂਜ ਦੇ ਡੀਆਈਜੀ ਵਜੋਂ ਤਾਇਨਾਤ ਸਨ। ਉਹ ਪੰਜਾਬ ਦੇ ਸਾਬਕਾ ਡੀਜੀਪੀ ਐਮ.ਐਸ. ਭੁੱਲਰ ਦੇ ਪੁੱਤਰ ਹਨ। ਆਪਣੇ ਕਰੀਅਰ ਦੌਰਾਨ, ਉਹ ਪਟਿਆਲਾ ਰੇਂਜ ਦੇ ਡੀਆਈਜੀ, ਵਿਜੀਲੈਂਸ ਬਿਊਰੋ ਦੇ ਸੰਯੁਕਤ ਡਾਇਰੈਕਟਰ ਅਤੇ ਕਈ ਜ਼ਿਲ੍ਹਿਆਂ ਦੇ ਐਸਐਸਪੀ ਵਜੋਂ ਸੇਵਾ ਨਿਭਾ ਚੁੱਕੇ ਹਨ।

# ਆਨਲਾਈਨ ਜੂਏ ਤੇ ਸੱਟੇਬਾਜ਼ੀ ਦੇ ਮਾਮਲੇ ’ਤੇ ਵਿਚਾਰ ਕਰੇ ਸਰਕਾਰ: ਸੁਪਰੀਮ ਕੋਰਟ

**ਨਵੀਂ ਦਿੱਲੀ, 18 ਅਕਤੂਬਰ**
**-ਸੁਸ਼ੀਲ ਧੂੰਨਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਈ-ਸਪੋਰਟਸ, ਸੋਸ਼ਲ ਗੇਮਜ਼ ਦੇ ਰੂਪ ਵਿੱਚ ਆਨਲਾਈਨ ਜੂਏ ਤੇ ਸੱਟੇ ’ਤੇ ਪਾਬੰਦੀ ਲਗਾਉਣ ਦੀ ਮੰਗ ਸਬੰਧੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਅੱਜ ਕਿਹਾ ਕਿ ਇਹ ਇੱਕ ਅਹਿਮ ਮੁੱਦਾ ਹੈ। ਇਸ ਪਟੀਸ਼ਨ ਜ਼ਰੀਏ ਕੇਂਦਰ ਨੂੰ ਆਨਲਾਈਨ ਜੂਏ ਅਤੇ ਸੱਟੇਬਾਜ਼ੀ ਪਲੇਟਫਾਰਮਾਂ ’ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਜੋ ਕਥਿਤ ਤੌਰ ’ਤੇ ਸਮਾਜਿਕ ਅਤੇ ਈ-ਸਪੋਰਟਸ ਗੇਮਜ਼ ਦੀ ਆੜ ਵਿੱਚ ਆਨਲਾਈਨ ਜੂਆ ਤੇ ਸੱਟੇਬਾਜ਼ੀ ਕਰਵਾਉਂਦੇ ਹਨ।



ਜਸਟਿਸ ਜੇ.ਬੀ.ਪਾਰਦੀਵਾਲਾ ਅਤੇ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲ ਨੂੰ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਕੀਲ ਨੂੰ ਪਟੀਸ਼ਨ ਦੀ ਇੱਕ ਕਾਪੀ ਦੇਣ ਲਈ ਕਿਹਾ। ਅਦਾਲਤੀ ਬੈਂਚ ਨੇ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲ ਵਿਰਾਗ ਗੁਪਤਾ ਨੂੰ ਕਿਹਾ, ‘ਇਹ ਇੱਕ ਮਹੱਤਵਪੂਰਨ ਮੁੱਦਾ ਹੈ, ਤੁਸੀਂ ਉਨ੍ਹਾਂ ਨੂੰ ਇੱਕ ਕਾਪੀ ਦਿਓ। ਉਨ੍ਹਾਂ ਨੂੰ ਇਸ ’ਤੇ ਵਿਚਾਰ ਕਰਨ ਦਿਓ। ਇਹ ਸਾਡੇ ਕੋਲ ਵਾਪਸ ਆ ਜਾਵੇਗੀ।’ ਬੈਂਚ ਨੇ ਸਰਕਾਰ ਦੇ ਵਕੀਲ ਨੂੰ ਪਟੀਸ਼ਨ ’ਤੇ ਵਿਚਾਰ ਕਰਨ ਅਤੇ ਅਗਲੀ ਸੁਣਵਾਈ ’ਤੇ ਗੱਲ ਕਰਨ ਲਈ ਕਿਹਾ।

ਸਰਵਉਚ ਅਦਾਲਤ ਨੇ ਸੈਂਟਰ ਫਾਰ ਅਕਾਊਂਟੇਬਿਲਿਟੀ ਐਂਡ ਸਿਸਟਮਿਕ ਚੇਂਜ ਅਤੇ ਸ਼ੌਰਿਆ ਤਿਵਾੜੀ ਵੱਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਕੀਤੀ ਜਿਸ ਵਿੱਚ ਅਪੀਲ ਕੀਤੀ ਗਈ ਸੀ ਕਿ ਉਹ ਸਰਕਾਰ ਨੂੰ ਸੱਟੇਬਾਜ਼ੀ ਅਤੇ ਜੂਏ ਦੀਆਂ ਅਰਜ਼ੀਆਂ ਦੇ ਪ੍ਰਸਾਰ @ਤੇ ਰੋਕ ਲਗਾਉਣ ਦਾ ਨਿਰਦੇਸ਼ ਦੇਵੇ, ਜਿਨ੍ਹਾਂ ਦਾ ਉਨ੍ਹਾਂ ਦਾ ਦਾਅਵਾ ਹੈ ਕਿ ਇਹ ਦੇਸ਼ ਭਰ ਵਿੱਚ ਵਿਆਪਕ ਸਮਾਜਿਕ ਅਤੇ ਆਰਥਿਕ ਨੁਕਸਾਨ ਪਹੁੰਚਾ ਰਹੇ ਹਨ। ਗੁਪਤਾ ਨੇ ਬੈਂਚ ਨੂੰ ਦੱਸਿਆ ਕਿ ਇਹ ਪਟੀਸ਼ਨ 15 ਕਰੋੜ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਹੈ। ਉਨ੍ਹਾਂ ਨੇ ਆਨਲਾਈਨ ਗੇਮਿੰਗ ਐਕਟ, 2025 ਦੇ ਪ੍ਰਚਾਰ ਦਾ ਹਵਾਲਾ ਦਿੱਤਾ। ਦੱਸਣਾ ਬਣਦਾ ਹੈ ਕਿ ਆਨਲਾਈਨ ਗੇਮਜ਼ ਦੀ ਬੱਚਿਆਂ ਨੂੰ ਆਦਤ ਪੈ ਰਹੀ ਹੈ ਤੇ ਇਸ ਆਦਤ ਦੀ ਆੜ ਹੇਠ ਕੰਪਨੀਆਂ ਸੱਟੇਬਾਜ਼ੀ ਤੇ ਜੂਏ ਨੂੰ ਹੁਲਾਰਾ ਦੇ ਰਹੀਆਂ ਹਨ।

# ਟਰੰਪ ਵੱਲੋਂ ਚੇਤਾਵਨੀ, ਖ਼ੂਨ-ਖ਼ਰਾਬਾ ਜਾਰੀ ਰਿਹਾ ਤਾਂ ਗਾਜ਼ਾ ਜਾ ਕੇ ਹਮਾਸ ਦਾ ਖ਼ਾਤਮਾ ਕਰਾਂਗੇ

**ਵਾਸ਼ਿੰਗਟਨ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਹਮਾਸ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਗਾਜ਼ਾ ਵਿਚ ਖ਼ੂਨ ਖਰਾਬਾ ਜਾਰੀ ਰਿਹਾ ਤਾਂ ‘ਸਾਨੂੰ ਮਜਬੂਰੀਵੱਸ ਉਥੇ ਜਾ ਕੇ ਉਸ ਦਾ ਖ਼ਾਤਮਾ ਕਰਨਾ ਹੋਵੇਗਾ।” ਇਹ ਚੇਤਾਵਨੀ ਅਜਿਹੇ ਮੌਕੇ ਦਿੱਤੀ ਗਈ ਹੈ ਜਦੋਂ ਪਿਛਲੇ ਹਫ਼ਤੇ ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗਬੰਦੀ ਤੇ ਬੰਧਕਾਂ ਦੀ ਰਿਹਾਈ ਸਬੰਧੀ ਸਮਝੌਤੇ ਮਗਰੋਂ ਖੇਤਰ ਵਿਚ ਜਾਰੀ ਹਿੰਸਾ ਨੂੰ ਟਰੰਪ ਨੇ ਮਾਮੂਲੀ ਦੱਸਿਆ ਸੀ।

ਬਹਿਰਹਾਲ ਹਮਾਸ ਨੂੰ ਚੇਤਾਵਨੀ ਦੇਣ ਮਗਰੋਂ ਅਮਰੀਕੀ ਸਦਰ ਨੇ ਸਪਸ਼ਟ ਕੀਤਾ ਕਿ ਅਮਰੀਕਾ ਆਪਣੇ ਫੌਜੀ ਗਾਜ਼ਾ ਨਹੀਂ ਭੇਜੇਗਾ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, “ਅਸੀਂ ਇਹ ਨਹੀਂ ਕਰਾਂਗੇ। ਸਾਡੇ ਨੇੜੇ ਅਜਿਹੇ ਲੋਕ ਹਨ ਜੋ ਸਾਡੀ ਦੇਖ ਰੇਖ ਵਿਚ ਇਸ ਕੰਮ ਨੂੰ ਬਹੁਤ ਆਸਾਨੀ ਨਾਲ ਕਰ ਲੈਣਗੇ।” ਟਰੰਪ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਹਮਾਸ ਨੇ ‘ਕੁਝ ਬਹੁਤ ਬੁਰੇ ਗਰੋਹਾਂ’ ਨੂੰ ਖ਼ਤਮ ਕਰ ਦਿੱਤਾ ਹੈ ਤੇ ਗਰੋਹ ਦੇ ਕਈ ਮੈਂਬਰਾਂ ਦੀ ਹੱਤਿਆ ਕੀਤੀ ਹੈ।



ਉਨ੍ਹਾਂ ਇਹ ਵੀ ਕਿਹਾ, “ਸੱਚ ਕਹਾਂ ਤਾਂ ਮੈਨੂੰ ਇਸ ਨਾਲ ਬਹੁਤਾ ਫ਼ਰਕ ਨਹੀਂ ਪਿਆ।” ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਹ ਆਪਣੀ ਇਸ ਧਮਕੀ ਨੂੰ ਕਿਵੇਂ ਲਾਗੂ ਕਰਨਗੇ। ਉਧਰ ਵ੍ਹਾਈਟ ਹਾਊਸ ਨੇ ਵੀ ਇਸ ਬਾਰੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਹੈ। ਟਰੰਪ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਗਾਜ਼ਾ ਵਿਚ ਹਮਾਸ ਵੱਲੋਂ ਰਵਾਇਤੀ ਗੁੱਟਾਂ ਦੀ ਹੱਤਿਆ ਕੀਤੇ ਜਾਣ ਨੂੰ ਲੈ ਕੇ ਉਨ੍ਹਾਂ ਦਾ ਸੰਜਮ ਸੀਮਤ ਹੈ। ਉਨ੍ਹਾਂ ਕਿਹਾ, “ਹਮਾਸ ਲੜਾਕਿਆਂ ਨੂੰ ਹਥਿਆਰ ਸੁੱਟਣੇ ਹੋਣਗੇ, ਨਹੀਂ ਤਾਂ ਅਸੀਂ ਉਨ੍ਹਾਂ ਨੂੰ ਹਥਿਆਰਬੰਦ ਕਰ ਦੇਵਾਂਗੇ ਅਤੇ ਇਹ ਜਲਦੀ ਅਤੇ ਸੰਭਵ ਤੌਰ ’ਤੇ ਹਿੰਸਕ ਢੰਗ ਨਾਲ ਹੋਵੇਗਾ।”

# ਚਤੁਰਵੇਦੀ ਮਾਮਲੇ ’ਚ ‘ਚਾਤਰ’ ਬਣ ਰਹੀ ਹੈ ਕੇਂਦਰ ਸਰਕਾਰ: ਸਿਹਤ ਮੰਤਰੀ

**ਰੂਪਨਗਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਦੀ ਉਪ ਚੋਣ ਵਿਚ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਰੂਪਨਗਰ ਤੋਂ ‘ਆਪ’ ਵਿਧਾਇਕ ਦਿਨੇਸ਼ ਚੱਢਾ ਤੇ ਹੋਰਨਾਂ ਵਿਧਾਇਕਾਂ ਦੇ ਦਸਤਖ਼ਤਾਂ ਦੀ ਜਾਅਲਸਾਜ਼ੀ ਦੇ ਦੋਸ਼ ਵਿੱਚ ਨਵਨੀਤ ਚਤੁਰਵੇਦੀ ਦੀ ਗ੍ਰਿਫ਼ਤਾਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਰੋਪੜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਨੇ ਅੱਜ ਕੇਂਦਰ ਦੀ ਭਾਜਪਾ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਚਤੁਰਵੇਦੀ ਮਾਮਲੇ ਵਿੱਚ ‘ਚਤੁਰਾਈ’ (ਚਾਤਰ ਬਣਨ ਦੀ ਕੋਸ਼ਿਸ਼) ਕਰ ਰਹੇ ਹਨ। ਰੋਪੜ ਵਿੱਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਬਲਬੀਰ ਸਿੰਘ ਨੇ ਕਿਹਾ ਕਿ ਮੌਜੂਦਾ ‘ਆਪ’ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਭ੍ਰਿਸ਼ਟਾਚਾਰ ਲਈ ਜ਼ੀਰੋ ਟਾਲਰੈਂਸ ਰੱਖਦੇ ਹਨ। ਹਾਲਾਂਕਿ, ਕਾਨੂੰਨ ਸਾਰਿਆਂ ਲਈ ਬਰਾਬਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ, “ਚਤੁਰਵੇਦੀ ਮਾਮਲੇ ਵਿੱਚ ਉਹ ਚਤੁਰਾਈ (ਚਾਤਰ ਬਣਨ ਦੀ ਕੋਸ਼ਿਸ਼) ਕਰ ਰਹੇ ਹਨ। ਇਸ ਦੀ ਵਰਤੋਂ ਲੋਕਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ।” ਪੰਜਾਬ ਸਰਕਾਰ ਵੱਲੋਂ ਸੂਬਾਈ ਪੁਲੀਸ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਵਿੱਚ ਅਸਫਲ ਰਹਿਣ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਭਾਜਪਾ ਸ਼ਾਸਿਤ ਹੋਰ ਰਾਜਾਂ ਵਿੱਚ ਵੀ ਭ੍ਰਿਸ਼ਟਾਚਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਵਿੱਚ 62000 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਸਨ, ਹਾਲਾਂਕਿ, ਜਦੋਂ ਉਹ ਆਗੂ ਜਿਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਗਏ ਸਨ, ਭਾਜਪਾ ਵਿੱਚ ਸ਼ਾਮਲ ਹੋ ਗਏ, ਤਾਂ ਸਾਰੇ ਦੋਸ਼ ਗਾਇਬ ਹੋ ਗਏ। ਉਨ੍ਹਾਂ ਕਿਹਾ ਕਿ ਕਾਨੂੰਨ ਸਾਰਿਆਂ ਲਈ



ਬਰਾਬਰ ਹੋਣਾ ਚਾਹੀਦਾ ਹੈ ਅਤੇ ਭ੍ਰਿਸ਼ਟਾਚਾਰ ਨਾਲ ਬਰਾਬਰ ਨਜਿੱਠਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਦੀਆਂ ਬੰਦਰਗਾਹਾਂ ਤੋਂ ਵੱਡੇ ਪੱਧਰ ’ਤੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਸਨ, ਪਰ ਦੋਸ਼ ਸੂਬਾ ਸਰਕਾਰ ’ਤੇ ਨਹੀਂ ਲਗਾਏ ਗਏ।

ਬਲਬੀਰ ਸਿੰਘ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸ਼੍ਰੋਮਣੀ ਕਮੇਟੀ ਅਗਲੇ ਮਹੀਨੇ ਆਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੀ ਪੂਰਬਲੀ ਸੰਧਿਆ ਆਯੋਜਿਤ ਕੀਤੇ ਜਾਣ ਵਾਲੇ ਸਰਕਾਰੀ ਸਮਾਗਮਾਂ ਵਿੱਚ ਹਿੱਸਾ ਨਹੀਂ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਉਨ੍ਹਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ, “ਅਸੀਂ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕਰ ਰਹੇ ਹਾਂ ਕਿ ਇਹ ਇੱਕ ਵਿਸ਼ਵਵਿਆਪੀ ਸਮਾਗਮ ਹੈ ਅਤੇ ਇਸ ਸਮਾਗਮ ਦੌਰਾਨ ਸਿੱਖਾਂ ਅਤੇ ਪੰਜਾਬੀਆਂ ਨੂੰ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਸਿੱਖਾਂ ਦੀ ਇੱਕ ਛੋਟੀ ਸੰਸਦ ਹੈ ਅਤੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਆਯੋਜਿਤ ਕੀਤਾ ਜਾ ਰਿਹਾ ਸਮਾਗਮ ਇੱਕ ਕੌਮਾਂਤਰੀ ਸਮਾਗਮ ਹੈ। ਇਹ ਸਿੱਖ ਧਰਮ ਬਾਰੇ ਦੁਨੀਆ ਭਰ ਵਿੱਚ ਇੱਕ ਸੰਦੇਸ਼ ਦੇਵੇਗਾ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਦਾ ਹਿੱਸਾ ਬਣਨਾ ਚਾਹੀਦਾ ਹੈ।”

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਦੇਸ਼ ਦੇ ਸਾਰੇ ਰਾਜਾਂ ਦੇ ਮੁਖੀਆਂ ਨੂੰ ਆਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਲਈ ਸੱਦਾ ਦੇ ਰਹੀ ਹੈ।

# ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸਮਾਣਾ ਸਬ ਡਵੀਜ਼ਨ ’ਚ ਪੈਂਦੇ ਸ਼ਤਰਾਣਾ ਦੇ 4 ਪਿੰਡਾਂ ਨੂੰ ਦੇ 98 ਲਾਭਪਾਤਰੀਆਂ ਨੂੰ 60 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਸੌਂਪੀ

**ਸਮਾਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸਮਾਣਾ ਸਬ ਡਵੀਜ਼ਨ ’ਚ ਪੈਂਦੇ ਹਲਕਾ ਸ਼ੁਤਰਾਣਾ ਦੇ ਪਿੰਡਾਂ ਰਤਨਹੇੜੀ, ਅਸਮਾਨਪੁਰ, ਗੁਰਦਿਆਲਪੁਰਾ ਤੇ ਮਰਦਾਂਹੇੜੀ ਦੇ 98 ਲਾਭਪਾਤਰੀ ਕਿਸਾਨਾਂ ਨੂੰ ਹੜ੍ਹ ਪੀੜਤਾਂ ਲਈ 60 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ।

ਐਸ.ਡੀ.ਐਮ. ਸਮਾਣਾ ਰਿਚਾ ਗੋਇਲ ਦੀ ਪ੍ਰਧਾਨਗੀ ਹੇਠ ਪਿੰਡ ਰਤਨਹੇੜੀ ਵਿਖੇ ਕਰਵਾਏ ਸਮਾਗਮ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਮਾਣਾ ਸਬ ਡਵੀਜਨ ਦੇ 6 ਪਿੰਡਾਂ ਦੀਆਂ ਫ਼ਸਲਾਂ ਦਾ ਘੱਗਰ ਦੇ ਪਾਣੀ ਨਾਲ ਨੁਕਸਾਨ ਹੋਇਆ ਸੀ, ਇਸ ਵਿੱਚ ਅੱਜ 4 ਪਿੰਡਾਂ ਦੀਆਂ ਫ਼ਸਲਾਂ ਦੇ ਹੜ੍ਹਾਂ ਕਰਕੇ ਹੋਏ ਖਰਾਬੇ ਦਾ ਮੁਆਵਜ਼ਾ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤਾ ਗਿਆ ਹੈ।

ਵਿਧਾਇਕ ਬਾਜ਼ੀਗਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਤਹਿਤ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦਿਆਂ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ-ਪਹਿਲਾਂ ਮੁਆਵਜ਼ਾ ਰਾਸ਼ੀ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਬਿਨ੍ਹਾਂ ਹੜ੍ਹ ਪੀੜਤ ਜਮੀਨਾਂ ’ਚ ਬੀਜਣ ਲਈ ਕਿਸਾਨਾਂ ਨੂੰ ਕਣਕ ਦਾ ਬੀਜ ਵੀ ਮੁਫ਼ਤ ਪ੍ਰਦਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਤੋਂ ਪੀੜਤ ਲੋਕਾਂ ਦੇ ਨਾਲ ਖੜ੍ਹੀ ਹੈ।

ਵਿਧਾਇਕ ਕੁਲਵੰਤ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਵਿਤਕਰਾ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਰ-ਵਾਰ ਕੇਂਦਰ ਸਰਕਾਰ ਤੱਕ ਪਹੁੰਚ ਬਣਾ ਕੇ ਸਾਡੇ ਹੜ੍ਹ ਮਾਰੇ ਕਿਸਾਨਾਂ ਦੀ ਤਬਾਹ ਹੋਈ ਫ਼ਸਲ ਦਾ ਮੁਆਵਜਾ 50000 ਰੁਪਏ ਪ੍ਰਤੀ ਏਕੜ ਦੇਣ ਦੀ ਮੰਗ ਕੀਤੀ ਹੈ ਪਰੰਤੂ ਕੇਂਦਰ ਨੇ ਇਸ ਨੂੰ ਅਣਸੁਣਿਆ ਕਰ ਦਿੱਤਾ ਹੈ।

ਐਸ.ਡੀ.ਐਮ. ਰਿਚਾ ਗੋਇਲ ਨੇ ਦੱਸਿਆ ਕਿ ਪਿੰਡ ਰਤਨਹੇੜੀ ਦੇ 54 ਕਿਸਾਨਾਂ ਨੂੰ 37.38 ਲੱਖ ਰੁਪਏ, ਗੁਰਦਿਆਲਪੁਰ ਦੇ 5 ਕਿਸਾਨਾਂ ਨੂੰ 55,375, ਮਰਦਾਂਪੁਰ ਦੇ 11 ਕਿਸਾਨਾਂ ਨੂੰ 5 ਲੱਖ 34 ਹਜ਼ਾਰ 750 ਰੁਪਏ ਅਤੇ ਪਿੰਡ ਅਸਮਾਨਪੁਰ ਦੇ 23 ਲਾਭਪਾਤਰੀਆਂ ਨੂੰ 15 ਲੱਖ 86800 ਰੁਪਏ ਦੀ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪੁਆ ਦਿੱਤੀ ਗਈ ਹੈ। ਇਸ ਮੌਕੇ ਵੱਡੀ ਗਿਣਤੀ ਇਲਾਕਾ ਨਿਵਾਸੀ ਤੇ ਹੋਰ ਪਤਵੰਤੇ ਮੌਜੂਦ ਸਨ।

# ਬੀਐੱਸਐੱਫ ਨੂੰ ਸਰਹੱਦੀ ਇਲਾਕੇ ਵਿੱਚੋਂ 504 ਗ੍ਰਾਮ ਹੈਰੋਇਨ ਦਾ ਪੈਕੇਟ ਮਿਲਿਆ

**ਫਿਰੋਜ਼ਪੁਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐੱਸਐੱਫ ਨੇ ਪਿੰਡ ਦਰਵੇਸ਼ੇ ਕੇ ਦੇ ਇਲਾਕੇ ਵਿਚੋਂ ਤਲਾਸ਼ੀ ਅਭਿਆਨ ਦੌਰਾਨ ਇਕ ਪੈਕੇਟ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦਾ ਵਜ਼ਨ 504 ਗ੍ਰਾਮ ਹੈ। ਥਾਣਾ ਸਦਰ ਫਿਰੋਜ਼ਪੁਰ ਪੁਲੀਸ ਨੇ ਅਣਪਛਾਤੇ ਵਿਅਕਤੀ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਹੈ। ਥਾਣਾ ਸਦਰ ਫਿਰੋਜ਼ਪੁਰ ਪੁਲੀਸ ਦੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਅੱਜ ਬੀਐੱਸਐੱਫ ਦੇ ਕਰਮਚਾਰੀਆਂ ਵੱਲੋਂ ਗਸ਼ਤ ਕਰਦੇ ਸਮੇਂ ਪਿੰਡ ਦਰਵੇਸ਼ੇ ਕੇ ਦੇ ਇਲਾਕੇ ਵਿਚੋਂ ਇੱਕ ਪੈਕੇਟ ਬਰਾਮਦ ਕੀਤਾ ਗਿਆ, ਜਿਸ ਵਿਚੋਂ 504 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲੀਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਹਰਭਜਨ ਸਿੰਘ ਈ.ਟੀ.ਓ ਅਤੇ ਬਰਿੰਦਰ ਕੁਮਾਰ ਗੋਇਲ ਵੱਲੋਂ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ ਸਟਾਲਿਨ ਨਾਲ ਮੁਲਾਕਾਤ



**ਚੰਡੀਗੜ੍ਹ/ਚੇਨਈ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਅਤੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਚੇਨਈ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਸ੍ਰੀ ਐਮ.ਕੇ. ਸਟਾਲਿਨ ਨਾਲ ਮੁਲਾਕਾਤ ਕੀਤੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਰਾਜ ਪੱਧਰੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ।

ਕੈਬਨਿਟ ਮੰਤਰੀਆਂ ਨੇ ਸ੍ਰੀ ਐਮ.ਕੇ. ਸਟਾਲਿਨ ਨੂੰ ਇਸ ਦਿਹਾੜੇ ਨੂੰ ਅਥਾਹ ਸ਼ਰਧਾ ਨਾਲ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ ਉਲੀਕੀਆਂ ਵਿਸਤ੍ਰਿਤ ਯੋਜਨਾਵਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਮਹੀਨਾ ਭਰ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦੌਰਾਨ ਗੁਰੂ ਸਾਹਿਬ ਵੱਲੋਂ ਧਾਰਮਿਕ ਆਜ਼ਾਦੀ ਅਤੇ ਮਨੁੱਖਤਾ ਦੇ ਮਾਣ-ਸਤਿਕਾਰ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਦਿੱਤੀ ਗਈ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸ਼ਹੀਦੀ ਸਮਾਗਮ 25 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਅਰਦਾਸ ਨਾਲ ਸ਼ੁਰੂ ਹੋਣਗੇ, ਜਿਸ ਤੋਂ ਬਾਅਦ ਪੰਜਾਬ ਭਰ ਵਿੱਚ ਧਾਰਮਿਕ ਸਮਾਗਮ ਅਤੇ ਧਾਰਮਿਕ-ਸੱਭਿਆਚਾਰਕ ਪ੍ਰੋਗਰਾਮ ਹੋਣਗੇ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਸ਼ੋਅ ਸਾਰੇ 23 ਜ਼ਿਲ੍ਹਿਆਂ ਵਿੱਚ ਕਰਵਾਏ ਜਾ ਰਹੇ ਹਨ ਜਦਕਿ ਗੁਰੂ ਸਾਹਿਬ ਜੀ ਦੇ ਚਰਨ ਛੋਹ 130 ਪਾਵਨ ਅਸਥਾਨਾਂ ’ਤੇ ਕੀਰਤਨ ਦਰਬਾਰ ਤੇ ਧਾਰਮਿਕ ਸਮਾਗਮ ਕਰਵਾਏ ਜਾਣਗੇ।

ਮੰਤਰੀਆਂ ਨੇ ਦੱਸਿਆ ਕਿ ਸ੍ਰੀਨਗਰ (ਜੰਮੂ-ਕਸ਼ਮੀਰ) ਅਤੇ ਪੰਜਾਬ ਦੇ ਗੁਰਦਾਸਪੁਰ, ਫ਼ਰੀਦਕੋਟ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਚਾਰ ਨਗਰ ਕੀਰਤਨ ਰਵਾਨਾ ਹੋਣਗੇ, ਜੋ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ। ਉਨ੍ਹਾਂ ਦੱਸਿਆ ਕਿ 23 ਤੋਂ 25 ਨਵੰਬਰ ਤੱਕ ਹੋਣ ਵਾਲੇ ਮੁੱਖ ਸਮਾਗਮਾਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ, ਸਰਬ-ਧਰਮ ਸੰਮੇਲਨ, ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਅਤੇ ਵਿਸ਼ਾਲ ਕੀਰਤਨ ਦਰਬਾਰ ਸ਼ਾਮਲ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਰੋਜ਼ਾਨਾ ਆਉਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਦੀ ਰਹਾਇਸ਼ ਲਈ ਚੱਕ ਨਾਨਕੀ ਨਾਮੀ ਵਿਸ਼ਾਲ ਟੈਂਟ ਸਿਟੀ ਵੀ ਤਿਆਰ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਸ੍ਰੀ ਐਮ.ਕੇ. ਸਟਾਲਿਨ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮਹਾਨ ਵਿਰਾਸਤ ਨੂੰ ਸ਼ਰਧਾਪੂਰਵਕ ਯਾਦ ਕਰਨ ਲਈ ਪੰਜਾਬ ਸਰਕਾਰ ਵੱਲੋਂ ਉਲੀਕੀ ਧਾਰਮਿਕ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਨਾਲ ਦੁਨੀਆਂ ਭਰ ਵਿੱਚ ਏਕਤਾ, ਦਇਆ ਅਤੇ ਸਰਬਸਾਂਝੀਵਾਲਤਾ ਦਾ ਸਦੀਵੀ ਸੰਦੇਸ਼ ਜਾਵੇਗਾ। ਉਨ੍ਹਾਂ ਇਨ੍ਹਾਂ ਸਮਾਗਮਾਂ ਦੀ ਸਫ਼ਲਤਾ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਪੰਜਾਬ ਦੇ ਕੈਬਨਿਟ ਮੰਤਰੀਆਂ ਨੇ ਕਿਹਾ ਕਿ ਇਹ ਸਮਾਗਮਾਂ ਸਾਰੇ ਦੇਸ਼ ਵਿੱਚ ਗੁਰੂ ਸਾਹਿਬ ਜੀ ਦੇ ਅਮਨ-ਸ਼ਾਂਤੀ, ਬਰਾਬਰੀ ਅਤੇ ਸੱਚਾਈ ਦੇ ਉਪਦੇਸ਼ਾਂ ਦਾ ਪਸਾਰ ਕਰਨ ਦਾ ਅਹਿਮ ਯਤਨ ਹਨ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਆ ਕੇ ਗੁਰੂ ਸਾਹਿਬ ਜੀ ਦੀ ਮਹਾਨ ਬਾਣੀ ਤੇ ਜੀਵਨ ਤੋਂ ਪ੍ਰੇਰਨਾ ਲੈਣਗੇ।

# ਅਸਾਮ ’ਚ ਅਤਿਵਾਦੀ ਹਮਲੇ ਵਿੱਚ ਤਿੰਨ ਫੌਜੀ ਜ਼ਖਮੀ



**ਤਿਨਸੁਕੀਆ ਅਸਾਮ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਸਾਮ ਦੇ ਤਿਨਸੁਕੀਆ ਜ਼ਿਲ੍ਹੇ ਦੇ ਕਾਕੋਪਾਥਰ ਇਲਾਕੇ ਵਿੱਚ ਸ਼ੁੱਕਰਵਾਰ ਤੜਕੇ ਅਣਪਛਾਤੇ ਅਤਿਵਾਦੀਆਂ ਵੱਲੋਂ ਸੁਰੱਖਿਆ ਬਲਾਂ ਦੇ ਕੈਂਪ ’ਤੇ ਗੋਲੀਬਾਰੀ ਕਰਨ ਕਾਰਨ ਫੌਜ ਦੇ ਤਿੰਨ ਜਵਾਨ ਜ਼ਖ਼ਮੀ ਹੋ ਗਏ। ਇੱਕ ਰੱਖਿਆ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਫੌਜ ਅਤੇ ਪੁਲੀਸ ਨੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਫੌਜ ਦੇ ਬੁਲਾਰੇ ਨੇ ਕਿਹਾ, ਲਗਪਗ 12.30 ਵਜੇ, ਅਣਪਛਾਤੇ ਅਤਿਵਾਦੀਆਂ ਨੇ ਇੱਕ ਚੱਲਦੇ ਵਾਹਨ ਵਿੱਚੋਂ ਕਾਕੋਪਾਥਰ ਕੰਪਨੀ ਦੀ ਲੋਕੇਸ਼ਨ ’ਤੇ ਗੋਲੀਬਾਰੀ ਕੀਤੀ। ਡਿਊਟੀ ’ਤੇ ਤਾਇਨਾਤ ਜਵਾਨਾਂ ਨੇ ਤੁਰੰਤ ਜਵਾਬੀ ਕਾਰਵਾਈ ਕੀਤੀ ਅਤੇ ਨੇੜਲੇ ਨਾਗਰਿਕ ਘਰਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਸਾਵਧਾਨੀ ਵਰਤੀ। ਉਨ੍ਹਾਂ ਕਿਹਾ ਕਿ ਫੌਜ ਦੀ ਜਵਾਬੀ ਕਾਰਵਾਈ ਕਾਰਨ ਅਤਿਵਾਦੀ ਆਟੋਮੈਟਿਕ ਹਥਿਆਰਾਂ ਦੀ ਵਰਤੋਂ ਕਰਕੇ ਗੋਲੀਬਾਰੀ ਕਰਨ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ।

ਬੁਲਾਰੇ ਨੇ ਅੱਗੇ ਕਿਹਾ, ਤਿੰਨ ਕਰਮਚਾਰੀਆਂ ਨੂੰ ਮਾਮੂਲੀ ਸੱਟਾਂ ਤੋਂ ਇਲਾਵਾ ਕੋਈ ਵੱਡੀ ਸੱਟ ਤੋਂ ਬਚਾਅ ਰਿਹਾ। ਪੁਲੀਸ ਦੇ ਤਾਲਮੇਲ ਨਾਲ ਸਾਂਝੀ ਤਲਾਸ਼ੀ ਲਈ ਜਾ ਰਹੀ ਹੈ।

# ਹਰਿਆਣਾ ਵਿਚ ਮਾਸਿਕ ਬੁਢਾਪਾ ਪੈਨਸ਼ਨ ਵਿਚ ਦੋ ਸੌ ਰੁਪਏ ਦਾ ਵਾਧਾ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਲਗਾਤਾਰ ਤੀਜੇ ਕਾਰਜਕਾਲ ਦਾ ਪਹਿਲਾ ਸਾਲ ਪੂਰੇ ਹੋਣ ’ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ੁੱਕਰਵਾਰ ਨੂੰ ਬੁਢਾਪਾ ਪੈਨਸ਼ਨ 3,000 ਰੁਪਏ ਮਾਸਿਕ ਤੋਂ ਵਧਾ ਕੇ 3,200 ਰੁਪਏ ਕਰ ਦਿੱਤੀ ਹੈ। ਸੈਣੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 2024 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ 217 ਚੋਣ ਵਾਅਦਿਆਂ ਵਿੱਚੋਂ 46 ਪੂਰੇ ਕਰ ਦਿੱਤੇ ਹਨ। ਉਨ੍ਹਾਂ ਮੌਜੂਦਾ ਵਿੱਤੀ ਸਾਲ ਵਿੱਚ 90 ਮਤੇ ਪੂਰੇ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਪੂਰੇ ਕੀਤੇ ਗਏ ਵਾਅਦਿਆਂ ਵਿੱਚ ਲਾਡੋ ਲਕਸ਼ਮੀ ਯੋਜਨਾ ਸ਼ਾਮਲ ਹੈ, ਜੋ ਯੋਗ ਔਰਤਾਂ ਨੂੰ



2,100 ਰੁਪਏ ਪ੍ਰਤੀ ਮਹੀਨਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਬਾਕੀ ਚੋਣ ਵਾਅਦਿਆਂ ’ਤੇ ਕੰਮ ਲਗਾਤਾਰ ਅੱਗੇ ਵਧ ਰਿਹਾ ਹੈ। ਪੰਚਕੂਲਾ ਵਿੱਚ ‘ਜਨ ਵਿਸ਼ਵਾਸ-ਜਨ ਵਿਕਾਸ’ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ 1 ਨਵੰਬਰ ਤੋਂ ਪੈਨਸ਼ਨ ਵਿੱਚ ਵਾਧੇ ਦਾ ਐਲਾਨ ਕੀਤਾ।

## ਸੱਜਣ ਕੁਮਾਰ ਦੀ ਅਪੀਲ ’ਤੇ ਸੁਣਵਾਈ 19 ਨਵੰਬਰ ਨੂੰ

**ਨਵੀਂ ਦਿੱਲੀ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਨਵੰਬਰ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇੱਕ ਕਤਲ ਕੇਸ ਵਿੱਚ ਦੋਸ਼ੀ ਠਹਿਰਾਏ ਜਾਣ ਅਤੇ ਉਮਰ ਕੈਦ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਅਪੀਲ ’ਤੇ ਸੁਣਵਾਈ ਕਰੇਗਾ। ਇਹ ਅਪੀਲ ਜਸਟਿਸ ਵਿਵੇਕ ਚੌਧਰੀ ਅਤੇ ਮਨੋਜ ਜੈਨ ਦੇ ਬੈਂਚ ਅੱਗੇ ਸੁਣਵਾਈ ਲਈ ਆਉਣੀ ਸੀ, ਪਰ ਬੈਂਚ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਮਾਮਲੇ ਦੀ ਸੁਣਵਾਈ ਹੁਣ 19 ਨਵੰਬਰ ਲਈ ਤੈਅ ਕਰ ਦਿੱਤੀ ਗਈ ਹੈ।

## ਅੰਮ੍ਰਿਤਸਰ ਹਵਾਈ ਅੱਡੇ ’ਤੇ ਦੋ ਯਾਤਰੀਆਂ ਕੋਲੋਂ 93.96 ਲੱਖ ਦੇ ਗਹਿਣੇ ਬਰਾਮਦ

**ਅੰਮ੍ਰਿਤਸਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਆਰਆਈ ਅੰਮ੍ਰਿਤਸਰ ਦੇ ਅਧਿਕਾਰੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋ ਯਾਤਰੀਆਂ ਕੋਲੋਂ 800 ਗ੍ਰਾਮ ਤੋਂ ਵੱਧ ਸੋਨੇ ਦੇ ਜ਼ੇਵਰਾਤ ਬਰਾਮਦ ਕੀਤੇ ਹਨ। ਲੁਕਾ ਕੇ ਲਿਆਂਦੇ ਇਨ੍ਹਾਂ ਜ਼ੇਵਰਾਂ ਦੀ ਬਾਜ਼ਾਰ ਵਿੱਚ ਕੀਮਤ ਕਰੀਬ 90 ਲੱਖ ਰੁਪਏ ਤੋਂ ਵੱਧ ਹੈ। ਦੋਵੇਂ ਯਾਤਰੀ ਦੁਬਈ ਤੋਂ ਅੰਮ੍ਰਿਤਸਰ ਦੀ ਯਾਤਰਾ ਦੌਰਾਨ ਆਪਣੇ ਕਾਰਗੋ ਟਰਾਊਜ਼ਰ ਦੀਆਂ ਜੇਬਾਂ ਵਿੱਚ ਵਿਦੇਸ਼ ਤੋਂ ਸੋਨੇ ਦੇ ਗਹਿਣੇ ਛੁਪਾ ਕੇ ਗੈਰ-ਕਾਨੂੰਨੀ ਢੰਗ ਨਾਲ ਲਿਆਏ ਸਨ। ਦੋਵਾਂ ਯਾਤਰੀਆਂ ਦੀ ਨਿੱਜੀ ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 430.4 ਗ੍ਰਾਮ ਅਤੇ 396.4 ਗ੍ਰਾਮ ਵਜ਼ਨ ਦੇ ਸੋਨੇ ਦੇ ਗਹਿਣੇ ਬਰਾਮਦ ਹੋਏ ਹਨ, ਜਿਨ੍ਹਾਂ ਦੀ ਬਾਜ਼ਾਰੀ ਕੀਮਤ ਕ੍ਰਮਵਾਰ 48,95,601 ਅਤੇ 45,00,817 ਰੁਪਏ ਹੈ।

## ਭੁਪੇਂਦਰ ਪਟੇਲ ਵੱਲੋਂ ਮੰਤਰੀ ਮੰਡਲ ਵਿਚ ਵਿਸਤਾਰ

**ਮੁਹਾਲੀ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਲੂਆਣਾ ਤੋਂ ‘ਆਪ’ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਦਾ ਅੱਜ ਸਵੇਰੇ ਉਸ ਸਮੇਂ ਹਾਦਸਾ ਹੋ ਗਿਆ ਜਦੋਂ ਉਨ੍ਹਾਂ ਦੀ ਕਾਰ ਇੱਕ ਹੋਰ ਕਾਰ ਨਾਲ ਟਕਰਾ ਗਈ। ਵਿਧਾਇਕ ਨੇ ਕਿਹਾ ਕਿ ਹਾਦਸੇ ਵਿੱਚ ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਪਰ ਉਨ੍ਹਾਂ ਦੀ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਉਹ ਅੱਜ ਸਵੇਰੇ ਬੱਲੂਆਣਾ ਤੋਂ ਚੰਡੀਗੜ੍ਹ ਆ ਰਹੇ ਸਨ, ਜਦੋਂ ਦੂਜੇ ਪਾਸਿਓਂ ਆ ਰਹੀ ਇੱਕ ਕਾਰ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਪੁਲੀਸ ਜਾਂਚ ਕਰ ਰਹੀ ਹੈ ਕਿ ਕੀ ਕਾਰ ਚਾਲਕ ਸ਼ਰਾਬੀ ਸੀ ਜਾਂ ਗਲਤ ਪਾਸੇ ਗੱਡੀ ਚਲਾ ਰਿਹਾ ਸੀ।

# ਸੁਪਰੀਮ ਕੋਰਟ “ਡਿਜੀਟਲ ਅਰੈਸਟ’ ਦੀਆਂ ਵਧਦੀਆਂ ਘਟਨਾਵਾਂ ਤੋਂ ਫ਼ਿਕਰਮੰਦ, ਕੇਂਦਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਈ ਕੋਰਟ ਨੇ ਹਰਿਆਣਾ ਦੇ ਅੰਬਾਲਾ ਵਿਚ ਅਦਾਲਤ ਤੇ ਜਾਂਚ ਏਜੰਸੀਆਂ ਦੇ ਫ਼ਰਜ਼ੀ ਹੁਕਮਾਂ ਦੇ ਅਧਾਰ ’ਤੇ ਇਕ ਬਜ਼ੁਰਗ ਦੰਪਤੀ ਨੂੰ ‘ਡਿਜੀਟਲ ਅਰੈਸਟ’ ਕਰਕੇ ਉਨ੍ਹਾਂ ਕੋਲੋਂ 1.05 ਕਰੋੜ ਰੁਪਏ ਦੀ ਉਗਰਾਹੀ ਦੀ ਘਟਨਾ ਨੂੰ ਸ਼ੁੱਕਰਵਾਰ ਨੂੰ ਗੰਭੀਰਤਾ ਨਾਲ ਲਿਆ ਹੈ।

ਜਸਟਿਸ ਸੂਰਿਆਕਾਂਤ ਤੇ ਜਸਟਿਸ ਜੌਇਮਾਲਾ ਬਾਗਚੀ ਦੇ ਬੈਂਚ ਨੇ ਦੇਸ਼ ਭਰ ਵਿਚ ਡਿਜੀਟਲ ਅਰੈਸਟ ਦੇ ਵਧਦੇ ਮਾਮਲਿਆਂ ’ਤੇ ਫ਼ਿਕਰ ਜਤਾਇਆ ਹੈ। 73 ਸਾਲਾ ਮਹਿਲਾ ਵੱਲੋਂ ਭਾਰਤ ਦੇ ਚੀਫ਼ ਜਸਟਿਸ ਬੀਆਰ ਗਵਈ ਨੂੰ ਲਿਖੇ ਪੱਤਰ ਦਾ ਆਪੂ ਨੋਟਿਸ ਲੈਂਦਿਆਂ ਦਰਜ ਕੀਤੇ ਕੇਸ ਵਿਚ ਕੇਂਦਰ ਤੇ ਸੀਬੀਆਈ ਤੋਂ ਜਵਾਬ ਮੰਗਿਆ ਹੈ।

ਬੈਂਚ ਨੇ ਕਿਹਾ ਕਿ ਸੀਨੀਅਰ ਨਾਗਰਿਕਾਂ ਸਣੇ ਨਿਰਦੋਸ਼ ਲੋਕਾਂ ਨੂੰ ਡਿਜੀਟਲ ਅਰੈਸਟ ਕਰਨ ਲਈ ਸੁਪਰੀਮ ਕੋਰਟ, ਸੁਪਰੀਮ ਕੋਰਟ ਦੇ ਹੁਕਮਾਂ ਤੇ ਜੱਜਾਂ ਦੇ ਦਸਤਖ਼ਤਾਂ ਦੀ ਜਾਲਸਾਜ਼ੀ ਕਰਨਾ ਨਿਆਂਇਕ ਸੰਸਥਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਤੇ ਆਸਥਾ ’ਤੇ ਸਿੱਧਾ ਹਮਲਾ ਹੈ। ਡਿਜੀਟਲ ਅਰੈਸਟ ਆਨਲਾਈਨ ਧੋਖਾਧੜੀ ਹੈ, ਜਿਸ ਵਿਚ ਜਾਲਸਾਜ਼ ਖੁ ?ਦ ਨੂੰ ਫ਼ਰਜ਼ੀ ਤਰੀਕੇ ਨਾਲ ਕਿਸੇ ਸਰਕਾਰੀ ਏਜੰਸੀ ਜਾਂ ਪੁਲੀਸ ਦਾ ਅਧਿਕਾਰੀ ਦੱਸ ਕੇ ਲੋਕਾਂ ’ਤੇ ਕਾਨੂੰਨ ਦੀ ਉਲੰਘਣਾ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਧਮਕਾਉਂਦੇ ਹਨ ਤੇ ਗੈਰਕਾਨੂੰਨੀ ਢੰਗ ਨਾਲ ਮੋਟੀ ਰਕਮ ਵਸੂਲਣ ਦੀ ਕੋਸ਼ਿਸ਼ ਕਰਦੇ ਹਨ।

ਬੈਂਚ ਨੇ ਕਿਹਾ ਕਿ ਅਜਿਹੇ ਗੰਭੀਰ ਅਪਰਾਧਿਕ ਕੰਮ ਨੂੰ ਧੋਖਾਧੜੀ ਜਾਂ ਸਾਈਬਰ ਅਪਰਾਧ ਦੇ ਸਧਾਰਨ ਜਾਂ ਵੱਖਰੇ ਅਪਰਾਧ ਵਜੋਂ ਨਹੀਂ ਮੰਨਿਆ ਜਾ ਸਕਦਾ। ਬੈਂਚ ਨੇ ਕਿਹਾ, “ਅਸੀਂ ਇਸ ਤੱਥ ਦਾ ਨਿਆਂਇਕ ਨੋਟਿਸ ਲੈਣ ਲਈ ਵੀ ਤਿਆਰ ਹਾਂ ਕਿ ਇਹ ਮਾਮਲਾ ਇਕੱਲਾ ਨਹੀਂ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੇ ਅਪਰਾਧਾਂ ਦੀਆਂ ਕਈ ਮੀਡੀਆ ਰਿਪੋਰਟਾਂ ਆਈਆਂ ਹਨ। ਇਸ ਲਈ, ਸਾਡਾ ਮੰਨਣਾ ਹੈ ਕਿ ਨਿਆਂਇਕ ਦਸਤਾਵੇਜ਼ਾਂ ਦੀ ਜਾਅਲਸਾਜ਼ੀ ਅਤੇ ਮਾਸੂਮ ਲੋਕਾਂ, ਖਾਸ ਕਰਕੇ ਸੀਨੀਅਰ ਨਾਗਰਿਕਾਂ ਤੋਂ ਜਬਰੀ ਵਸੂਲੀ/ਲੁੱਟ ਨਾਲ ਜੁੜੇ ਅਪਰਾਧਿਕ ਕਾਰੋਬਾਰ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਨ ਲਈ ਕੇਂਦਰ ਅਤੇ ਰਾਜ ਪੁਲੀਸ ਵਿਚਕਾਰ ਤਾਲਮੇਲ ਵਾਲੇ ਯਤਨਾਂ ਅਤੇ ਕਾਰਵਾਈ ਦੀ ਲੋੜ ਹੈ।” ਬੈਂਚ ਨੇ ਅਟਾਰਨੀ ਜਨਰਲ ਤੋਂ ਸਹਾਇਤਾ ਮੰਗੀ ਅਤੇ ਹਰਿਆਣਾ ਸਰਕਾਰ ਅਤੇ ਅੰਬਾਲਾ ਸਾਈਬਰ ਕ੍ਰਾਈਮ ਵਿਭਾਗ ਨੂੰ ਬਜ਼ੁਰਗ ਜੋੜੇ ਦੇ ਮਾਮਲੇ ਵਿੱਚ ਹੁਣ ਤੱਕ ਕੀਤੀ ਗਈ ਜਾਂਚ ਬਾਰੇ ਸਟੇਟਸ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ।

# ਗਾਇਕ ਰਾਜਵੀਰ ਜਵੰਦਾ ਦੀ ਅੰਤਿਮ ਅਰਦਾਸ ਵਿਚ ਪੁੱਜੇ ਵੱਡੀ ਗਿਣਤੀ ਪ੍ਰਸ਼ੰਸਕ ਤੇ ਹਸਤੀਆਂ

**ਜਗਰਾਓਂ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਰਾਓਂ ਦੇ ਪਿੰਡ ਪੋਨਾ ਵਿਚ ਅੱਜ ਮਰਹੂਮ ਗਾਇਕ ਰਾਜਵੀਰ ਜਵੰਦਾ ਦੀ ਅੰਤਿਮ ਅਰਦਾਸ ਕੀਤੀ ਗਈ। ਭੋਗ ਸਮਾਗਮ ਵਿਚ ਗਾਇਕ ਦੇ ਵੱਡੀ ਗਿਣਤੀ ਦੋਸਤ, ਪ੍ਰਸ਼ੰਸਕ, ਹਮਾਇਤੀ, ਵੀਆਈਪੀਜ਼, ਉੱਘੀ ਹਸਤੀਆਂ ਤੇ ਪਰਿਵਾਰਕ ਮੈਂਬਰ ਸ਼ਾਮਲ ਹੋਏ। ਜਵੰਦਾ ਦੀ ਕੁਝ ਦਿਨ ਪਹਿਲਾਂ ਬੱਦੀ/ਪਿੰਜੌਰ ਨੇੜੇ ਹੋਏ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਭੋਗ ਸਮਾਗਮ ਵਿਚ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਸੀਨੀਅਰ ਕਲੇਰ, ਮਰਹੂਮ ਦੀਪ ਸਿੱਧੂ ਦਾ ਭਰਾ ਮਨਦੀਪ ਸਿੱਧੂ, ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਅਮਰੀਕਅ ਆਲੀਵਾਲ, ਲੱਖਾ ਸਿਧਾਣਾ, ਅਨਮੋਨ ਕਵਾਤੜਾ ਤੇ ਕਈ ਹੋਰ ਸ਼ਾਮਲ ਸਨ। ਜਵੰਦਾ ਨੂੰ ਸ਼ਰਧਾਂਜਲੀਆਂ ਦੇਣ ਵਾਲੀਆਂ ਉੱਘੀਆਂ ਹਸਤੀਆਂ ਤੇ ਗਾਇਕਾਂ ਵਿਚ ਕੁਲਵਿੰਦਰ ਬਿੱਲਾ, ਕੰਵਰ ਗਰੇਵਾਲ, ਬਲਕਾਰ ਅਣਖੀਲਾ, ਜਸਵੀਰ ਜੱਸੀ, ਹਰਭਜਨ ਮਾਨ, ਗੀਤਕਾਰ ਬਾਬੂ ਸਿੰਘ ਮਾਨ, ਗਗਨ ਕੋਕਰੀ, ਰਣਜੀਤ ਮਣੀ, ਰਣਜੀਤ ਬਾਵਾ, ਐਮੀ ਵਿਰਕ, ਸਤਿੰਦਰ ਸੱਤੀ, ਜੱਸ ਬਾਜਵਾ, ਪੂਰਨ ਚੰਦ ਵਡਾਲੀ, ਗੁਰਦਾਸ ਮਾਨ, ਪੰਮੀ ਬਾਈ, ਸਤਵਿੰਦਰ ਬਿੱਟੀ ਆਦਿ ਸ਼ਾਮਲ ਸਨ। ਵੀਆਈਪੀਜ਼ ਦੀ ਮੌਜੂਦਗੀ ਕਰਕੇ ਪਿੰਡ ਵਿਚ ਤੇ ਭੋਗ ਵਾਲੀ ਥਾਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।



# ਮਾਈਨਿੰਗ ਨੀਤੀ ਵਿੱਚ ਕੀਤੀਆਂ ਸੋਧਾਂ ਦੇ ਪੂਰੇ ਪੰਜਾਬ ਵਿੱਚ ਸ਼ਾਨਦਾਰ ਨਤੀਜੇ ਆਉਣੇ ਸ਼ੁਰੂ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਸੂਬੇ ਦੀ ਖਣਨ ਨੀਤੀ ਵਿੱਚ ਕੀਤੀਆਂ ਸੋਧਾਂ ਦੇ ਸ਼ਾਨਦਾਰ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ, ਜਿਸ ਨਾਲ ਕਾਨੂੰਨੀ ਖਣਨ ਗਤੀਵਿਧੀ ਨੂੰ ਮਜ਼ਬੂਤ ਕੀਤਾ ਗਿਆ ਹੈ, ਰੇਤ ਅਤੇ ਬਜਰੀ ਦੀ ਸਪਲਾਈ ਵਿੱਚ ਸੁਧਾਰ ਹੋਇਆ ਹੈ ਅਤੇ ਪਾਰਦਰਸ਼ਤਾ ਰਾਹੀਂ ਸੂਬੇ ਦੇ ਮਾਲੀਏ ਵਿੱਚ ਵਾਧਾ ਹੋਇਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਲੈਂਡਓਨਰ ਮਾਈਨਿੰਗ ਸਾਈਟਸ (ਐਲ.ਐਮ.ਐਸ.) ਅਤੇ ਕਰੱਸ਼ਰ ਮਾਈਨਿੰਗ ਸਾਈਟਸ (ਸੀ.ਆਰ.ਐਮ.ਐਸ.) ਦੀ ਸ਼ੁਰੂਆਤ ਨੇ ਜ਼ਮੀਨ ਮਾਲਕਾਂ ਅਤੇ ਕਰੱਸ਼ਰ ਅਪਰੇਟਰਾਂ ਨੂੰ ਸਮਰੱਥ ਬਣਾ ਕੇ ਮਾਈਨਿੰਗ ਸੈਕਟਰ ਵਿੱਚ ਬਦਲਾਅ ਲਿਆ ਦਿੱਤਾ ਹੈ। ਇਸ ਦੇ ਨਾਲ ਹੀ ਸੂਬੇ ਦੀ ਦੂਜੇ ਸੂਬਿਆਂ ਤੋਂ ਕੱਚੇ ਮਾਲ ’ਤੇ ਨਿਰਭਰਤਾ ਵਿੱਚ ਕਮੀ ਆਈ ਹੈ। ਇਸ ਪਹਿਲਕਦਮੀ ਨੇ ਹੋਰ ਹਿੱਸੇਦਾਰਾਂ ਨੂੰ ਕਾਨੂੰਨੀ ਦਾਇਰੇ ਵਿੱਚ ਸ਼ਾਮਲ ਕਰ ਕੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਉਨ੍ਹਾਂ ਦੱਸਿਆ ਕਿ ਸੋਧੀ ਹੋਈ ਨੀਤੀ ਲਾਗੂ ਹੋਣ ਮਗਰੋਂ ਵਿਭਾਗ ਨੂੰ ਸੀ.ਆਰ.ਐਮ.ਐਸ. ਲਈ 240 ਤੋਂ ਵੱਧ ਅਰਜ਼ੀਆਂ ਅਤੇ ਐਲ.ਐਮ.ਐਸ. ਲਈ 95 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 23 ਸੀ.ਆਰ.ਐਮ.ਐਸ. ਅਤੇ 4 ਐਲ.ਐਮ.ਐਸ. ਲਈ ਸਹਿਮਤੀ ਪੱਤਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਅਰਜ਼ੀਆਂ ਨੂੰ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ। ਵਾਤਾਵਰਣ ਸਬੰਧੀ ਪ੍ਰਵਾਨਗੀਆਂ ਮੁਕੰਮਲ ਹੋਣ ਮਗਰੋਂ ਦਸੰਬਰ 2025 ਅਤੇ ਮਾਰਚ 2026 ਦੇ ਵਿਚਕਾਰ ਇਨ੍ਹਾਂ ਸਾਈਟਾਂ ਦੇ ਕਾਰਜਸ਼ੀਲ ਹੋਣ ਦੀ ਸੰਭਾਵਨਾ ਹੈ। ਸ੍ਰੀ ਗੋਇਲ ਨੇ ਕਿਹਾ ਕਿ ਐਲ.ਐਮ.ਐਸ. ਅਤੇ ਸੀ.ਆਰ.ਐਮ.ਐਸ. ਦੇ ਲਾਗੂ ਹੋਣ ਨਾਲ ਬਾਜ਼ਾਰ ਵਿੱਚ ਕੱਚੇ ਮਾਲ ਦੀ ਉਪਲਬਧਤਾ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਉਸਾਰੀ ਅਤੇ ਵਿਕਾਸ ਪ੍ਰਾਜੈਕਟਾਂ ਲਈ ਲਗਾਤਾਰ ਸਪਲਾਈ ਯਕੀਨੀ ਬਣੀ ਹੈ। ਇਸ ਕਦਮ ਨਾਲ ਸਥਾਨਕ ਪੱਧਰ ’ਤੇ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਹੋਣ ਦੇ ਨਾਲ-ਨਾਲ ਸੂਬੇ ਦੀ ਰਾਇਲਟੀ ਆਮਦਨ ਵਿੱਚ ਵੀ ਵਾਧਾ ਹੋਇਆ ਹੈ।ਖਣਨ ਅਤੇ ਭੂ-ਵਿਗਿਆਨ ਮੰਤਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 11.58 ਕਰੋੜ ਘਣ ਫੁੱਟ ਕੱਚੇ ਮਾਲ ਵਾਲੀਆਂ 29 ਵਪਾਰਕ ਖਣਨ ਸਾਈਟਾਂ ਲਈ ਤਾਜ਼ਾ ਆਨਲਾਈਨ ਨਿਲਾਮੀਆਂ ਸ਼ੁਰੂ ਕੀਤੀਆਂ ਗਈਆਂ ਹਨ, ਜੋ ਪਿਛਲੇ ਤਿੰਨ ਸਾਲਾਂ ਵਿੱਚ ਕੀਤੀ ਗਈ ਪਹਿਲੀ ਨਿਲਾਮੀ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਨੂੰ ਆਨਲਾਈਨ ਬੋਲੀ ਰਾਹੀਂ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਂਦਿਆਂ ਅਖ਼ਤਿਆਰੀ ਅਲਾਟਮੈਂਟਾਂ ਨੂੰ ਖ਼ਤਮ ਕੀਤਾ ਗਿਆ ਹੈ ਅਤੇ ਸਾਰੇ ਅਸਲ ਭਾਗੀਦਾਰਾਂ ਲਈ ਬਰਾਬਰ ਮੌਕੇ ਯਕੀਨੀ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਕੀਮਤ-ਆਧਾਰਤ ਬੋਲੀ, ਐਡਵਾਂਸ ਰਾਇਲਟੀ ਭੁਗਤਾਨ ਅਤੇ ਵਧੇ ਹੋਏ ਲੀਜ਼ ਪੀਰੀਅਡ ਦੀ ਸ਼ੁਰੂਆਤ ਨਾਲ ਨਿਲਾਮੀ ਪ੍ਰਕਿਰਿਆ ਨੂੰ ਆਧੁਨਿਕ ਬਣਾਉਣ ਦੇ ਨਾਲ-ਨਾਲ ਇਸ ਦੀ ਸੰਚਾਲਨ ਕੁਸ਼ਲਤਾ ਵਿੱਚ ਸੁਧਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਬੋਲੀਕਾਰ ਵਾਤਾਵਰਨ ਸਬੰਧੀ ਪ੍ਰਵਾਨਗੀ ਹਾਸਲ ਕਰਨ ਲਈ ਖ਼ੁਦ ਜ਼ਿੰਮੇਵਾਰ ਹਨ, ਜਿਸ ਨਾਲ ਪ੍ਰਾਜੈਕਟ ਦੇ ਤੇਜ਼ੀ ਨਾਲ ਲਾਗੂਕਰਨ ਅਤੇ ਜਵਾਬਦੇਹੀ ਯਕੀਨੀ ਬਣਾਈ ਜਾ ਰਹੀ ਹੈ।

# ਅੰਤਰਰਾਸ਼ਟਰੀ ਬਾਲੜੀ ਦਿਵਸ ਮੌਕੇ ਸਿਵਲ ਸਰਜਨ ਪਟਿਆਲਾ ਵੱਲੋਂ ਲੋਕਾਂ ਲਈ ਖਾਸ ਸੁਨੇਹਾ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਦੇ ਹੁਕਮਾਂ ਅਤੇ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠ ਜਿਲ੍ਹੇ ਭਰ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ ਗਿਆ। ਇਸ ਮੌਕੇ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਨੇ ਜਿਲ੍ਹੇ ਵਾਸੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਇਸ ਦਿਵਸ ਦਾ ਮੁੱਖ ਉਦੇਸ਼ ਬਾਲੜੀਆਂ ਦੇ ਅਧਿਕਾਰਾਂ ਦੀ ਰੱਖਿਆ, ਸਿੱਖਿਆ ਅਤੇ ਸਸ਼ਕਤੀਕਰਨ ਨੂੰ ਯਕੀਨੀ ਬਣਾਉਣਾ ਹੈ ਤਾਂ ਜੋ ਉਹ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵਧ ਸਕਣ। ਉਨ੍ਹਾਂ ਕਿਹਾ ਕਿ ਬਾਲੜੀਆਂ ਸਾਡੀ ਸਮਾਜਿਕ ਤਾਕਤ, ਭਵਿੱਖ ਦੀ ਨਿਰਮਾਤਾ ਅਤੇ ਦੇਸ਼ ਦੇ ਵਿਕਾਸ ਦੀ ਮਜ਼ਬੂਤ ਨੀਂਹ ਹਨ।

ਡਾ.ਜਗਪਾਲਇੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਾਲੜੀ ਸੁਰੱਖਿਆ, ਸਿਹਤ, ਸਿੱਖਿਆ ਅਤੇ ਪੋਸ਼ਣ ਨੂੰ ਯਕੀਨੀ ਬਣਾਉਣ ਲਈ ਕਈ ਸਕੀਮਾਂ ਜਿਵੇਂ ਬੇਟੀ ਬਚਾਓ ਬੇਟੀ ਪੜ੍ਹਾਓ , ਪੋਸ਼ਣ ਅਭਿਆਨ , ਆਦਿ ਚਲਾਏ ਜਾ ਰਹੇ ਹਨ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਹਰ ਮਾਤਾ-ਪਿਤਾ, ਅਧਿਆਪਕ, ਸਮਾਜਿਕ ਸੰਗਠਨ ਅਤੇ ਸਿਹਤ ਕਰਮਚਾਰੀ ਦਾ ਫਰਜ਼ ਬਣਦਾ ਹੈ ਕਿ ਉਹ ਬਾਲੜੀਆਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਵਿਦਵਾਨ ਜੀਵਨ ਵੱਲ ਪ੍ਰੇਰਿਤ ਕਰਨ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਪਟਿਆਲਾ ਵੱਲੋਂ ਬਾਲੜੀਆਂ ਦੀ ਸਿਹਤ ਦੀ ਸੰਭਾਲ ਲਈ ਖ਼ਾਸ ਤੌਰ 'ਤੇ ਟੀਕਾਕਰਣ ਮੁਹਿੰਮਾਂ, ਪੋਸ਼ਣ ਹਫ਼ਤੇ, ਸਕੂਲੀ ਸਿਹਤ ਚੈੱਕਅੱਪ ਅਤੇ ਕਿਸ਼ੋਰੀਆਂ ਲਈ ਮੈਨਸਟ੍ਰੂਅਲ ਹਾਈਜੀਨ ਪ੍ਰੋਗਰਾਮ ਰਾਹੀਂ ਜਾਗਰੂਕਤਾ ਅਭਿਆਨ ਲਗਾਤਾਰ ਚਲਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕਿਸ਼ੋਰੀਆਂ ਦੀ ਸ਼ਾਰੀਰਕ ਅਤੇ ਮਾਨਸਿਕ ਸਿਹਤ ਬਾਰੇ ਸਮੇਂ-ਸਮੇਂ 'ਤੇ ਸਿਹਤ ਕੇਂਦਰਾਂ ਤੇ ਸਕੂਲਾਂ ਵਿੱਚ ਸੈਮੀਨਾਰਾਂ ਅਤੇ ਕੈਂਪਾਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਤਮ-ਨਿਰਭਰ ਤੇ ਸਿਹਤਮੰਦ ਜੀਵਨ ਜੀ ਸਕਣ।

ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਬਲਕਾਰ ਸਿੰਘ ਨੇ ਕਿਹਾ ਕਿ ਸਮਾਜ ਵਿੱਚ ਬਾਲੜੀ ਪ੍ਰਤੀ ਨਕਾਰਾਤਮਕ ਸੋਚ ਦਾ ਖ਼ਾਤਮਾ ਕਰਨਾ ਸਮੇਂ ਦੀ ਲੋੜ ਹੈ। ਜ਼ਿਲ੍ਹੇ ਅੰਦਰ ਪੀਸੀਪੀ ਐਨਡੀਟੀ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ.

ਇਸ ਦੇ ਨਾਲ ਹੀ ਹਰ ਪਰਿਵਾਰ ਨੂੰ ਆਪਣੀ ਧੀ ਨੂੰ ਪੁੱਤਰ ਦੇ ਬਰਾਬਰ ਮੌਕੇ ਦੇਣੇ ਚਾਹੀਦੇ ਹਨ। ਬਾਲੜੀ ਸਿਰਫ਼ ਪਰਿਵਾਰ ਦੀ ਇਜ਼ਤ ਨਹੀਂ, ਸਗੋਂ ਸਮਾਜ ਦੀ ਸ਼ਾਨ ਹੈ। ਉਨ੍ਹਾਂ ਅਪੀਲ ਕੀਤੀ ਕਿ ਹਰ ਕੋਈ ਬਾਲੜੀ ਦਿਵਸ ਨੂੰ ਸਿਰਫ਼ ਰਸਮੀ ਤੌਰ 'ਤੇ ਨਾ ਮਨਾਵੇ, ਸਗੋਂ ਇਸ ਦਿਨ ਬਾਲੜੀਆਂ ਦੇ ਹੱਕਾਂ ਤੇ ਉਨ੍ਹਾਂ ਦੀ ਤਰੱਕੀ ਲਈ ਆਪਣੇ ਯੋਗਦਾਨ ਦੀ ਸ਼ੁਰੂਆਤ ਕੀਤੀ ਜਾਵੇ।

ਉਹਨਾਂ ਕਿਹਾ ਕਿ ਜੇ ਅਸੀਂ ਬਾਲੜੀ ਨੂੰ ਸਿੱਖਿਆ, ਸਿਹਤ ਤੇ ਆਤਮ-ਵਿਸ਼ਵਾਸ ਦੇ ਨਾਲ ਮਜ਼ਬੂਤ ਕਰਾਂਗੇ ਤਾਂ ਨਿਸ਼ਚਤ ਤੌਰ 'ਤੇ ਸਮਾਜ ਤੇ ਰਾਸ਼ਟਰ ਦਾ ਭਵਿੱਖ ਰੌਸ਼ਨ ਹੋਵੇਗਾ।

ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਰ ਬਾਲੜੀ ਨੂੰ ਪਿਆਰ, ਆਦਰ ਅਤੇ ਮੌਕਿਆਂ ਨਾਲ ਭਰਪੂਰ ਵਾਤਾਵਰਣ ਦੇਣ ਵਿੱਚ ਆਪਣੀ ਭੂਮਿਕਾ ਨਿਭਾਉਣ।

# ਹਰਚੰਦ ਸਿੰਘ ਬਰਸਟ ਨੇ ਦਾਣਾ ਮੰਡੀ, ਪਟਿਆਲਾ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਦਾ ਕੀਤਾ ਉਦਘਾਟਨ



**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਦੀਆਂ ਵੱਖ-ਵੱਖ ਮੰਡੀਆਂ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਦੀ ਯੋਜਨਾ ਦੀ ਸ਼ੁਰੂਆਤ ਅੱਜ ਦਾਣਾ ਮੰਡੀ, ਪਟਿਆਲਾ ਤੋਂ ਕੀਤੀ ਗਈ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਦਾਣਾ ਮੰਡੀ, ਪਟਿਆਲਾ ਵਿਖੇ ਰੂਫ ਟੌਪ ਸੋਲਰ ਪਾਵਰ ਪਲਾਂਟ ਲਗਾਉਣ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ. ਬਰਸਟ ਨੇ ਸਮੂਹ ਹਾਜ਼ਰੀਨ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਯੋਜਨਾ ਸੂਬੇ ਦੀਆਂ ਮੰਡੀਆਂ ਵਿੱਚ ਨਵੀਨਤਮ ਤਕਨੀਕ ਲਿਆਉਣ ਦੀ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਵੇਗੀ।

ਸ. ਬਰਸਟ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਅਤੇ ਮੰਡੀਆਂ ਵਿੱਚ ਆਉਣ ਵਾਲੇ ਹੋਰ ਲੋਕਾਂ ਨੂੰ ਸੁਚੱਜੀ ਸੇਵਾ ਮਿਲ ਸਕੇ ਅਤੇ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਨਾ ਆਉਣ। ਉਨ੍ਹਾਂ ਦੱਸਿਆ ਕਿ ਦਾਣਾ ਮੰਡੀ, ਪਟਿਆਲਾ ਵਿੱਚ 74 ਕਿਲੋਵਾਟ ਸਮਰਥਾ ਵਾਲਾ ਰੂਫ ਟੌਪ ਸੋਲਰ ਪਾਵਰ ਪਲਾਂਟ ਲਗਾਇਆ ਜਾ ਰਿਹਾ ਹੈ, ਜਿਸਦੇ ਤਹਿਤ ਮੰਡੀ ਵਿਖੇ 40 ਕਿਲੋਵਾਟ, ਮਾਰਕਿਟ ਕਮੇਟੀ ਦਫ਼ਤਰ ਵਿਖੇ 16 ਕਿਲੋਵਾਟ ਅਤੇ ਜਿਲ੍ਹਾਂ ਮੰਡੀ ਦਫ਼ਤਰ ਦੀ ਬਿਲਡਿੰਗ ਵਿਖੇ 18 ਕਿਲੋਵਾਟ ਦੇ ਸੋਲਰ ਪੈਨਲ ਲਗਾਏ ਜਾਣਗੇ, ਜਿਸ ਤੇ ਲਗਭਗ 74 ਲੱਖ ਰੁਪਏ ਦਾ ਖਰਚ ਆਵੇਗਾ। ਇਸੇ ਤਰ੍ਹਾਂ ਪਟਿਆਲਾ ਸਮੇਤ ਸੂਬੇ ਦੀਆਂ ਵੱਖ-ਵੱਖ ਮੰਡੀਆਂ ਵਿੱਚ ਵੀ ਸੋਲਰ ਪਾਵਰ ਪਲਾਂਟ ਲਗਾਇਆ ਜਾਵੇਗਾ। ਸੋਲਰ ਪਾਵਰ ਪਲਾਂਟ ਲਗਾਉਣ ਨਾਲ ਮੰਡੀਆਂ ਦੀ ਬਿਜਲੀ ਲਾਗਤ ਘਟੇਗੀ ਅਤੇ ਲੰਬੇ ਸਮੇਂ ਦੌਰਾਨ ਸਰਕਾਰੀ ਖਰਚ ਵਿੱਚ ਵੀ ਮਹੱਤਵਪੂਰਨ ਕਮੀ ਆਵੇਗੀ।

ਸਾਉਣੀ ਖਰੀਦ ਸੀਜਨ 2025-26 ਦੇ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸ. ਬਰਸਟ ਨੇ ਦੱਸਿਆ ਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਪਟਿਆਲਾ ਜਿਲ੍ਹੇ ਦੀਆਂ ਮੰਡੀਆਂ ਵਿੱਚ 13 ਅਕਤੂਬਰ ਤੱਕ 3,07,075 ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ 2,98,165 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਖਰੀਦੀ ਗਈ ਫਸਲ ਵਿੱਚੋਂ 66 ਫੀਸਦੀ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਬੀਤੇ ਸੋਮਵਾਰ ਨੂੰ ਪਟਿਆਲਾ ਦੀਆਂ ਮੰਡੀਆਂ ਵਿੱਚ 29,609 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਦਕਿ 29,573 ਮੀਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ।

ਇਸ ਮੌਕੇ ਡੀ.ਐਮ.ਓ ਅਸਲਮ ਮੁਹੰਮਦ, ਕਾਰਜਕਾਰੀ ਇੰਜੀਨਿਅਰ ਧਰਮਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਅੰਮ੍ਰਿਤਪਾਲ ਸਿੰਘ, ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੈਣੀ, ਐਸਡੀਓ ਖੁਸ਼ਪ੍ਰੀਤ ਸਿੰਘ, ਐਸਡੀਓ ਸਤਨਾਮ ਸਿੰਘ, ਸਕੱਤਰ ਮਾਰਕਿਟ ਕਮੇਟੀ ਅਸ਼ਵਨੀ ਮਹਿਤਾ, ਵਿਜੈ ਪਾਲ, ਸੋਰਬ ਬੱਤਾ, ਰੁਪਿੰਦਰ, ਨਰੇਸ਼ ਮਿੱਤਲ ਭੋਲਾ, ਖਰਦਮਣ ਰਾਏ ਗੁਪਤਾ, ਦਰਬਾਰਾ ਸਿੰਘ ਜਾਲਾ, ਹਰਦੇਵ ਸਿੰਘ, ਵਿਸ਼ਵ ਗੋਇਲ ਕਾਕੂ, ਕਰਮ ਚੰਦ ਬਾਂਸਲ, ਸਰੇਸ ਬਾਂਸਲ ਡਕਾਲਾ, ਸੰਜੀਵਨ ਮਿੱਤਲ, ਓਮ ਪ੍ਰਕਾਸ਼ ਟੌਹੜਾ, ਸਵਰਨ ਸਿੰਘ, ਬਿਕਰਮਜੀਤ ਸਿੰਘ, ਸੋਨੂ, ਵਿਜੈ ਕੁਮਾਰ ਆਲੋਵਾਲ, ਬਲਰਾਮ ਬਾਂਸਲ, ਸੁਰਮਖ ਸਿੰਘ, ਪਰਵਿੰਦਰ ਸਿੰਘ ਸੋਨੀ ਸਮੇਤ ਮੰਡੀ ਬੋਰਡ ਦੇ ਅਧਿਕਾਰੀ ਵੀ ਮੌਜੂਦ ਰਹੇ।

# 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਪਾਤਸ਼ਾਹੀ ਨੌਵੀਂ ਕਿਲ੍ਹਾ ਬਹਾਦਰਗੜ੍ਹ 'ਚ ਮਹਾਨ ਗੁਰਮਤਿ ਸਮਾਗਮ

**ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਉਦੇਸ਼ ਨੂੰ ਸਮੁੱਚੀ ਲੋਕਾਈ ਤੱਕ ਪਹੁੰਚਾਗਾਂਗੇ : ਸੰਤ ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆਂ ਵਾਲੇ ➢ ਗੁਰਦੁਆਰਾ ਕਾਲੀ ਕੰਬਲੀ ਵਾਲਿਆਂ ਨੇ ਲਗਾਇਆ ਚਾਹ ਪਕੌੜਿਆਂ ਦਾ ਲੰਗਰ**

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ, ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲਾ ਜੀ ਨੂੰ ਸਮਰਪਿਤ ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਪਾਤਸ਼ਾਹੀ ਨੌਵੀਂ ਕਿਲ੍ਹਾ ਬਹਾਦਰਗੜ੍ਹ ਸਾਹਿਬ ਵਿਖੇ ਪਹਿਲੀ ਵਾਰ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਗੁਰਮਤਿ ਸਮਾਗਮ ਸੰਤ ਮਹਾਂਪੁਰਸ਼ ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆਂ ਵਾਲਿਆਂ ਦੀ ਰਹਿਨੁਮਾਈ ਹੇਠ ਹੋਇਆ, ਜਿਨ੍ਹਾਂ ਵੱਲੋਂ ਇਸ ਪਾਵਨ ਅਸਥਾਨ 'ਤੇ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਪਾਠ ਦੇ ਭੋਗ ਪਾਏ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਕੀਰਤਨ ਜੱਥਿਆਂ ਭਾਈ ਮਨਿੰਦਰ ਸਿੰਘ ਅਤੇ ਭਾਈ ਸਰਬਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸੰਤ ਜੋਗਾ ਸਿੰਘ ਨਾਨਕਸਰ ਕਰਨਾਲ, ਸੰਤ ਬਾਬਾ ਨਛੱਤਰ ਸਿੰਘ ਕਾਲੀ ਕੰਬਲੀ ਵਾਲੇ, ਸੰਤ ਕਰਮਬੀਰ ਸਿੰਘ ਬੇਦੀ, ਬਾਬਾ ਗੁਰਤਾਰ ਸੰਘ, ਸੰਤ ਮਨਮੋਹਨ ਸਿੰਘ ਬਾਰਨ, ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਕੱਤਰ ਪ੍ਰਤਾਪ ਸਿੰਘ, ਕਮਾਂਡੈਂਟ ਗੁਰਪ੍ਰੀਤ ਸਿੰਘ, ਸੀਨੀ. ਪੁਲਿਸ ਅਧਿਕਾਰੀ, ਹਰਦੀਪ ਸਿੰਘ ਬਡੂੰਗਰ, ਸੰਤ ਅਰਜਨ ਸਿੰਘ ਆਲਮਪੁਰ, ਬਾਬਾ ਬਲਬੀਰ ਸਿੰਘ, ਬਾਬਾ ਸੋਹਣ ਸਿੰਘ ਕਾਰ ਸੇਵਾ ਵਾਲੇ, ਗੁਰੂ ਨਾਨਕ ਸਤਸੰਗ ਮੰਡਲ, ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ, ਗੁਰੂ ਸ਼ਬਦ ਪ੍ਰਚਾਰ ਸਭਾ, ਗੁਰੂ ਰਾਮ ਸੇਵਾ ਸੁਸਾਇਟੀ ਪਟਿਆਲਾ, ਭਾਈ ਗੁਰਦੀਪ ਸਿੰਘ ਕਾਲੀ ਕੰਬਲੀ ਵਾਲੇ, ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਹੈਡ ਗ੍ਰੰਥੀ ਭਾਈ ਅਵਤਾਰ ਸਿੰਘ, ਚੜ੍ਹਦੀਕਲਾ ਟਾਈਮ ਟੀ.ਵੀ. ਦੇ ਡਾਇਰੈਕਟਰ ਜਗਜੀਤ ਸਿੰਘ ਦਰਦੀ ਆਦਿ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆਂ ਵਾਲਿਆਂ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹਿੰਦੂ ਧਰਮ ਦੇ ਲੋਕਾਂ ਲਈ ਦਿੱਤਾ ਗਿਆ ਬਲਿਦਾਨ ਦੀ ਕਿਧਰੇ ਵੀ ਮਿਸਾਲ ਨਹੀਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਦੇ ਪ੍ਰਚਾਰ ਦੀ ਲਹਿਰ ਨੂੰ ਆਪ ਵੱਖ ਵੱਖ ਥਾਵਾਂ 'ਤੇ ਜਾ ਕੇ ਪ੍ਰਚੰਡ ਕੀਤਾ, ਜਿਸ ਵਿਚ ਇਕ ਅਜਿਹਾ ਠਹਿਰਾ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਦੇ ਕਿਲ੍ਹੇ ਦੇ ਅੰਦਰ ਨਵਾਬ ਸੈਫ਼ੂਦੀਨ ਨਾਲ ਅਜਿਹੀ ਮੁਲਾਕਾਤ ਕਰਕੇ ਕੀਤਾ ਜਿਸ ਨੂੰ ਇਤਿਹਾਸ ਦੇ ਪੰਨਿਆਂ 'ਤੇ ਵੇਖਿਆ ਜਾ ਸਕਦਾ ਹੈ ਅਤੇ ਆਪਣੇ ਪਾਵਨ ਚਰਨ ਪਟਿਆਲਾ ਦੀ ਧਰਤੀ 'ਤੇ ਪਾ ਕੇ ਇਸ ਨੂੰ ਮਹਾਨ ਕਰਨ ਦੇ ਨਾਲ ਨਾਲ ਸੰਗਤਾਂ ਦਾ ਕਲਿਆਣ ਕੀਤਾ, ਜਿਸ ਉਪਰੰਤ ਦਿੱਲੀ ਪਹੁੰਚ ਕੇ ਆਪ ਜੀ ਨੇ ਬਲਿਦਾਨ ਦਿੱਤਾ, ਆਪ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ, ਪਰ ਜਿਨ੍ਹਾਂ ਪਿੱਛੇ ਗੁਰੂ ਹੋਵੇ ਉਹ ਕਦੇ ਨਹੀਂ ਡੋਲਦੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਦੇਸ਼ ਨੂੰ ਸਮੁੱਚੀ ਲੋਕਾਈ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਗੁਰਦੁਆਰਾ ਨਾਨਕਸਰ ਕੁਟੀਆਂ ਸੰਪਰਦਾਇ ਵਾਲਾ ਚੁੱਕੀ ਗਈ ਹੈ। ਇਸ ਦੌਰਾਨ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਵੀ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆਂ ਸੰਪਰਦਾਇ ਵੱਲੋਂ ਸੰਤ ਮਹਾਂਪੁਰਸ਼ਾਂ, ਪਮੁੱਖ ਸੁਸਾਇਟੀਆਂ, ਸਿੱਖ ਜਥੇਬੰਦੀਆਂ ਅਤੇ ਸਕੂਲ ਅਕੈਡਮੀ ਦੇ ਅਹੁਦੇਦਾਰਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਵਿਚ ਕੋਹਿਨੂਰ ਸਕੂਲ ਅਕੈਡਮੀ ਚੀਕਾ ਹਰਿਆਣਾ, ਮਾਤਾ ਗੁਜਰੀ ਪੰਜਾਬੀ ਯੂਨੀਵਰਸਿਟੀ ਸਕੂਲ, ਸੰਤ ਈਸ਼ਰ ਸਿੰਘ ਅਕੈਡਮੀ ਚਾਪੜ ਆਦਿ ਵੱਲੋਂ ਵੀ ਸਕੂਲੀ ਬੱਚਿਆਂ ਨਾਲ ਇਸ ਸਮਾਗਮ ਦੌਰਾਨ ਸ਼ਿਰਕਤ ਕੀਤੀ ਗਈ। ਇਸ ਮੌਕੇ ਮੈਨੇਜਰ ਭਾਗ ਸਿੰਘ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ, ਮੈਨੇਜਰ ਮਨਜੀਤ ਸਿੰਘ ਕੌਲੀ, ਇੰਦਰਜੀਤ ਸਿੰਘ ਸੰਧੂ, ਹਰਮਿੰਦਰਪਾਲ ਸਿੰਘ ਵਿੰਟੀ, ਪ੍ਰਧਾਨ ਪ੍ਰੇਮ ਸਿੰਘ, ਭਗਵੰਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਮੂਹ ਸਟਾਫ ਮੈਂਬਰ ਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਗੁਰੂ ਸਾਹਿਬਾਨ ਦੀਆਂ ਮਹਾਨਤਾਵਾਂ ਨੂੰ ਦੇਖਦਿਆਂ ਹੋਇਆਂ ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਨੂੰ ਨਵਾਂ ਜ਼ਿਲਾ ਘੋਸ਼ਿਤ ਕਰੇ : ਪ੍ਰੋ. ਬਡੂੰਗਰ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਪੰਜਾਬ ਦਾ ਨਵਾਂ ਜ਼ਿਲਾ ਘੋਸ਼ਿਤ ਕੀਤਾ ਜਾਵੇ, ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਦਾ ਪਵਿੱਤਰ ਨਗਰ ਸਰਬ ਧਰਮ ਰੱਖਿਅਕ ਅਮਰ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਵਸਾਇਆ ਹੋਇਆ ਹੈ। ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਥੇ ਹੀ ਕਸ਼ਮੀਰੀ ਬ੍ਰਾਹਮਣਾ ਦਾ ਇਕ ਵਫਦ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਫਰਿਆਦੀ ਬਣਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਨਮੁਖ ਪੇਸ਼ ਹੋਏ ਸਨ ਤੇ ਇਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਰੱਖਿਆ ਲਈ ਆਪ ਚੱਲ ਕੇ ਦਿੱਲੀ ਨੂੰ ਗਏ ਸਨ। ਉਹਨਾਂ ਕਿਹਾ ਕਿ ਇਥੋਂ ਹੀ ਗੁਰੂ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਪਵਿੱਤਰ ਸੀਸ ਭਾਈ ਜੈਤਾ ਜੀ ਲੈ ਕੇ ਪਹੁੰਚੇ ਸਨ ਤੇ ਸਤਿਗੁਰਾਂ ਦੇ ਪਵਿਤਰ ਸੀਸ ਦਾ ਸਸਕਾਰ ਵੀ ਇੱਥੇ ਹੀ ਕੀਤਾ ਗਿਆ, ਜਿਥੇ ਗੁਰਦੁਆਰਾ ਸੀਸ ਗੰਜ ਸਾਹਿਬ ਯਾਦਗਾਰੀ ਗੁਰੂ ਘਰ ਹੈ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਅਨੰਦਪੁਰ ਸਾਹਿਬ ਵਿਖੇ ਹੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੰਮਾ ਸਮਾਂ ਨਿਵਾਸ ਕੀਤਾ ਤੇ 30 ਮਾਰਚ 1699 ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ। ਉਹਨਾਂ ਦੱਸਿਆ ਕਿ ਇਥੇ ਹੀ ਦਸ਼ਮੇਸ਼ ਪਿਤਾ ਜੀ ਦੇ ਤਿੰਨ ਸਾਹਿਬਜਾਦਿਆਂ ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦਾ ਜਨਮ ਹੋਇਆ ਤੇ ਇਥੋਂ ਥੋੜੀ ਦੂਰ ਅਨੰਦਪੁਰ ਵਿਚ ਦਸ਼ਮੇਸ਼ ਜੀ ਦੇ ਵੱਡੇ ਮਾਤਾ ਜੀਤੇ ਜੀ ਮੁਗਲਾਂ ਨਾਲ ਲੋਹਾ ਲੈਂਦਿਆ ਸਹੀਦ ਹੋਏ ਸਨ।

ਸਾਬਕਾ ਪ੍ਰਧਾਨ ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਇਹਨਾ ਮਹਾਨਤਾਵਾਂ ਨੂੰ ਵੇਖਦਿਆਂ ਹੋਇਆ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਪੰਜਾਬ ਦਾ ਨਵਾਂ ਜ਼ਿਲਾ ਬਣਾਇਆ ਜਾਵੇ, ਜੋ ਇਹ ਸਮੂਹ ਸ਼ਰਧਾਲੂ ਸੰਗਤਾਂ ਦੀ ਦਿਲੀ ਮੰਗ ਵੀ ਹੈ । ਉਹਨਾਂ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਪਾਸੋਂ ਮੰਗ ਕਰਦੇ ਆਂ ਕਿਹਾ ਕਿ ਇਸ ਪਵਿਤਰ ਕਾਰਜ ਕਰਕੇ ਸਤਿਗੁਰਾਂ ਦੇ 350 ਸਾਲਾ ਸ਼ਹੀਦੀ ਨੂੰ ਸੱਚੀ ਸ਼ਰਧਾ ਭੇਂਟ ਕੀਤੀ ਜਾਵੇ ।

# ਡੀ ਏ ਵੀ ਸਕੂਲ ਦੀ ਬੱਸ 'ਤੇ ਮੋਟਰਸਾਈਕਲ ਸਵਾਰ ਨੇ ਡੰਡਿਆਂ ਨਾਲ ਕੀਤੀ ਭੰਨਤੋੜ; ਬੱਸ ਦੇ ਸ਼ੀਸ਼ੇ ਟੁੱਟੇ ਅਤੇ 3 ਸਕੂਲੀ ਬੱਚੇ ਜ਼ਖ਼ਮੀ

**ਪਾਤੜਾਂ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡੀ,.ਏ.ਵੀ ਸੀਨੀਅਰ ਸੈਕੰਡਰੀ ਸਕੂਲ ਬਾਦਸ਼ਾਹਪੁਰ ਦੀ ਬੱਸ ਉੱਪਰ ਇੱਕ ਵਿਅਕਤੀ ਵੱਲੋਂ ਡੰਡਿਆਂ ਨਾਲ ਹਮਲਾ ਕਰਨ ਉਪਰੰਤ ਬੱਸ ਦੇ ਸ਼ੀਸ਼ੇ ਦੀ ਭੰਨ ਤੋੜ ਕੀਤੀ ਗਈ । ਇਸ ਹਮਲੇ ਦੌਰਾਨ ਬੱਸ ਅੰਦਰ ਸਵਾਰ ਸਕੂਲੀ ਬੱਚਿਆਂ ਵਿੱਚੋਂ ਤਿੰਨ ਬੱਚਿਆਂ ਦੇ ਸੱਟਾਂ ਲੱਗੀਆਂ।

ਜਾਣਕਾਰੀ ਅਨੁਸਾਰ ਡੀ ਏ ਵੀ ਸਕੂਲ ਬਾਦਸ਼ਾਹਪੁਰ ਦੀ ਬੱਸ ਦੇ ਡਰਾਈਵਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਵੇਰ ਸਮੇਂ ਉਹ ਸਕੂਲ ਲਈ ਬੱਚੇ ਲੈਣ ਲਈ ਪਿੰਡ ਸਿਉਨਾ -ਕਾਠ ਜਾ ਰਿਹਾ ਸੀ ਤਾਂ ਮੋੜ ਤੰਗ ਹੋਣ ਕਾਰਨ ਇੱਕ ਮੋਟਰਸਾਈਕਲ ਸਵਾਰ ਸੜਕ ਤੋਂ ਹੇਠਾਂ ਉਤਰ ਗਿਆ ਅਤੇ ਮੋਟਰ ਸਾਈਕਲ ਡਿੱਗ ਗਿਆ ਉਸ ਮੋਟਰਸਾਈਕਲ ਸਵਾਰ ਨੇ ਮੇਰੀ ਤਾਕੀ ਖੋਲ੍ਹ ਕੇ ਮੈਨੂੰ ਹੇਠਾਂ ਆਉਣ ਲਈ ਕਿਹਾ। ਉਸ ਨੇ ਉਸ ਨੂੰ ਕਿਹਾ ਕਿ ਮੇਰਾ ਇਹਦੇ ਵਿੱਚ ਕੋਈ ਕਸੂਰ ਨਹੀਂ ,ਜਗ੍ਹਾ ਤੰਗ ਹੋਣ ਕਾਰਨ ਹੀ ਤੁਹਾਡਾ ਮੋਟਰਸਾਈਕਲ ਨੀਚੇ ਉਤਰਿਆ ਹੈ। ਉਹ ਮੇਰੇ ਨਾਲ ਮਾਰਕੁੱਟ ਕਰਨ ਲਈ ਮੇਰੀ ਖਿੱਚ- ਧੂਹ ਕਰਨ ਲੱਗਿਆ ।? ਡਰਾਈਵਰ ਨੇ ਦੱਸਿਆ ਕਿ ਉਸਦੇ ਨਾ ਮੰਨਣ 'ਤੇ ਮੈਂ ਫਿਰ ਵੀ ਉਸ ਤੋਂ ਮਾਫੀ ਮੰਗੀ ਅਤੇ ਨੇੜੇ ਖੜ੍ਹੇ ਲੋਕਾਂ ਨੇ ਮੈਨੂੰ ਛੁਡਵਾ ਦਿੱਤਾ। ਉਸ ਨੇ ਦੱਸਿਆ ਕਿ ਜਦੋਂ ਉਹ ਪਿੰਡ ਅੰਦਰ ਸਕੂਲੀ ਬੱਚੇ ਬਿਠਾ ਰਿਹਾ ਸੀ ਤਾਂ ਉਹ ਵਿਅਕਤੀ ਡੰਡਾ ਲੈ ਕੇ ਬੱਸ ਦੇ ਫਿਰ ਅੱਗੇ ਆ ਗਿਆ ਅਤੇ ਮੈਨੂੰ ਫਿਰ ਥੱਲੇ ਆਉਣ ਲਈ ਕਿਹਾ । ਜਦੋਂ ਮੈਂ ਨੀਚੇ ਨਾ ਉਤਰਿਆ ਤਾਂ ਉਸ ਨੇ ਬੱਸ ਦੇ ਸ਼ੀਸ਼ਿਆਂ 'ਤੇ ਜ਼ੋਰ- ਜ਼ੋਰ ਨਾਲ ਡੰਡੇ ਮਾਰਨੇ ਸ਼ੁਰੂ ਕਰ ਦਿੱਤੇ !

ਸ਼ੀਸ਼ਾ ਟੁੱਟਣ ਕਾਰਨ ਤਿੰਨ ਛੋਟੇ ਬੱਚਿਆਂ ਦੇ ਸੱਟਾਂ ਲੱਗੀਆਂ। ਜਿਸ ਵਿੱਚੋਂ ਇੱਕ ਬੱਚੇ ਦੀ ਅੱਖ ਵਿੱਚ ਕੰਚ ਚਲਾ ਗਿਆ , ਦੂਸਰੇ ਬੱਚੇ ਦੇ ਸਿਰ ਵਿੱਚ ਕੰਚ ਲੱਗਿਆ ਅਤੇ ਤੀਸਰੇ ਬੱਚੇ ਦੀ ਠੋਡੀ ਵਿੱਚ ਕੰਚ ਲੱਗਿਆ ।

ਜਿਸ ਕਾਰਨ ਸਾਰੇ ਸਕੂਲੀ ਬੱਚੇ ਡਰ ਗਏ ਅਤੇ ਘਬਰਾਹਟ ਵਿੱਚ ਆ ਗਏ। ਉਸ ਨੇ ਬੱਸ ਉਥੋਂ ਭਜਾ ਲਈ ਅਤੇ ਸਕੂਲ ਵਿੱਚ ਆ ਗਏ।
ਜਿਸ ਤੋਂ ਬਾਅਦ ਉਹ ਮੋਟਰਸਾਈਕਲ ਸਵਾਰ ਵੀ ਮਗਰ ਸਕੂਲ ਵਿੱਚ ਪਹੁੰਚ ਗਿਆ ਅਤੇ ਸਕੂਲ ਅੰਦਰ ਵੀ ਇਸ ਨੇ ਕਾਫੀ ਰੌਲਾ ਰੱਪਾ ਪਾਇਆ !
ਜਿਸ ਤੋਂ ਬਾਅਦ ਸਕੂਲ ਅਧਿਆਪਕਾਂ ਵੱਲੋਂ ਇਸ ਦੇ ਖਿਲਾਫ ਪੁਲਸ ਰਿਪੋਰਟ ਦਰਜ ਕਰਵਾਈ ਗਈ ।
ਇਸ ਮਾਮਲੇ ਸਬੰਧੀ ਜਦੋਂ ਪੁਲਸ ਚੌਂਕੀ ਇੰਚਾਰਜ ਪ੍ਰੇਮ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਨੇਕ ਸਿੰਘ ਨਾਂ ਦਾ ਵਿਅਕਤੀ ਹੈ ਜੋ ਕਿ ਪਿੰਡ ਕਾਠ ਦਾ ਰਹਿਣ ਵਾਲਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਨੂੰ ਹੱਥ ਵਿੱਚ ਲੈਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ!

ਇਸ ਸਾਰੇ ਮਾਮਲੇ ਸਬੰਧੀ ਜਦੋਂ ਸਕੂਲ ਪ੍ਰਿੰਸੀਪਲ ਪੂਨਮ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਬਹੁਤ ਮੰਦਭਾਗਾ ਹੈ। ਇੱਕ ਸਕੂਲ ਬੱਸ ਉਪਰ ਡੰਡਿਆਂ ਦੇ ਨਾਲ ਹਮਲਾ ਕਰਨਾ ਕੋਈ ਸਮਝਦਾਰੀ ਨਹੀਂ। ਉਸ ਦੀ ਸਮਝਦਾਰੀ ਇਹ ਸੀ ਕਿ ਉਹ ਸਕੂਲ ਨਾਲ ਸੰਪਰਕ ਕਰਦਾ ,ਸਾਡੀ ਹਰ ਇੱਕ ਸਕੂਲ ਬੱਸ ਉੱਪਰ ਸਕੂਲ ਦਾ ਨੰਬਰ ਲਿਖਿਆ ਗਿਆ ਹੈ ਜਾਂ ਸਕੂਲ ਅੰਦਰ ਆ ਕੇ ਵੀ ਸ਼ਿਕਾਇਤ ਕਰ ਸਕਦਾ ਸੀ। ਪਰ ਉਸ ਨੇ ਅਜਿਹਾ ਨਹੀਂ ਕੀਤਾ ਜੋ ਉਸਨੇ ਕੀਤਾ ਹੈ ਉਸ ਨਾਲ ਕੋਈ ਵੱਡਾ ਨੁਕਸਾਨ ਵੀ ਸਕੂਲੀ ਬੱਚਿਆਂ ਦਾ ਹੋ ਸਕਦਾ ਸੀ। ਜਿਸ ਬੱਚੇ ਦੀ ਅੱਖ ਵਿੱਚ ਕੰਚ ਲੱਗਿਆ ਹੈ ਉਹ ਹਸਪਤਾਲ ਵਿੱਚ ਦਾਖਲ ਹੈ ਅਤੇ ਦੂਸਰੇ ਬੱਚਿਆਂ ਨੂੰ ਵੀ ਮੈਡੀਕਲ ਸਹਾਇਤਾ ਦਿੱਤੀਆਂ ਗਈਆਂ ਹਨ ।

ਉਨ੍ਹਾਂ ਨੇ ਦੱਸਿਆ ਕਿ ਅਸੀਂ ਸਾਰੇ ਪਹਿਲੂਆਂ ਤੋਂ ਪੂਰੀ ਜਾਂਚ ਕਰਵਾ ਲਈ ਹੈ ਕਿ ਡਰਾਈਵਰ ਦਾ ਇਸ ਵਿੱਚ ਕੋਈ ਵੀ ਕਸੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੀ ਪੁਲਸ ਪ੍ਰਸ਼ਾਸਨ ਤੋਂ ਇਹੀ ਮੰਗ ਹੈ ਕਿ ਦੋਸ਼ੀ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ , ਤਾਂ ਜੋ ਭਵਿੱਖ ਵਿੱਚ ਵੀ ਕੋਈ ਅਜਿਹਾ ਕਦਮ ਨਾ ਚੁੱਕਿਆ ਜਾ ਸਕੇ।

# ਸ਼ਿਵ ਸੈਨਾ ਹਿੰਦੁਸਤਾਨ ਦੇ ਮੀਡੀਆ ਸਲਾਹਕਾਰ ਪਰਵੀਨ ਕੋਮਲ ਸ਼ੋਕ ਸੰਦੇਸ਼ ਲੈ ਕੇ ਚੰਡੀਗੜ੍ਹ ਵਿਖੇ ਏਡੀਜੀਪੀ ਵਾਈ. ਪੂਰਨ ਕੁਮਾਰ ਦੀ ਪਤਨੀ ਨੂੰ ਮਿਲੇ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਮੀਡੀਆ ਸਲਾਹਕਾਰ ਪਰਵੀਨ ਕੋਮਲ,ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਮੁਖੀ, ਸ਼੍ਰੀ ਪਵਨ ਗੁਪਤਾ ਦਾ ਸ਼ੋਕ ਸੰਦੇਸ਼ ਲੈ ਕੇ ਹਰਿਆਣਾ ਦੇ ਏਡੀਜੀਪੀ ਵਾਈ. ਪੂਰਨ ਕੁਮਾਰ ਦੀ ਪਤਨੀ, ਅਮਨੀਤ ਪੀ. ਕੁਮਾਰ ਨੂੰ ਹੌਸਲਾ ਦੇਣ ਲਈ ਚੰਡੀਗੜ੍ਹ ਪਹੁੰਚੇ, । ਉਨ੍ਹਾਂ ਦੇ ਨਾਲ ਸ਼ਿਵ ਸੈਨਾ ਹਿੰਦੁਸਤਾਨ ਮਹਿਲਾ ਸੈਨਾ ਦੀ ਉੱਤਰੀ ਭਾਰਤ ਪ੍ਰਧਾਨ, ਸ਼੍ਰੀਮਤੀ ਸਵਰਾਜ ਘੁੰਮਣ, ਉੱਤਰੀ ਹਿੰਦੁਸਤਾਨ ਮਹਿਲਾ ਸੈਨਾ ਦੀ ਉਪ ਪ੍ਰਧਾਨ, ਸ਼੍ਰੀਮਤੀ ਕਾਂਤਾ ਬਾਂਸਲ, ਦੇਵ ਪ੍ਰਿਆ ਅਤੇ ਪਟਿਆਲਾ ਜ਼ਿਲ੍ਹਾ ਉਪ ਪ੍ਰਧਾਨ, ਰਾਕੇਸ਼ ਕੁਮਾਰ ਵੀ ਸਨ।

ਮੀਡੀਆ ਨੂੰ ਸੰਬੋਧਨ ਕਰਦੇ ਹੋਏ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਮੀਡੀਆ ਸਲਾਹਕਾਰ, ਸ਼੍ਰੀ ਪਰਵੀਨ ਕੋਮਲ ਅਤੇ ਸ਼੍ਰੀਮਤੀ ਸਵਰਾਜ ਘੁੰਮਣ ਨੇ ਕਿਹਾ ਕਿ ਸ਼੍ਰੀ ਪਵਨ ਗੁਪਤਾ ਦੀ ਅਗਵਾਈ ਹੇਠ, ਸ਼ਿਵ ਸੈਨਾ ਹਿੰਦੁਸਤਾਨ ਵਿਛੜੀ ਆਤਮਾ ਲਈ ਇਨਸਾਫ਼ ਯਕੀਨੀ ਬਣਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਸ਼੍ਰੀ ਕੋਮਲ ਨੇ ਕਿਹਾ ਕਿ ਜਾਤੀ ਦੇ ਆਧਾਰ 'ਤੇ ਕਿਸੇ ਨੂੰ ਵੀ ਪਰੇਸ਼ਾਨ ਕਰਨਾ ਬਹੁਤ ਦੁਖਦਾਈ ਹੈ। ਇੱਕ ਆਈਪੀਐਸ ਅਧਿਕਾਰੀ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਗਿਆ। ਉਸਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਵੀ ਨਹੀਂ ਕੀਤਾ ਗਿਆ, ਜੋ ਕਿ ਬਹੁਤ ਗਲਤ ਹੈ। ਇਸ ਦੇਸ਼ ਵਿੱਚ ਲੋਕ ਸਦਭਾਵਨਾ ਨਾਲ ਰਹਿੰਦੇ ਹਨ, ਪਰ ਕੁਝ ਵਿਅਕਤੀ ਇਸ ਭਾਈਚਾਰੇ ਨੂੰ ਭੰਗ ਕਰਨ ਦਾ ਕੰਮ ਕਰਦੇ ਹਨ। ਦੋਸ਼ੀ ਭਾਵੇਂ ਕਿੰਨਾ ਵੀ ਉੱਚਾ ਅਹੁਦਾ ਕਿਉਂ ਨਾ ਰੱਖਦਾ ਹੋਵੇ, ਸ਼ਿਵ ਸੈਨਾ ਹਿੰਦੁਸਤਾਨ ਮੰਗ ਕਰਦੀ ਹੈ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ ਤਾਂ ਜੋ ਇਸ ਪਰਿਵਾਰ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੀ ਅਗਵਾਈ ਹੇਠ ਸ਼ਿਵ ਸੈਨਾ ਇਸ ਪਰਿਵਾਰ ਨੂੰ ਇਨਸਾਫ਼ ਦਿਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਸ ਮੌਕੇ ਸ਼ਿਵ ਸੈਨਾ ਹਿੰਦੁਸਤਾਨ ਮਹਿਲਾ ਸੈਨਾ ਦੀ ਉੱਤਰੀ ਭਾਰਤ ਪ੍ਰਧਾਨ ਸ਼੍ਰੀਮਤੀ ਸਵਰਾਜ ਘੁੰਮਣ ਅਤੇ ਉੱਤਰੀ ਭਾਰਤ ਦੀ ਉਪ ਪ੍ਰਧਾਨ ਸ਼੍ਰੀਮਤੀ ਕਾਂਤਾ ਬਾਂਸਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਖੁਦਕੁਸ਼ੀ ਨੋਟ ਵਿੱਚ ਦੱਸੇ ਗਏ 14 ਲੋਕਾਂ ਵਿਰੁੱਧ ਐਫਆਈਆਰ ਕਿਉਂ ਦਰਜ ਨਹੀਂ ਕੀਤੀ ਗਈ। ਕੀ ਜਾਤੀਵਾਦੀ ਸ਼ਬਦਾਂ ਦੀ ਵਰਤੋਂ ਕਿਸੇ ਰਾਜਨੀਤਿਕ ਜਾਂ ਨੌਕਰਸ਼ਾਹੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤੀ ਗਈ ਸੀ? ਸ਼੍ਰੀਮਤੀ ਸਵਰਾਜ ਘੁੰਮਣ, ਜੋ ਕਿ ਸਾਬਕਾ ਡੀਜੀਪੀ ਸਵਰਗੀ ਸ਼੍ਰੀ ਲਲਿਤ ਭਾਟੀਆ ਦੀ ਪਤਨੀ ਵੀ ਹਨ, ਨੇ ਕਿਹਾ ਕਿ ਉਨ੍ਹਾਂ ਨੇ ਅਨੁਭਵ ਕੀਤਾ ਹੈ ਕਿ ਕਈ ਵਾਰ ਪੁਲਿਸ ਅਧਿਕਾਰੀ ਰਾਜਨੀਤਿਕ ਦਬਾਅ ਕਾਰਨ ਖੁਦਕੁਸ਼ੀ ਕਰਨ ਲਈ ਮਜਬੂਰ ਹੁੰਦੇ ਹਨ, ਜਿਵੇਂ ਉਨ੍ਹਾਂ ਦੇ ਪਤੀ, ਸਾਬਕਾ ਡੀਜੀਪੀ ਪੰਜਾਬ ਲਲਿਤ ਭਾਟੀਆ ਨੂੰ ਵੀ ਰਾਜਨੀਤਿਕ ਦਬਾਅ ਦਾ ਸਾਹਮਣਾ ਕਰਨਾ ਪਿਆ ਸੀ।

# ਮੋਦੀ ਸਰਕਾਰ ਦੇ ਫੈਸਲੇ ਨਾਲ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ : ਡਾ. ਗੁਰਵਿੰਦਰ ਕਾਂਸਲ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਦੀ ਮੋਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਪ੍ਰੈਸ ਦੇ ਨਾਂ ਜਾਰੀ ਬਿਆਨ ਵਿੱਚ ਸਪਸ਼ਟ ਕੀਤਾ ਹੈ ਕਿ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਜੱਥਿਆਂ ਉੱਪਰ ਕਿਸੇ ਵੀ ਕਿਸਮ ਦੀ ਕੋਈ ਵੀ ਰੋਕ ਨਹੀਂ ਹੈ। ਇਸ ਮੌਕੇ ਪਟਿਆਲਾ ਤੋਂ ਭਾਜਪਾ ਨੇਤਾ ਡਾ. ਗੁਰਵਿੰਦਰ ਕਾਂਸਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਸ ਇਤਿਹਾਸਕ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਹਮੇਸ਼ਾ ਤੋਂ ਹੀ ਇੱਕ ਧਰਮ ਨਿਰਪੱਖ ਅਤੇ ਸਿੱਖ ਭਾਈਚਾਰੇ ਵਿੱਚ ਹਰਮਨ ਪਿਆਰੇ ਨੇਤਾ ਦੇ ਤੌਰ 'ਤੇ ਜਾਣੇ ਜਾਂਦੇ ਹਨ।

ਉਹਨਾਂ ਨੇ ਗੁਰਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਜੱਥਿਆਂ ਨੂੰ ਮਨਜ਼ੂਰੀ ਦੇ ਕੇ ਸਮੁੱਚੇ ਸਿੱਖ ਭਾਈਚਾਰੇ ਦਾ ਦਿਲ ਜਿੱਤ ਲਿਆ ਹੈ ਅਤੇ ਇਸ ਫ਼ੈਸਲੇ ਨਾਲ ਪੂਰੇ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਕਿਉਂਕਿ ਸਿੱਖ ਸੰਗਤ ਹਰ ਸਾਲ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਦੀ ਹੈ ਅਤੇ ਸਿੱਖ ਸ਼ਰਧਾਲੂ ਉਥੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਦੇ ਹਨ।

# 27 ਅਕਤੂਬਰ ਨੂੰ ਰੱਖਿਆ ਜਾਵੇਗਾ ਪਟਿਆਲਾ ਦੇ ਪੁਰਾਤਨ ਸ੍ਰੀ ਕਾਲੀ ਦੇਵੀ ਮੰਦਿਰ ਦੀ ਕਾਇਆਕਲਪ ਕਰਨ ਲਈ ਨਵ-ਨਿਰਮਾਣ ਕਾਰਜਾਂ ਦਾ ਨੀਂਹ ਪੱਥਰ : ਮੰਦਿਰ ਐਡਵਾਈਜ਼ਰੀ ਕਮੇਟੀ

**➢ ਮੰਦਿਰ ਵਿਖੇ ਰੋਜ਼ਾਨਾ ਹੋ ਰਿਹਾ ਹੈ ਹਵਨ, ਕੋਈ ਵੀ ਸ਼ਰਧਾਲੂ ਬੁਕਿੰਗ ਨਾਲ ਮੁਫ਼ਤ ਕਰਵਾ ਸਕਦਾ ਹੈ ਹਵਨ ਪੂਜਾ : ਸੰਜੇ ਸਿੰਗਲਾ**
**➢ ਨਵੀਂ ਮੰਦਿਰ ਕਮੇਟੀ ਨੇ ਆਪਣੇ ਪਹਿਲੇ ਨਵਰਾਤਰਿਆਂ ਦੌਰਾਨ ਕੀਤੇ ਸੰਗਤ ਲਈ ਪੁਖ਼ਤਾ ਪ੍ਰਬੰਧ: ਡਾ. ਰਾਜ ਕੁਮਾਰ ਗੁਪਤਾ**

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਪੁਰਾਤਨ ਤੇ ਇਤਿਹਾਸਕ ਸ੍ਰੀ ਕਾਲੀ ਦੇਵੀ ਮੰਦਿਰ ਦੀ ਐਡਵਾਈਜ਼ਰੀ ਕਮੇਟੀ ਨੇ ਅੱਜ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਹੈ ਕਿ ਸ੍ਰੀ ਕਾਲੀ ਦੇਵੀ ਮੰਦਿਰ ਦੀ ਕਾਇਆਂਕਲਪ ਕਰਨ ਲਈ ਕੀਤੇ ਜਾਣ ਵਾਲੇ ਨਵ ਨਿਰਮਾਣ ਕਾਰਜਾਂ ਦੀ ਸ਼ੁਭ ਸ਼ੁਰੂਆਤ 27 ਅਕਤੂਬਰ ਨੂੰ ਕੀਤੀ ਜਾਵੇਗੀ।

ਅੱਜ ਸ਼ਾਮ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਮੇਟੀ ਮੈਂਬਰਾਂ ਸੀ.ਏ ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜ ਕੁਮਾਰ ਗੁਪਤਾ ਤੇ ਏ.ਡੀ.ਸੀ.(ਜ)-ਕਮ-ਸੀਈਓ ਸਿਮਰਪ੍ਰੀਤ ਕੌਰ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਲੋੜੀਂਦੇ ਸਰੋਤਾਂ ਨਾਲ ਮੰਦਰ ਦੀ ਕਾਇਆਕਲਪ ਕਰਨ ਦਾ ਐਲਾਨ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਇਸੇ ਐਲਾਨ ਦੇ ਮੱਦੇਨਜ਼ਰ ਪੂਰੀ ਯੋਜਨਾ ਅਤੇ ਨਕਸ਼ਾ ਤਿਆਰ ਕਰ ਲਿਆ ਗਿਆ ਹੈ, ਜਿਸਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ 27 ਅਕਤੂਬਰ ਨੂੰ ਪੂਰੀ ਧਾਰਮਿਕ ਮਰਿਆਦਾ ਨਾਲ ਪੂਜਾ ਅਰਚਨਾ ਕਰਕੇ ਮੰਦਿਰ ਦੇ ਨਵ ਨਿਰਮਾਣ ਕਾਰਜਾਂ ਦੀ ਸ਼ੁਭ ਸ਼ੁਰੂਆਤ ਕਰਵਾਈ ਜਾਵੇਗੀ।

ਸੀਏ ਅਜੇ ਅਲੀਪੁਰੀਆ ਨੇ ਕਿਹਾ ਕਿ ਪਿਛਲੇ 30 ਸਾਲਾਂ ਤੋਂ ਮੰਦਰ ਦੇ ਸੁੱਕੇ ਪਏ ਸਰੋਵਰ 'ਚ ਤਾਜ਼ਾ ਪਾਣੀ ਭਰਕੇ ਇਸਨੂੰ ਸੁਰਜੀਤ ਕੀਤਾ ਜਾਵੇਗਾ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਗਏ ਐਲਾਨ ਦੇ ਤਹਿਤ ਹੀ ਪਾਈਪਲਾਈਨ ਪਾਉਣ ਦੇ ਕੰਮ 90 ਫੀਸਦੀ ਮੁਕੰਮਲ ਕਰ ਲਏ ਗਏ ਹਨ। ਇਸ ਤਰ੍ਹਾਂ ਪਵਿੱਤਰ ਸਰੋਵਰ ਦਾ ਪੂਰੀ ਤਰ੍ਹਾਂ ਨਵੀਨੀਕਰਨ ਕੀਤਾ ਜਾਵੇਗਾ, ਜਿਸ ਵਿੱਚ ਵਾਟਰਪ੍ਰੂਫਿੰਗ, ਕਿਨਾਰਿਆਂ 'ਤੇ ਪੱਥਰ ਲਗਾਉਣਾ ਅਤੇ ਰਸਤਿਆਂ ਨੂੰ ਹੋਰ ਵਧੀਆ ਦਿੱਖ ਦੇਣਾ ਸ਼ਾਮਲ ਹੈ।ਇਸ ਤੋਂ ਬਿਨ੍ਹਾਂ ਮੰ ?ਦਿਰ ਦੇ ਸੀਵਰੇਜ ਦਾ ਟੈਂਡਰ ਵੀ ਲੱਗ ਚੁੱਕਾ ਹੈ ਅਤੇ ਜਲਦੀ ਹੀ ਸੀਵਰੇਜ ਪ੍ਰਾਜੈਕਟ ਦਾ ਵੀ ਨਵੀਨੀਕਰਨ ਕਰ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਮੰਦਰ ਵਿਖੇ ਜਲਦ ਹੀ ਆਮ ਆਦਮੀ ਕਲੀਨਿਕ ਵੀ ਖੋਲ੍ਹਿਆ ਜਾਵੇਗਾ।

ਐਡਵਾਈਜਰੀ ਕਮੇਟੀ ਮੈਂਬਰਾਂ ਨੇ ਅੱਗੇ ਦੱਸਿਆ ਕਿ ਸ਼ਹਿਰੀ ਅਤੇ ਧਾਰਮਿਕ ਯੋਜਨਾ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਭਵਿੱਖ ਵਿੱਚ ਹੋਣ ਵਾਲੀਆਂ ਉਸਾਰੀਆਂ, ਵਿਰਾਸਤੀ ਸਾਂਭ-ਸੰਭਾਲ, ਤੀਰਥ ਯਾਤਰਾ ਸੇਵਾਵਾਂ, ਸੈਨੀਟੇਸ਼ਨ, ਪਾਰਕਿੰਗ ਅਤੇ ਟ੍ਰੈਫਿਕ ਦੇ ਸੁਚਾਰੂ ਪ੍ਰਬੰਧਨ ਲਈ ਇੱਕ ਵਿਆਪਕ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸ੍ਰੀ ਕਾਲੀ ਮਾਤਾ ਮੰਦਰ ਉੱਤਰੀ ਭਾਰਤ ਦੇ ਸਭ ਤੋਂ ਵੱਧ

ਮੰਨਤਾ ਵਾਲੇ ਅਤੇ ਇਤਿਹਾਸਕ ਮੰਦਰਾਂ ਵਿੱਚੋਂ ਇੱਕ ਹੈ ਅਤੇ ਇਹ ਮੰਦਰ ਪੰਜਾਬ ਦੀ ਅਮੀਰ ਅਧਿਆਤਮਿਕ ਵਿਰਾਸਤ ਦਾ ਪ੍ਰਮਾਣ ਹੈ।ਇਸ ਲਈ ਸੂਬੇ ਦੀ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦੇ ਹੋਏ ਸਾਡੇ ਨੌਜਵਾਨਾਂ ਨੂੰ ਸਾਡੇ ਸ਼ਾਨਦਾਰ ਅਤੀਤ ਤੋਂ ਜਾਣੂ ਕਰਵਾਉਣ ਲਈ ਇਸ ਮੰਦਿਰ ਨੂੰ ਸ਼ਰਧਾਲੂਆਂ ਲਈ ਬਹੁਤ ਹੀ ਵਿਸ਼ਾਲ ਅੱਤੇ ਭਵਯ ਰੂਪ ਦਿੱਤਾ ਜਾਵੇਗਾ।

ਮੈਂਬਰ ਸੰਜੇ ਸਿੰਗਲਾ ਅਤੇ ਡਾ. ਰਾਜ ਕੁਮਾਰ ਗੁਪਤਾ ਨੇ ਅੱਗੇ ਦੱਸਿਆ ਕਿ ਕਮੇਟੀ ਵੱਲੋਂ ਆਪਣੀ ਸੇਵਾ ਦੌਰਾਨ ਇਸ ਵਾਰ ਨਵਰਾਤਰੇ ਸਨ ਅਤੇ ਇ ਮੌਕੇ ਸ਼ਾਨਦਾਰ ਪ੍ਰਬੰਧ ਕੀਤੇ ਗਏ ਅ ਇੱਥੇ ਹਵਨ ਰੋਜ਼ਾਨਾ ਹੋ ਰਿਹਾ ਹੈ ਜਿ ਵਿੱਚ ਕੋਈ ਵੀ ਸ਼ਰਧਾਲੂ ਬੁਕਿੰਗ ਨਾ ਮੁਫ਼ਤ ਹਵਨ ਪੂਜਾ ਕਰਵਾ ਸਕਦਾ ਹੈ ਮੰਦਿਰ ਸਲਾਹਕਾਰੀ ਕਮੇਟੀ ਨਵਰਾਤਰਿਆਂ ਮੌਕੇ ਮੇਅਰ ਕੁੰਦ ਗੋਗੀਆ, ਡਿਪਟੀ ਕਮਿਸ਼ਨਰ ਡਾ. ਪ੍ਰੀ ਯਾਦਵ, ਐਸ.ਐਸ.ਪੀ ਵਰੁਣ ਸ਼ਰਮਾ ਏ.ਡੀ.ਸੀ. ਸਿਮਰਪ੍ਰੀਤ ਕੌਰ ਦ ਨਿਰਦੇਸ਼ਨਾ ਹੇਠ ਪ੍ਰਸ਼ਾਸਨ ਵੱਲੋਂ ਕੀ ਪ੍ਰਬੰਧਾਂ ਲਈ ਸ਼ਲਾਘਾ ਕੀਤੀ।

ਉਨ੍ਹਾਂ ਦੱਸਿਆ ਇਸ ਵਾਰ ਲੰਗ ਭੰਡਾਰੇ ਵਿਖੇ ਕਰੀਬ ਇੱਕ ਲੱਖ ਦੇ ਕਰੀ ਸ਼ਰਧਾਲੂਆਂ ਨੇ ਪ੍ਰਸ਼ਾਦ ਛਕਿਆ ਹੈ ਅ ਮੰਦਿਰ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਹੈ ਇਸ ਮੌਕੇ ਏ.ਡੀ.ਸੀ. ਸਿਮਰਪ੍ਰੀਤ ਕੌਰ ਦਸਿਆ ਕਿ ਮੰਦਿਰ ਦੇ ਅੰਦਰ ਅ ਦੁਆਲੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂ ਕੀਤਾ ਗਿਆ ਹੈ ਤੇ ਸ਼ਰਾਰਤੀ ਤੱਤਾਂ ਖਾਸ ਕਰਕੇ ਜੇਬ ਕਤਰਿਆਂ ਉਪ ਨਿਗਰਾਨੀ ਕਰਨ ਲਈ ਵੀ ਯਤਨ ਕੀ ਗਏ ਹਨ।

# ਤਰਨਤਾਰਨ ਜ਼ਿਲਾ ਪ੍ਰਸ਼ਾਸਨ ਨੇ ਚੋਣ ਪ੍ਰਕਿਰਿਆ ਦੌਰਾਨ ਚੌਕਸੀ ਹੋਰ ਵਧਾਈ

**ਕੌਮੀ ਪਤ੍ਰਿਕਾ**

ਤਰਨਤਾਰਨ 18 ਅਕਤੂਬਰ। ਜ਼ਿਲਾ ਚੋਣ ਅਧਿਕਾਰੀ ਰਾਹੁਲ ਨੇ ਇਕ ਵਾਰ ਫਿਰ ਦੁਹਰਾਇਆ ਹੈ ਕਿ ਵਿਧਾਨ ਸਭਾ ਹਲਕਾ ਤਰਨਤਾਰਨ ਦੀ ਚੋਣ ਪੂਰੀ ਤਰ੍ਹਾਂ ਆਜ਼ਾਦ ਤੇ ਨਿਰਪੱਖ ਮਾਹੌਲ ਵਿਚ ਕਰਵਾਈ ਜਾਵੇਗੀ ਅਤੇ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਜ਼ਿਲੇ ਵਿਚ ਆਦਰਸ਼ ਚੋਣ ਜ਼ਾਬਤੇ ਨੂੰ ਇੰਨ-ਬਿੰਨ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨੇ ਵਿਧਾਨ ਸਭਾ ਹਲਕਾ ਤਰਨਤਾਰਨ ਸੀਟ ਦਾ ਇਲਾਕਾ ਕੌਮਾਂਤਰੀ ਸਰਹੱਦੀ ਨਾਲ ਲੱਗਦੇ ਹੋਣ ਕਰਕੇ ਜ਼ਿਲਾ ਪ੍ਰਸ਼ਾਸਨ ਵੱਲੋਂ ਵਧੇਰੇ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਚੋਣ ਅਮਲੇ ਨੂੰ ਵੋਟਾਂ ਤੋਂ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਹਰ ਗਤੀਵਿਧੀ ਉੱਤੇ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਆਦਰਸ਼ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਹੈ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਜੇਕਰ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਸ ਨੂੰ ਸਮਾਂਬੱਧ ਤਰੀਕੇ ਨਾਲ ਨਿਪਟਾਇਆ ਜਾ ਰਿਹਾ ਹੈ। ਜ਼ਿਲਾ ਚੋਣ ਅਧਿਕਾਰੀ ਨੇ ਕਿਹਾ ਕਿ ਪੋਲਿੰਗ ਬੂਥਾਂ, ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿਚ ਢੁੱਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵ?ਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੀ.ਸੀ.ਟੀ.ਵੀ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬ ਕਾਸਟਿੰਗ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਮੌਕੇ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਸਵੀਪ ਗਤੀਵਿਧੀਆਂ ਵੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਜ਼ਿਲਾ ਚੋਣ ਅਧਿਕਾਰੀ ਰਾਹੁਲ ਨੇ ਕਿਹਾ ਕਿ ਪੁਲਸ ਵਿਭਾਗ ਵੱਲੋਂ ਨਾਕਿਆਂ ਉੱਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਮਦਦ ਨਾਲ ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਾਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਨੱਥ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਵੋਟਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਜੇਕਰ ਕੋਈ ਨਕਦੀ ਜਾਂ ਕਿਸੇ ਹੋਰ ਤਰ੍ਹਾਂ ਦਾ ਸਾਮਾਨ (ਫਰੀ ਬੀਜ਼) ਵੰਡਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਖਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਲਈ ਜ਼ਿਲਾ ਪੱਧਰ 'ਤੇ ਇਕ ਸ਼ਿਕਾਇਤ ਸੈੱਲ ਗਠਿਤ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਸੀ-ਵਿਜ਼ਿਲ ਐਪ ਉੱਪਰ ਵੀ ਚੋਣ ਜ਼ਾਬਤੇ ਦੀ ਉਲੰਘਣਾਂ ਦੀ ਸ਼ਿਕਾਇਤ ਕੀਤੀ ਜਾ ਸਕਦੀ ਹੈ। ਜ਼ਿਲਾ ਚੋਣ ਅਧਿਕਾਰੀ ਨੇ ਦੱਸਿਆ ਕਿ ਵੋਟਿੰਗ ਲਈ ਕੁੱਲ 114 ਥਾਵਾਂ ਉੱਤੇ 222 (ਸ਼ਹਿਰੀ 60 ਅਤੇ ਪੇਂਡੂ 162) ਪੋਲਿੰਗ ਬੂਥ ਬਣਾਏ ਗਏ ਹਨ।



ਇਨ੍ਹਾਂ ਵਿਚੋਂ ਹੁਣ ਤੱਕ 100 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ ਵਿਚ ਇਕ ਦਰਜਨ ਤੋਂ ਵੱਧ ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਉੱਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਅਨੁਸਾਰ ਜ਼ਿਮਨੀ ਚੋਣ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਹਲਕੇ ਵਿਚ 9 ਮਾਡਲ ਪੋਲਿੰਗ ਬੂਥ ਅਤੇ ਮਹਿਲਾਵਾਂ ਨੂੰ ਸਮਰਪਿਤ 3 ਪੋਲਿੰਗ ਬੂਥ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਤਰਨਤਾਰਨ ਹਲਕੇ ਵਿਚ ਵੋਟਰਾਂ ਦੀ ਕੁੱਲ ਗਿਣਤੀ 1,93,742 ਹੈ, ਜਿਸ ਵਿਚ 1,01,494 ਪੁਰਸ਼ ਵੋਟਰ ਅਤੇ 92,240 ਮਹਿਲਾ ਵੋਟਰ ਸ਼ਾਮਲ ਹਨ। ਐੱਸ.ਐੱਸ.ਪੀ. ਤਰਨਤਾਰਨ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਹੁਣ ਤੱਕ 1435 ਪੁਲਸ ਮੁਲਾਜ਼ਮ ਅਤੇ ਹੋਰ ਸੁਰੱਖਿਆ ਬਲ ਤਾਇਨਾਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਬੰਦੋਬਸਤ ਮਜ਼ਬੂਤ ਕਰਨ ਦੇ ਮਕਸਦ ਨਾਲ ਕਪੂਰਥਲਾ ਅਤੇ ਅੰਮ੍ਰਿਤਸਰ ਜ਼ਿਲਿਆਂ ਨਾਲ ਲੱਗਦੀ ਸਰਹੱਦ ਉੱਤੇ 6 ਨਾਕੇ ਲਗਾਏ ਗਏ ਹਨ, ਜਿੱਥੇ 24 ਘੰਟੇ ਹਰ ਗਤੀਵਿਧੀ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾਉਣ ਲਈ 1950 ਨੰਬਰ ਚਾਲੂ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਲਕੇ ਵਿਚ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਉੱਤੇ ਨਜ਼ਰ ਰੱਖਣ ਲਈ 6 ਫਲਾਇੰਗ ਸਕੂਐਡ ਦੀਆਂ ਟੀਮਾਂ ਅਤਿ ਆਧੁਨਿਕ ਗੱਡੀਆਂ ਸਮੇਤ ਸੜਕਾਂ ਉੱਤੇ 24 ਘੰਟੇ ਨਿਗਰਾਨੀ ਕਰ ਰਹੀਆਂ ਹਨ।

## ਮੇਲਾ ਦੇਖਣ ਗਏ ਨੌਜਵਾਨ ਦੀ ਚਾਕੂ ਮਾਰ ਕੇ ਹੱਤਿਆ

ਬਰੇਲੀ 18 ਅਕਤੂਬਰ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ ਵਿੱਚ ਇੱਕ ਮੇਲਾ ਦੇਖਣ ਗਏ ਇੱਕ ਨੌਜਵਾਨ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਰਾਤ ਨੂੰ ਬਿਠਰੀ ਚੈਨਪੁਰ ਥਾਣਾ ਖੇਤਰ ਦੇ ਰਾਜੌ ਪਰਸਾਪੁਰ ਪਿੰਡ ਵਿੱਚ ਵਾਪਰੀ। ਉਨ੍ਹਾਂ ਕਿਹਾ ਕਿ ਪੀੜਤ ਅਭਿਸ਼ੇਕ ਯਾਦਵ ਦਾ ਕਥਿਤ ਤੌਰ 'ਤੇ ਆਪਣੇ ਪਿੰਡ ਵਿੱਚ ਕਿਸੇ ਹੋਰ ਜਾਤੀ ਦੀ ਕੁੜੀ ਨਾਲ ਪ੍ਰੇਮ ਸਬੰਧ ਸੀ, ਜਿਸ ਕਾਰਨ ਦੋਵਾਂ ਪਰਿਵਾਰਾਂ ਵਿੱਚ ਤਣਾਅ ਪੈਦਾ ਹੋ ਗਿਆ ਸੀ। ਪੁਲਸ ਅਨੁਸਾਰ ਅਭਿਸ਼ੇਕ ਪਿੰਡ ਵਿੱਚ ਇੱਕ ਪਲਾਈਵੁੱਡ ਵਰਕਸ਼ਾਪ ਵਿੱਚ ਕੰਮ ਕਰਦਾ ਸੀ ਅਤੇ ਉਸਦੇ ਪਿਤਾ ਰਾਮ ਕਿਸ਼ਨ ਸਾਬਕਾ ਫੌਜੀ ਸਨ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਮੇਲੇ ਵਿੱਚ 'ਰਾਵਣ ਦਹਿਨ' ਸਮਾਰੋਹ ਦੌਰਾਨ ਹੋਈ ਲੜਾਈ ਤੋਂ ਬਾਅਦ ਕੁਝ ਪਿੰਡ ਵਾਸੀਆਂ ਨੇ ਕਥਿਤ ਤੌਰ 'ਤੇ ਅਭਿਸ਼ੇਕ 'ਤੇ ਕਈ ਵਾਰ ਚਾਕੂ ਮਾਰ ਦਿੱਤੇ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਪਰਿਵਾਰਕ ਮੈਂਬਰਾਂ ਦੇ ਅਨੁਸਾਰ ਅਭਿਸ਼ੇਕ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਪੁਲਸ ਸੁਪਰਡੈਂਟ (ਉੱਤਰੀ) ਮੁਕੇਸ਼ ਚੰਦਰ ਮਿਸ਼ਰਾ ਨੇ ਕਿਹਾ, ਘਟਨਾ ਦੇ ਸਬੰਧ ਵਿੱਚ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਤਿੰਨ ਨਾਮਜ਼ਦ ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਤਰਨਤਾਰਨ ਜ਼ਿਮਨੀ ਚੋਣ ਲਈ ਅੱਜ ਤੋਂ ਭਰੀਆਂ ਜਾਣਗੀਆਂ ਨਾਮਜ਼ਦਗੀਆਂ

**ਕੌਮੀ ਪਤ੍ਰਿਕਾ**

ਤਰਨਤਾਰਨ 18 ਅਕਤੂਬਰ। ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀ 21-ਤਰਨਤਾਰਨ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਦਾ ਪ੍ਰੋਗਰਾਮ ਐਲਾਨ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨਤਾਰਨ ਰਾਹੁਲ ਨੇ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ 13 ਅਕਤੂਬਰ, 2025 ਨੂੰ ਗਜ਼ਟ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਸ਼ੁਰੂ ਹੋਵੇਗੀ ਅਤੇ 21 ਅਕਤੂਬਰ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ 22 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 24 ਅਕਤੂਬਰ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅੰਤਿਮ ਮਿਤੀ ਹੈ। ਉਨ੍ਹਾਂ ਦੱਸਿਆ ਕਿ ਵੋਟਾਂ 11 ਨਵੰਬਰ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਇਸ ਦੇ ਨਾਲ ਹੀ ਸਮੁੱਚੀ ਚੋਣ ਪ੍ਰਕਿਰਿਆ 16 ਨਵੰਬਰ, 2025 ਤੱਕ ਮੁਕੰਮਲ ਕਰ ਲਈ ਜਾਵੇਗੀ। ਜ਼ਿਲਾ ਚੋਣ ਅਧਿਕਾਰੀ ਨੇ ਜਾਣਕਾਰੀ ਦਿੱਤੀ ਕਿ ਵੋਟਿੰਗ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰ 13 ਅਕਤੂਬਰ ਤੋਂ 21 ਅਕਤੂਬਰ ਤੱਕ ਕਿਸੇ ਵੀ ਕੰਮਕਾਜੀ ਦਿਨ (ਜਨਤਕ ਛੁੱਟੀਆਂ ਨੂੰ ਛੱਡ ਕੇ) ਸਵੇਰੇ



11 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਰਿਟਰਨਿੰਗ ਅਫ਼ਸਰ ਕੋਲ ਦਾਖਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਪੱਤਰ ਫਾਰਮ 2ਬੀ ਵਿਚ ਜਮ?ਹਾਂ ਕਰਵਾਉਣੇ ਹੋਣਗੇ, ਜੋ ਸਬੰਧਤ ਰਿਟਰਨਿੰਗ ਅਫ਼ਸਰ ਕੋਲ ਉਪਲੱਬਧ ਹਨ। ਉਨ੍ਹਾਂ ਅੱਗੇ ਦੱਸਿਆ ਕਿ ਉਮੀਦਵਾਰ ਦਾ ਸੂਬੇ ਦੇ ਅੰਦਰ ਕਿਸੇ ਵੀ ਹਲਕੇ ਦਾ ਰਜਿਸਟਰਡ ਵੋਟਰ ਹੋਣਾ ਜ਼ਰੂਰੀ ਹੈ ਅਤੇ ਉਸ ਨੂੰ ਵੋਟਰ ਸੂਚੀ ਵਿਚ ਸਬੰਧਤ ਐਂਟਰੀ ਦੀ ਪ੍ਰਮਾਣਿਤ ਕਾਪੀ ਪੇਸ਼ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਹਰੇਕ ਉਮੀਦਵਾਰ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਅਤੇ ਪੜਤਾਲ ਦੀ ਮਿਤੀ ਤੋਂ ਪਹਿਲਾਂ ਸਬੰਧਤ ਰਿਟਰਨਿੰਗ ਅਫ਼ਸਰ ਜਾਂ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਅਧਿਕਾਰਤ ਅਧਿਕਾਰੀ ਦੇ ਸਾਹਮਣੇ ਸਹੁੰ ਜਾਂ ਪ੍ਰਣ ਵੀ ਲੈਣਾ ਪਵੇਗਾ। ਜ਼ਿਲਾ ਚੋਣ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ 18 ਅਕਤੂਬਰ (ਸ਼ਨੀਵਾਰ) ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881 ਦੇ ਤਹਿਤ ਛੁੱਟੀ ਨਹੀਂ ਹੈ ਅਤੇ ਉਸ ਦਿਨ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ ਹਾਲਾਂਕਿ, 19 ਅਕਤੂਬਰ (ਐਤਵਾਰ) ਅਤੇ 20 ਅਕਤੂਬਰ (ਸੋਮਵਾਰ, ਦੀਵਾਲੀ) ਇਸ ਐਕਟ ਦੇ ਤਹਿਤ ਛੁੱਟੀਆਂ ਹਨ ਅਤੇ ਇਨ੍ਹਾਂ ਤਾਰੀਖਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ ਜਾ ਸਕਦੇ। ਰਾਹੁਲ ਨੇ ਅੱਗੇ ਕਿਹਾ ਕਿ ਜ਼ਿਮਨੀ ਚੋਣ ਦੇ ਐਲਾਨ ਤੋਂ ਬਾਅਦ 6 ਅਕਤੂਬਰ, 2025 ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ ਅਤੇ ਇਹ ਚੋਣ ਪ੍ਰਕਿਰਿਆ ਪੂਰੀ ਹੋਣ ਤੱਕ ਪ੍ਰਭਾਵੀ ਰਹੇਗਾ।

## ਪੰਜਾਬ 'ਚ 18 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ, 17 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਖ਼ਰੀਦ

ਨਵਾਂਸ਼ਹਿਰ 18 ਅਕਤੂਬਰ। ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਸਥਾਨਕ ਦਾਣਾ ਮੰਡੀ ਵਿਖੇ ਝੋਨੇ ਦੀ ਖ਼ਰੀਦ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਮੰਡੀਆਂ 'ਚ ਝੋਨੇ ਦੀ ਖ਼ਰੀਦ ਸੁਚੱਜੇ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਕੁੱਲ੍ਹ 18 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ 'ਚੋਂ 17 ਲੱਖ ਮੀਟ੍ਰਿਕ ਟਨ ਤੋਂ ਵੱਧ ਫ਼ਸਲ ਖ਼ਰੀਦੀ ਜਾ ਚੁੱਕੀ ਹੈ। ਮੰਡੀ 'ਚ ਖ਼ਰੀਦ ਦੇ ਜਾਇਜ਼ੇ ਉਪਰੰਤ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਪੰਜਾਬ 'ਚ 1822 ਮੰਡੀਆਂ 'ਚ ਖ਼ਰੀਦ ਪ੍ਰਕਿਰਿਆ ਜਾਰੀ ਹੈ।



ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਰੋਜ਼ਾਨਾ ਮੰਡੀਆਂ ਦਾ ਦੌਰਾ ਕਰਕੇ ਖ਼ਰੀਦ ਪ੍ਰਬੰਧਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀਆਂ 'ਚ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀ ਸਹੂਲਤ ਦੇ ਮੱਦੇਨਜ਼ਰ ਹਰ ਪੱਖੋਂ ਲੋੜੀਂਦੇ ਇੰਤਜ਼ਾਮ ਕੀਤੇ ਗਏ ਹਨ, ਜਿਨ੍ਹਾਂ ਸਦਕਾ ਫ਼ਸਲ ਦੀ ਖ਼ਰੀਦ ਸੁਖਾਲੇ ਢੰਗ ਨਾਲ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਹੁਣ ਤੱਕ ਖ਼ਰੀਦੀ ਫ਼ਸਲ ਦੇ ਇਵਜ 'ਚ ਕਿਸਾਨਾਂ ਦੇ ਖ਼ਾਤਿਆਂ 'ਚ 3215 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਵੇਂ ਸੂਬੇ 'ਚ ਹੜ੍ਹਾਂ ਦੀ ਮਾਰ ਕਾਰਨ ਕਿਸਾਨਾਂ ਨੂੰ ਕਈ ਮੁਸ਼ਕਿਲਾਂ ਦਰਪੇਸ਼ ਹਨ ਪਰ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ 172 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਦਾ ਟੀਚਾ ਦਿੱਤਾ ਗਿਆ ਹੈ ਅਤੇ ਸੂਬੇ ਦੇ ਕਿਸਾਨਾਂ ਦੀ ਮਿਹਨਤ ਸਦਕਾ ਇਹ ਟੀਚਾ ਸਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਕੋਲ 27 ਹਜ਼ਾਰ ਕਰੋੜ ਦੀ ਸੀ. ਸੀ. ਐੱਲ. ਉਪਲੱਬਧ ਹੈ ਅਤੇ ਕਿਸਾਨਾਂ ਦੇ ਖਾਤਿਆਂ 'ਚ ਖ਼ਰੀਦ ਦੇ 24 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆਂ ਕਿ ਸੂਬੇ ਅੰਦਰ ਫ਼ਸਲ ਦੀ ਆਮਦ ਦੇ ਮੱਦੇਨਜ਼ਰ 91 ਫ਼ੀਸਦੀ ਫ਼ਸਲ ਖ਼ਰੀਦੀ ਜਾ ਚੁੱਕੀ ਹੈ। ਇਸ ਮੌਕੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਜੀਤ ਸਿੰਘ ਸਰਹਾਲ, ਹਰਜੋਤ ਕੌਰ ਲੋਹਟੀਆ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਮਸ਼ਹੂਰ ਅਦਾਕਾਰ ਨੇ ਚੋਣਾਂ ਲੜਨ ਤੋਂ ਕੀਤਾ ਇਨਕਾਰ

ਬਲੀਆ/ਯੂ. ਪੀ 18 ਅਕਤੂਬਰ। ਭੋਜਪੁਰੀ ਅਦਾਕਾਰ ਪਵਨ ਸਿੰਘ ਦੀ ਪਤਨੀ ਜੋਤੀ ਸਿੰਘ ਨੇ ਬਿਹਾਰ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ, ਪਰ ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਉਹ ਕਿਸੇ ਰਾਜਨੀਤਿਕ ਪਾਰਟੀ ਤੋਂ ਚੋਣ ਲੜੇਗੀ ਜਾਂ ਆਜ਼ਾਦ ਉਮੀਦਵਾਰ ਵਜੋਂ। ਜੋਤੀ ਸਿੰਘ ਦੇ ਪਿਤਾ ਰਾਮਬਾਬੂ ਸਿੰਘ ਨੇ ਐਤਵਾਰ ਨੂੰ ਆਪਣੇ ਘਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ 'ਚ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਜੋਤੀ ਸਿੰਘ ਕਰਾਕਟ ਸੀਟ ਤੋਂ ਚੋਣ ਲੜੇ, ਕਿਉਂਕਿ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ 'ਚ ਜਦੋਂ ਉਨ੍ਹਾਂ ਨੇ ਪਵਨ ਸਿੰਘ ਲਈ ਪ੍ਰਚਾਰ ਕੀਤਾ ਸੀ, ਤਾਂ ਉਦੋਂ ਉਨ੍ਹਾਂ ਦਾ ਕਰਾਕਟ ਦੇ ਲੋਕਾਂ ਨਾਲ ਖਾਸ ਸਬੰਧ ਬਣ ਗਿਆ ਸੀ। ਰਾਮਬਾਬੂ ਸਿੰਘ ਨੇ ਆਪਣੇ ਜਵਾਈ ਪਵਨ ਸਿੰਘ 'ਤੇ 'ਝੂਠ ਬੋਲਣ ਅਤੇ ਬੇਈਮਾਨੀ' ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਵਨ ਸਿੰਘ ਨੂੰ ਅਪੀਲ ਕੀਤੀ ਸੀ ਕਿ ਉਹ ਜੋਤੀ ਨੂੰ ਅਪਣਾ ਲੈਣ ਪਰ ਉਨ੍ਹਾਂ ਨੂੰ ਸਿਰਫ ਅਦਾਲਤ ਦਾ ਰਸਤਾ ਵਿਖਾਇਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਪਵਨ ਸਿੰਘ ਨਾਲ ਤਲਾਕ ਹੋਣ ਤੱਕ ਕਾਨੂੰਨ ਅਨੁਸਾਰ ਜੋਤੀ ਸਿੰਘ ਦਾ ਪਵਨ ਸਿੰਘ ਦੇ ਨਾਲ ਰਹਿਣ ਦਾ ਅਧਿਕਾਰ ਹੈ ਅਤੇ ਅੱਗੇ ਦਾ ਫੈਸਲਾ ਅਦਾਲਤ ਕਰੇਗੀ।

# ਜਲੰਧਰ 'ਚ ਮਸ਼ਹੂਰ ਢਾਬਾ ਮਾਲਕ ਦੇ ਭਰਾ ਵੱਲੋਂ ਕੀਤੀ ਖ਼ੁਦਕੁਸ਼ੀ ਮਾਮਲੇ 'ਚ ਨਵਾਂ ਮੋੜ, ਸਾਹਮਣੇ ਆਏ ਕਈ ਪਹਿਲੂ

**ਕੌਮੀ ਪਤ੍ਰਿਕਾ**

ਜਲੰਧਰ 18 ਅਕਤੂਬਰ। ਕਬੀਰ ਨਗਰ ਵਿਚ ਮਸ਼ਹੂਰ ਢਾਬਾ ਮਾਲਕ ਦੇ ਭਰਾ ਕਮਲ ਅਰੋੜਾ ਉਰਫ਼ ਟੀਟੂ ਦੀ ਖ਼ੁਦਕੁਸ਼ੀ ਕੇਸ 'ਚ ਨਵਾਂ ਮੋੜ ਆਇਆ ਹੈ। ਟੀਟੂ ਦੀ ਖ਼ੁਦਕੁਸ਼ੀ ਦੇ ਮਾਮਲੇ ਵਿਚ ਹੁਣ ਵੱਡਾ ਖ਼ੁਲਾਸਾ ਹੋਇਆ ਹੈ। ਟੀਟੂ ਨੇ ਕੁਝ ਨਾਮੀ ਬੁੱਕੀਆਂ ਅਤੇ ਜੁਆਰੀਆਂ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕੀਤੀ ਸੀ। ਟੀਟੂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਜਾਣਕਾਰਾਂ ਵਿਚ ਦੁੱਖ ਦੀ ਲਹਿਰ ਹੈ ਕਿਉਂਕਿ ਕਮਲ ਅਰੋੜਾ ਉਰਫ਼ ਟੀਟੂ ਲੋੜਵੰਦਾਂ ਦਾ ਮਦਦਗਾਰ ਸੀ ਅਤੇ ਹਮੇਸ਼ਾ ਲੋਕਾਂ ਦੀ ਮਦਦ ਲਈ ਤਿਆਰ ਰਹਿੰਦਾ ਸੀ। ਦਰਅਸਲ ਟੀਟੂ ਕੋਲ ਪੈਸਾ ਵੇਖ ਕੇ ਨਾਮੀ ਬੁੱਕੀ ਅਤੇ ਜੁਆਰੀਏ ਉਸ ਦੇ ਪਿੱਛੇ ਲੱਗ ਗਏ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਟੀਟੂ ਸ਼ਰਾਬ ਪੀਣ ਦਾ ਆਦੀ ਹੈ ਅਤੇ ਪਹਿਲਾਂ ਇਨ੍ਹਾਂ ਲੋਕਾਂ ਨੇ ਟੀਟੂ ਨਾਲ ਸ਼ਰਾਬ ਪੀਣੀ ਸ਼ੁਰੂ ਕੀਤੀ ਅਤੇ ਫਿਰ ਉਸ ਨੂੰ ਸੱਟੇਬਾਜ਼ੀ ਅਤੇ ਜੂਏ ਦੀ ਦਲਦਲ ਵਿਚ ਫਸਾਉਣਾ ਸ਼ੁਰੂ ਕਰ ਦਿੱਤਾ। ਇਕ ਸਮਾਂ ਇਹ ਵੀ ਆਇਆ ਕਿ ਕਮਲ ਉਰਫ਼ ਟੀਟੂ ਸੱਟੇਬਾਜ਼ੀ ਅਤੇ ਜੂਏ ਦਾ ਆਦੀ ਹੋ ਗਿਆ, ਜਿਸ ਤੋਂ ਬਾਅਦ ਜੁਆਰੀਆਂ ਨੇ ਉਸ ਦੇ ਘਰ ਵਿਚ ਹੀ ਜੂਆ ਖੇਡਣ ਦਾ ਅੱਡਾ ਬਣਾ ਲਿਆ। ਇਸ ਮਾਮਲੇ ਵਿਚ ਕਈ ਬੁੱਕੀ ਅਤੇ ਜੁਆਰੀਏ ਹੁਣ ਜਾਂਚ ਦੇ ਘੇਰੇ ਵਿਚ ਆ ਸਕਦੇ



ਹਨ। ਹਾਲਾਂਕਿ ਸਾਰੇ ਬੁੱਕੀਆਂ ਅਤੇ ਜੁਆਰੀਆਂ ਦੇ ਨਾਂ ਦੀ ਲਿਸਟ 'ਜਗ ਬਾਣੀ' ਕੋਲ ਪਹੁੰਚ ਚੁੱਕੀ ਹੈ, ਜਿਸ ਦਾ ਜਲਦ ਖ਼ੁਲਾਸਾ ਕੀਤਾ ਜਾਵੇਗਾ। ਇਸ ਵਿਚ ਕਈ ਵਪਾਰੀ ਵੀ ਸ਼ਾਮਲ ਹਨ। ਦੱਸ ਦੇਈਏ ਕਿ ਐਤਵਾਰ ਨੂੰ ਕਬੀਰ ਨਗਰ ਦੀ ਗਲੀ ਨੰਬਰ 2 ਵਿਚ ਰਹਿੰਦੇ ਕਮਲ ਅਰੋੜਾ ਉਰਫ਼ ਟੀਟੂ ਨੇ ਆਪਣੇ ਘਰ ਵਿਚ ਬਿਜਲੀ ਦੀ ਤਾਰ ਨਾਲ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ ਸੀ। ਦਰਅਸਲ ਪਹਿਲਾਂ ਟੀਟੂ ਦੀ ਪਤਨੀ ਦੀ ਵੀ ਮੌਤ ਹੋ ਗਈ ਸੀ। ਉਨ੍ਹਾਂ ਦੇ ਦੋਵੇਂ ਬੱਚੇ ਨਿਊਜ਼ੀਲੈਂਡ ਵਿਚ ਹਨ, ਜਦਕਿ 3 ਦਿਨ ਪਹਿਲਾਂ ਹੀ ਉਨ੍ਹਾਂ ਦੀ ਧੀ ਵਿਦੇਸ਼ੋਂ ਮੁੜੀ ਸੀ। ਫਿਲਹਾਲ ਕਮਲ ਅਰੋੜਾ ਉਰਫ਼ ਟੀਟੂ ਦੀ ਲਾਸ਼ ਦਾ ਪੋਸਟਮਾਰਟਮ ਨਹੀਂ ਹੋਇਆ ਹੈ। ਮੰਗਲਵਾਰ ਨੂੰ ਸਿਵਲ ਹਸਪਤਾਲ ਵਿਚੋਂ ਪੋਸਟਮਾਰਟਮ ਕਰਵਾ ਕੇ ਲਾਸ਼ ਮ੍ਰਿਤਕ ਟੀਟੂ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ। ਇਸ ਮਾਮਲੇ ਸਬੰਧੀ ਜਦੋਂ ਥਾਣਾ ਨੰਬਰ 1 ਦੇ ਇੰਚਾਰਜ ਰਾਕੇਸ਼ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਬੁੱਕੀਆਂ ਅਤੇ ਜੁਆਰੀਆਂ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ ਪਰ ਇਸ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਮੋਬਾਇਲ ਉਨ੍ਹਾਂ ਦੇ ਕੋਲ ਹੀ ਹਨ। ਜੇਕਰ ਬੁੱਕੀ ਅਤੇ ਜੁਆਰੀਆਂ ਕਾਰਨ ਕਮਲ ਅਰੋੜਾ ਨੇ ਖ਼ੁਦਕੁਸ਼ੀ ਕੀਤੀ ਹੋਵੇਗੀ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਸ਼ੱਕੀਆਂ ਨੂੰ ਥਾਣੇ ਬੁਲਾ ਕੇ ਪੁੱਛਗਿੱਛ ਕੀਤੀ ਜਾਵੇਗੀ।

## ਬਿਹਾਰ ਵਿਧਾਨ ਸਭਾ ਚੋਣਾਂ 'ਚ ਮਘਿਆ ਸਿਆਸੀ ਮੈਦਾਨ !

ਨੈਸ਼ਨਲ ਡੈਸਕ 18 ਅਕਤੂਬਰ। ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਸੀਟ ਵੰਡ ਨੂੰ ਲੈ ਕੇ ਮਹਾਗਠਜੋੜ ਵਿੱਚ ਤਣਾਅ ਚਰਮ 'ਤੇ ਹੈ। ਵੀਰਵਾਰ ਨੂੰ ਇਸ ਦਾ ਪ੍ਰਭਾਵ ਪਟਨਾ ਦੇ ਮੌਰਿਆ ਹੋਟਲ ਵਿੱਚ ਦੇਖਣ ਨੂੰ ਮਿਲਿਆ, ਜਿੱਥੇ ਵਿਕਾਸਸ਼ੀਲ ਇਨਸਾਨ ਪਾਰਟੀ ਦੇ ਪ੍ਰਧਾਨ ਮੁਕੇਸ਼ ਸਹਿਨੀ ਦੀ ਪ੍ਰੈਸ ਕਾਨਫਰੰਸ ਤੋਂ ਪਹਿਲਾਂ ਪਾਰਟੀ ਦੇ ਦੋ ਗੁੱਟ ਆਪਸ ਵਿੱਚ ਭਿੜ ਗਏ। ਵਰਕਰਾਂ ਨੇ ਇੱਕ ਦੂਜੇ ਦੇ ਕਾਲਰ ਫੜੇ ਅਤੇ ਇਕ-ਦੂਜੇ 'ਤੇ ਕੁਰਸੀਆਂ ਸੁੱਟੀਆਂ। ਸੂਤਰਾਂ ਅਨੁਸਾਰ ਸਹਿਨੀ 243 ਵਿੱਚੋਂ ਘੱਟੋ-ਘੱਟ 24 ਸੀਟਾਂ ਦੀ ਮੰਗ 'ਤੇ ਅੜੇ ਹੋਏ ਹਨ, ਜਦੋਂ ਕਿ ਤੇਜਸਵੀ ਯਾਦਵ ਸਿਰਫ਼ 15 ਸੀਟਾਂ ਦੇਣ ਨੂੰ ਤਿਆਰ ਹਨ। ਇਸ ਖਿੱਚੋਤਾਣ ਕਾਰਨ ਹੀ ਸਹਿਨੀ ਨੇ ਆਪਣੀ ਪ੍ਰੈਸ ਕਾਨਫਰੰਸ ਦਾ ਸਮਾਂ ਦੁਪਹਿਰ 12 ਵਜੇ ਤੋਂ ਵਧਾ ਕੇ ਸ਼ਾਮ 4 ਵਜੇ ਕਰ ਦਿੱਤਾ ਹੈ। ਇਸ ਤੋਂ ਇਲਾਵਾ ਬੇਗੂਸਰਾਏ ਦੇ ਬਛਵਾੜਾ ਸੀਟ 'ਤੇ ਨਾਮਜ਼ਦਗੀ ਦੌਰਾਨ ਭਾਜਪਾ ਅਤੇ ਕਾਂਗਰਸ ਦੇ ਸਮਰਥਕਾਂ ਵਿੱਚ ਝੜਪ ਹੋ ਗਈ, ਜਿਸ ਤੋਂ ਬਾਅਦ ਪੁਲਸ ਨੂੰ ਲਾਠੀਚਾਰਜ ਕਰਕੇ ਭੀੜ ਨੂੰ ਖਦੇੜਨਾ ਪਿਆ। ਉੱਥੇ ਹੀ ਐੱਨ.ਡੀ.ਏ. ਨੇ ਆਪਣੀ ਤਿਆਰੀ ਪੂਰੀ ਕਰ ਲਈ ਹੈ ਅਤੇ ਵੀਰਵਾਰ ਤੱਕ 226 ਸੀਟਾਂ 'ਤੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਉਲਟ ਮਹਾਗਠਜੋੜ ਨੇ ਅਜੇ ਤੱਕ ਉਮੀਦਵਾਰਾਂ ਦੀ ਇੱਕ ਵੀ ਅਧਿਕਾਰਤ ਸੂਚੀ ਜਾਰੀ ਨਹੀਂ ਕੀਤੀ ਹੈ।

## ਨੌਜਵਾਨਾਂ ਦੀ ਹੁੱਕਾ ਵੀਡੀਓ ਬਣਾਈ, ਵਾਇਰਲ ਹੋਣ 'ਤੇ ਹੋਇਆ ਹੰਗਾਮਾ; ਚੱਲੀਆਂ ਗੋਲੀਆਂ

ਲੁਧਿਆਣਾ 18 ਅਕਤੂਬਰ। ਟਿੱਬਾ ਥਾਣੇ ਦੇ ਇਕਬਾਲ ਨਗਰ 'ਚ ਸ਼ਨੀਵਾਰ ਦੇਰ ਰਾਤ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਹੁੱਕਾ ਪੀਣ ਦੀ ਵੀਡੀਓ ਵਾਇਰਲ ਕਰਨ ਨੂੰ ਲੈ ਕੇ ਦੋ ਧਿਰਾਂ 'ਚ ਜ਼ਬਰਦਸਤ ਝਗੜਾ ਹੋ ਗਿਆ। ਗੱਲ ਐਨੀ ਵਧੀ ਕਿ ਸੋਟੀਆਂ-ਡੰਡਿਆਂ ਤੋਂ ਸ਼ੁਰੂ ਹੋਇਆ ਝਗੜਾ ਗੋਲੀਆਂ ਦੀ ਗੂੰਜ 'ਚ ਬਦਲ ਗਿਆ। ਗੋਲੀ ਲੱਗਣ ਨਾਲ 2 ਨੌਜਵਾਨ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਅਤੇ ਸੀ. ਐੱਮ. ਸੀ. ਵਿਚ ਦਾਖਲ ਕਰਵਾਇਆ ਗਿਆ। ਸੂਚਨਾ ਮਿਲਦੇ ਹੀ ਥਾਣਾ ਟਿੱਬਾ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਇਲਾਕੇ 'ਚ ਭਾਰੀ ਪੁਲਸ-ਫੋਰਸ ਤਾਇਨਾਤ ਕਰ ਦਿੱਤੀ ਗਈ। ਘਟਨਾ ਸਥਾਨ ਤੋਂ ਪੁਲਸ ਨੇ 6 ਖੋਲ੍ਹ ਬਰਾਮਦ ਕੀਤੇ ਹਨ, ਜਦਕਿ ਚਸ਼ਮਦੀਦਾਂ ਦਾ ਕਹਿਣਾ ਹੈ ਕਿ ਲਗਭਗ 8 ਗੋਲੀਆਂ ਚੱਲੀਆਂ। ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਇਲਾਕੇ 'ਚ ਇਕ ਘਰ ਵਿਚ ਵਿਆਹ ਤੋਂ ਪਹਿਲਾਂ ਧਾਰਮਿਕ ਸਮਾਗਮ ਚੱਲ ਰਿਹਾ ਸੀ। ਉਸ ਦੌਰਾਨ ਕੁਝ ਨੌਜਵਾਨ ਉਥੇ ਪਹੁੰਚੇ ਅਤੇ ਹੁੱਕਾ ਪੀਣ ਲੱਗੇ। ਇਸ ਦੌਰਾਨ ਸਥਾਨਕ ਨੌਜਵਾਨ ਸਰਬਜੀਤ ਸਿੰਘ ਨੇ ਉਨ੍ਹਾਂ ਦਾ ਵੀਡੀਓ ਬਣਾ ਕੇ ਗਰੁੱਪ 'ਚ ਪਾ ਦਿੱਤਾ। ਵੀਡੀਓ ਵਾਇਰਲ ਹੁੰਦੇ ਹੀ ਮਾਮਲਾ ਭੜਕ ਗਿਆ ਅਤੇ ਕੁਝ ਦੇਰ ਬਾਅਦ ਹੀ ਦੋਵੇਂ ਧਿਰਾਂ ਆਹਮੋ-ਸਾਹਮਣੇ ਆ ਗਈਆਂ। ਪਹਿਲਾਂ ਤਾਂ ਲੋਕਾਂ ਨੇ ਵਿਚਾਲੇ ਬਚਾਅ ਕਰ ਕੇ ਮਾਹੌਲ ਸ਼ਾਂਤ ਕਰਵਾਇਆ ਪਰ ਥੋੜ੍ਹੀ ਹੀ ਦੂਰੀ 'ਤੇ ਦੁਬਾਰਾ ਝਗੜਾ ਹੋਇਆ ਅਤੇ ਇਕ ਨੌਜਵਾਨ ਨੇ ਅਚਾਨਕ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਦੀ ਆਵਾਜ਼ ਨਾਲ ਪੂਰਾ ਇਲਾਕਾ ਦਹਿਲ ਉੱਠਿਆ ਅਤੇ ਲੋਕ ਘਰਾਂ ਤੋਂ ਬਾਹਰ ਨਿਕਲ ਆਏ। ਝਗੜੇ ਦੌਰਾਨ 3 ਵਿਅਕਤੀ ਜ਼ਖਮੀ ਹੋ ਗਏ। ਜ਼ਖਮੀ ਸਰਬਜੀਤ ਸਿੰਘ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਦਕਿ ਦੂਜੇ ਨੌਜਵਾਨ ਨੂੰ ਹਾਲਤ ਗੰਭੀਰ ਹੋਣ 'ਤੇ ਸੀ. ਐੱਮ. ਸੀ. ਰੈਫਰ ਕੀਤਾ ਗਿਆ। ਪੁਲਸ ਨੇ ਦੋਵਾਂ ਦੇ ਬਿਆਨ ਦਰਜ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਥਾਣਾ ਟਿੱਬਾ ਦੇ ਏ. ਐੱਸ. ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ, ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ। ਨਾਲ ਹੀ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਮੁਲਜ਼ਮਾਂ ਕੋਲ ਹਥਿਆਰ ਕਿਥੋਂ ਆਏ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਗੋਲੀ ਚਲਾਉਣ ਵਾਲਿਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਦੋ ਵਿਭਾਗਾਂ ਦੀ 10 ਸੇਵਾਵਾਂ ਰਾਇਟ ਟੂ ਸਰਵਿਸ ਐਕਟ ਦੇ ਦਾਇਰੇ ਵਿੱਚ ਨਾਗਰਿਕਾਂ ਨੂੰ ਤੈਅ ਸਮੇਂ ਵਿੱਚ ਮਿਲਣਗੀਆਂ ਨੋਟੀਫਾਇਡ ਸੇਵਾਵਾਂ

ਚੰਡੀਗੜ੍ਹ, 18 ਅਕਤੂਬਰ। ਹਰਿਆਣਾ ਸਰਕਾਰ ਨੇ ਨਾਗਰਿਕਾਂ ਨੂੰ ਸਮੇਂਬੱਧ ਸੇਵਾਵਾਂ ਯਕੀਨੀ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਮਹਤੱਵਪੂਰਣ ਕਦਮ ਚੁੱਕਦੇ ਹੋਏ ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਅਤੇ ਰਾਸ਼ਟਰੀ ਸਫਾਈ ਕਰਮਚਾਰੀ ਵਿੱਤ ਅਤੇ ਵਿਕਾਸ ਨਿਗਮ ਦੀ ਨੌ ਨਵੀਂ ਸੇਵਾਵਾਂ ਨੂੰ ਹਰਿਆਣਾ ਸੇਵਾ ਦਾ ਅਧਿਕਾਰ ਐਕਟ, 2014 ਤਹਿਤ ਨੋਟੀਫਾਇਡ ਕੀਤਾ ਹੈ। ਨਾਲ ਹੀ, ਇੰਨ੍ਹਾਂ ਸੇਵਾਵਾਂ ਲਈ ਸਮੇਂਸੀਮਾ, ਨਾਮਜਦ ਅਧਿਕਾਰੀ ਅਤੇ ਸ਼ਿਕਾਇਤ ਹੱਲ ਅਧਿਕਾਰੀ ਵੀ ਨਿਰਧਾਰਿਤ ਕੀਤੇ ਗਏ ਹਨ। ਰਾਸ਼ਟਰੀ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਦੇ ਅਧੀਨ ਸਿਖਿਆ ਕਰਜਾ ਯੋਜਨਾ ਅਤੇ ਸੂਖਮ ਵਿੱਤ ਯੋਜਨਾ ਦੀ ਸੇਵਾ ਸਮੇਂ 135 ਦਿਨ ਜਦੋਂ ਕਿ ਟਰਮ ਲੋਨ ਸਕੀਮ ਲਈ 180 ਦਿਨ ਦੀ ਸਮੇਂ-ਸੀਮਾ ਨਿਰਧਾਰਿਤ ਕੀਤੀ ਗਈ ਹੈ। ਇਸੀ ਤਰ੍ਹਾ, ਰਾਸ਼ਟਰੀ ਸਫਾਈ ਸ਼ਿਕਾਇਤ ਹੱਲ ਅਧਿਕਾਰੀ ਵੀ ਨਿਰਧਾਰਿਤ ਕੀਤੇ ਗਏ ਹਨ। ਰਾਸ਼ਟਰੀ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਦੇ ਅਧੀਨ ਸਿਖਿਆ ਕਰਜਾ ਯੋਜਨਾ ਅਤੇ ਸੂਖਮ ਵਿੱਤ ਯੋਜਨਾ ਦੀ ਸੇਵਾ ਸਮੇਂ 135 ਦਿਨ ਜਦੋਂ ਕਿ ਟਰਮ ਲੋਨ ਸਕੀਮ ਲਈ 180 ਦਿਨ ਦੀ ਸਮੇਂ-ਸੀਮਾ ਕਰਮਚਾਰੀ ਵਿੱਤ ਅਤੇ ਵਿਕਾਸ ਨਿਗਮ ਦੇ ਤਹਿਤ ਸਿਖਿਆ ਲੋਨ ਯੋਜਨਾ, ਮਹਿਲਾ ਅਧਿਕਾਰਤਾ ਯੋਜਨਾ, ਮਹਿਲਾ ਸਮਰਿੱਧ ਯੋਜਨਾ, ਸੂਖਮ ਕਰਜਾ ਯੋਜਨਾ ਅਤੇ ਹਰਿਤ ਕਾਰੋਬਾਰ ਯੋਜਨਾ ਲਈ 135 ਦਿਨ ਜਦੋਂ ਕਿ ਆਮ ਟਰਮ ਲੋਨ ਸਕੀਮ ਲਈ 180 ਦਿਨ ਦੀ ਸਮੇਂ ਸੀਮਾ ਨਿਰਧਾਰਿਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਮੱਛੀ ਪਾਲਣ ਵਿਭਾਗ ਦੀ ਤੀਬਰ ਮੱਛੀ ਪਾਲਣ ਵਿਕਾਸ ਪ੍ਰੋਗਰਾਮ ਤਹਿਤ ਸਬਸਿਡੀ ਯੋਜਨਾ ਤਹਿਤ ਤਾਲਾਬਾਂ ਦੇ ਸੁਧਾਰ ਤਹਿਤ ਸਬਸਿਡੀ ਲਈ 40 ਦਿਨ ਦਾ ਸਮੇਂ ਨਿਰਧਾਰਿਤ ਕੀਤਾ ਗਿਆ ਹੈ।

# ਪੈਸੇ ਮੰਗਣ ਦੇ ਦੋਸ਼ 'ਚ ਪੀ. ਪੀ. ਸੀ. ਬੀ. ਦਾ ਐਕਸੀਅਨ ਸਸਪੈਂਡ, ਪਰ ਨਾਜਾਇਜ਼ ਯੂਨਿਟਾਂ 'ਤੇ ਨਹੀਂ ਲੱਗੀ ਲਗਾਮ

**ਕੌਮੀ ਪਤ੍ਰਿਕਾ**

ਲੁਧਿਆਣਾ 18 ਅਕਤੂਬਰ। ਪੈਸੇ ਮੰਗਣ ਦੇ ਦੋਸ਼ 'ਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਵਿਭਾਗੀ ਸੂਤਰਾਂ ਮੁਤਾਬਕ ਅਧਿਕਾਰੀ 'ਤੇ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ ਦੇ ਦੋਸ਼ ਲੱਗੇ ਸਨ। ਵਿਭਾਗ ਨੇ ਮੁੱਢਲੀ ਜਾਂਚ ਦੇ ਆਧਾਰ 'ਤੇ ਤੁਰੰਤ ਪ੍ਰਭਾਵ ਨਾਲ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ। ਹਾਲਾਂਕਿ ਵਿਭਾਗ ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਜਲਦਬਾਜ਼ੀ ਵਿਚ ਲਿਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੂਰੀ ਜਾਂਚ ਹੋਣ ਤੋਂ ਬਾਅਦ ਹੀ ਸਸਪੈਂਸ਼ਨ 'ਤੇ ਫੈਸਲਾ ਹੋਣਾ ਚਾਹੀਦਾ ਸੀ। ਇਸ ਦੌਰਾਨ ਆਰ. ਓ.-3 ਅਤੇ ਆਰ. ਓ.-4 ਦਫਤਰਾਂ ਵਿਚ ਹੁਣ ਵੀ ਹਾਲਾਤ ਜਿਓਂ ਦੇ ਤਿਓਂ ਹਨ। ਕਈ ਅਧਿਕਾਰੀ ਅਤੇ ਮੁਲਾਜ਼ਮ ਆਪਣੀ ਪੁਰਾਣੀ ਕਾਰਜਸ਼ੈਲੀ 'ਤੇ ਚੱਲ ਰਹੇ ਹਨ। ਸ਼ਹਿਰ ਦੇ ਕੈਲਾਸ਼ ਨਗਰ, ਕਾਲੀ ਸੜਕ, ਤਾਜਪੁਰ ਰੋਡ, ਚੌੜੀ ਸੜਕ, ਬਹਾਦਰਕੇ ਰੋਡ, ਰਾਹੋਂ ਰੋਡ ਅਤੇ ਫੇਸ-6,7,8 ਵਰਗੇ ਇਲਾਕਿਆਂ 'ਚ ਦਰਜਨਾਂ ਨਾਜਾਇਜ਼ ਇਲੈਕਟ?ਰੋ ਪਲੇਟਿੰਗ ਅਤੇ ਵਾਸ਼ਿੰਗ ਯੂਨਿਟ ਖੁੱਲ੍ਹੇਆਮ ਚੱਲ ਰਹੇ ਹਨ। ਇਨ੍ਹਾਂ ਯੂਨਿਟਾਂ ਤੋਂ ਨਿਕਲਣ ਵਾਲਾ ਗੰਦਾ ਪਾਣੀ ਨਾਲੀਆਂ ਅਤੇ ਡ?ਰੇਨਾਂ 'ਚ ਛੱਡਿਆ ਜਾ ਰਿਹਾ ਹੈ, ਜਿਸ ਨਾਲ ਪ੍ਰਦੂਸ਼ਣ ਫੈਲ ਰਿਹਾ ਹੈ ਅਤੇ ਲੋਕਾਂ ਨੂੰ ਬਦਬੂ ਅਤੇ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵਿਭਾਗੀ ਕਾਰਵਾਈ ਸਿਰਫ ਦਿਖਾਵੇ ਤੱਕ ਸੀਮਤ ਹੈ, ਜਿਨ੍ਹਾਂ 'ਤੇ ਅਸੀਂ ਵਿਚ ਸ਼ਿਕੰਜਾ ਕੱਸਣ ਦੀ ਲੋੜ ਹੈ। ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਆਰ. ਓ. 3- ਅਤੇ ਆਰ. ਓ.-4 ਦੇ ਅਧੀਨ ਕੰਮ ਕਰਨ ਵਾਲੇ ਕੁਝ ਅਧਿਕਾਰੀ ਅਤੇ ਮੁਲਾਜ਼ਮ ਸਾਲਾਂ ਤੋਂ ਮਲਾਈਦਾਰ ਅਹੁਦਿਆਂ 'ਤੇ ਜੰਮੇ ਹੋਏ ਹਨ। ਇਨ੍ਹਾਂ ਦੀ ਹੀ ਲਾਪ੍ਰਵਾਹੀ ਅਤੇ ਮਿਲੀਭੁਗਤ ਕਾਰਨ ਨਾਜਾਇਜ਼ ਯੂਨਿਟਾਂ ਲਗਾਤਾਰ ਚੱਲ ਰਹੀਆਂ ਹਨ। ਜਦੋਂ ਤੱਕ ਅਜਿਹੇ ਭ੍ਰਿਸ਼ਟ ਅਧਿਕਾਰੀਆਂ 'ਤੇ ਸਖ਼ਤ ਕਦਮ ਨਹੀਂ ਚੁੱਕੇ ਜਾਂਦੇ, ਉਦੋਂ ਤੱਕ ਪ੍ਰਦੂਸ਼ਣ ਅਤੇ ਅਵਿਵਸਥਾ ਦੀ ਸਮੱਸਿਆ ਬਣੀ ਰਹੇਗੀ। ਵਿਭਾਗ ਦੇ ਅੰਦਰੂਨੀ ਸੂਤਰ ਦੱਸਦੇ ਹਨ ਕਿ ਸੈਂਪਲਿੰਗ ਦੇ ਨਾਂ 'ਤੇ ਵੀ ਵੱਡੇ ਪੱਧਰ 'ਤੇ ਘਪਲੇਬਾਜ਼ੀ ਕੀਤੀ ਜਾ ਰਹੀ ਹੈ। ਕਈ ਮਾਮਲਿਆਂ ਵਿਚ ਉਦਯੋਗਿਕ ਇਕਾਈਆਂ ਤੋਂ ਸੈਂਪਲਿੰਗ ਬਦਲੇ ਮੋਟੀ ਰਕਮ ਲਈ ਜਾਂਦੀ ਹੈ, ਤਾਂ ਕਿ ਰਿਪੋਰਟ 'ਕਲੀਨ' ਦਿਖਾਈ ਦੇਵੇ। ਇਸ ਦਾ ਸਿੱਧਾ ਅਸਰ ਸ਼ਹਿਰ ਦੇ ਵਾਤਾਵਰਣ 'ਤੇ ਪੈ ਰਿਹਾ ਹੈ, ਕਿਉਂਕਿ ਪ੍ਰਦੂਸ਼ਣ ਫੈਲਾਉਣ ਵਾਲੇ ਯੂਨਿਟ ਬੇਖੌਫ ਕੰਮ ਕਰ ਰਹੇ ਹਨ, ਜਦੋਂਕਿ ਨਿਯਮਾਂ ਦੀ ਪਾਲਣਾ ਕਰਨ ਵਾਲੇ ਉਦਯੋਗ ਪ੍ਰਸ਼ਾਸਨਿਕ ਦਬਾਅ ਵਿਚ ਹਨ। ਜਾਣਕਾਰੀ ਦਾ ਕਹਿਣਾ ਹੈ ਕਿ ਜਦੋਂ ਤੱਕ ਪੀ. ਪੀ. ਸੀ. ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਅਤੇ ਮੈਂਬਰ ਸੈਕਟਰੀ ਲਵਨੀਤ ਦੂਬੇ ਇਸ ਦਿਸ਼ਾ 'ਚ ਸਿੱਧਾ ਦਖ਼ਤ ਨਹੀਂ ਦਿੰਦੇ, ਉਦੋਂ ਤੱਕ ਵਿਭਾਗ ਵਿਚ ਫੈਲਿਆ ਭ੍ਰਿਸ਼ਟਾਚਾਰ ਨਹੀਂ ਰੁਕੇਗਾ। ਲੋਕਾਂ ਨੇ ਮੰਗ ਕੀਤੀ ਹੈ ਕਿ ਜਾਂਚ ਨਿਰਪੱਖ ਤਰੀਕੇ ਨਾਲ ਕੀਤੀ ਜਾਵੇ ਅਤੇ ਦੋਸ਼ੀ ਚਾਹੇ ਕੋਈ ਵੀ ਹੋਵੇ, ਉਸ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਨਾਲ ਹੀ ਨਾਜਾਇਜ਼ ਯੂਨਿਟਾਂ ਨੂੰ ਬੰਦ ਕਰਵਾਉਣ ਲਈ ਸਾਂਝੀ ਮੁਹਿੰਮ ਚਲਾਈ ਜਾਵੇ, ਤਾਂ ਕਿ ਸ਼ਹਿਰ ਨੂੰ ਪ੍ਰਦੂਸ਼ਣ ਤੋਂ ਰਾਹਤ ਮਿਲ ਸਕੇ। ਇਸ ਸਬੰਧੀ ਜਦੋਂ ਪੀ. ਪੀ. ਸੀ. ਬੀ. ਦੇ ਚੀਫ ਇੰਜੀਨੀਅਰ ਆਰ. ਕੇ. ਰੱਤੜਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਜੋ ਹਦਾਇਤਾਂ ਆਹਲਾ ਅਧਿਕਾਰੀਆਂ ਵਲੋਂ ਮਿਲੀਆਂ ਹਨ, ਉਨ੍ਹਾਂ ਮੁਤਾਬਕ ਕਾਰਵਾਈ ਕੀਤੀ ਗਈ ਹੈ।

## ਟਰੱਕ ਦੀ ਟੱਕਰ ਨਾਲ ਤਿੰਨ ਕਿਸਾਨਾਂ ਦੀ ਮੌਤ, ਡਰਾਈਵਰ ਫਰਾਰ

ਛਿੰਦਵਾੜਾ 18 ਅਕਤੂਬਰ। ਮੱਧ ਪ੍ਰਦੇਸ਼ ਦੇ ਪੰਧੁਰਨਾ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਦੀ ਟੱਕਰ ਨਾਲ ਤਿੰਨ ਕਿਸਾਨਾਂ ਦੀ ਮੌਤ ਹੋ ਗਈ। ਇੱਕ ਪੁਲਸ ਅਧਿਕਾਰੀ ਨੇ ਵੀਰਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਬਰਚੀਚੋਲੀ ਪੁਲਸ ਸਟੇਸ਼ਨ ਦੇ ਇੰਚਾਰਜ ਸਬ-ਇੰਸਪੈਕਟਰ ਵਿਕਰਮ ਬਘੇਲ ਨੇ ਕਿਹਾ ਕਿ ਇਹ ਘਟਨਾ ਬੁੱਧਵਾਰ ਰਾਤ 11 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ, ਮ੍ਰਿਤਕਾਂ ਦੀ ਪਛਾਣ ਵਿਵੇਕ (36), ਸੰਦੀਪ ਪਟੇਲ (37) ਅਤੇ ਅਸ਼ੋਕ ਕਾਲੇ (65) ਵਜੋਂ ਹੋਈ ਹੈ, ਜੋ ਕਿ ਮਹਾਰਾਸ਼ਟਰ ਦੇ ਨਾਗਪੁਰ ਜ਼ਿਲ੍ਹੇ ਦੇ ਖੁਰਸਾਪਰ ਪਿੰਡ ਦੇ ਵਸਨੀਕ ਹਨ। ਉਹ ਆਪਣੇ ਟਰੈਕਟਰ ਦੀ ਮੁਰੰਮਤ ਕਰਵਾਉਣ ਅਤੇ ਖੇਤੀ ਸੰਦ ਖਰੀਦਣ ਲਈ ਪੰਧੁਰਨਾ ਆਏ ਸਨ। ਘਰ ਵਾਪਸ ਆਉਂਦੇ ਸਮੇਂ, ਇੱਕ ਤੇਜ਼ ਰਫ਼ਤਾਰ ਟਰੱਕ ਨੇ ਉਨ੍ਹਾਂ ਦੇ ਟਰੈਕਟਰ ਨੂੰ ਟੱਕਰ ਮਾਰ ਦਿੱਤੀ। ਬਘੇਲ ਨੇ ਕਿਹਾ, ਤਿੰਨਾਂ ਨੂੰ ਨਾਗਪੁਰ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜੋ ਕਿ ਹਾਦਸੇ ਵਾਲੀ ਥਾਂ ਦੇ ਨੇੜੇ ਸੀ, ਪਰ ਰਸਤੇ ਵਿੱਚ ਹੀ ਉਨ੍ਹਾਂ ਦੀ ਮੌਤ ਹੋ ਗਈ। ਮੌਕੇ ਤੋਂ ਭੱਜਣ ਵਾਲੇ ਟਰੱਕ ਡਰਾਈਵਰ ਨੂੰ ਫੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ।